ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥
(ਗੁਰੂ ਗ੍ਰੰਥ ਸਾਹਿਬ, ੩੯੧)

# ਦਸਮ ਗ੍ਰੰਥ ਦੀ ਅਸਲੀਯਤ

## (ਮੁਢਲਾ ਨਾਂ – ਬਚਿਤ੍ਰ ਨਾਟਕ ਗ੍ਰੰਥ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਧੁਰ ਕੀ ਬਾਣੀ ਤੋਂ ਸੇਧ ਲੈ ਕੇ
ਬਚਿਤ੍ਰ ਨਾਟਕ ਗ੍ਰੰਥ ਦੇ ਤਿੰਨ ਆਧਾਰ-ਗ੍ਰੰਥਾਂ
(੧) ਮਾਰਕੰਡੇਯ ਪੁਰਾਣ (ਦੇਵੀ ਪਾਰਵਤੀ, ਚੰਡੀ, ਦੁਰਗਾ, ਭਗਉਤੀ, ਸ਼ਿਵਾ, ਕਾਲਕਾ, ਕਾਲ...ਦਾ ਕਥਾ ਪੁਰਾਣ)
(੨) ਸ਼ਿਵ ਪੁਰਾਣ (ਦੇਵਤਾ ਸ਼ਿਵ, ਮਹਾਕਾਲ, ਸਰਬਕਾਲ, ਸਰਬਲੋਹ, ਖੜਗਕੇਤ, ਅਸਿਧੁਜ...ਦਾ ਕਥਾ ਪੁਰਾਣ)
(੩) ਸ੍ਰੀਮਦ ਭਾਗਵਤ ਪੁਰਾਣ (ਦੇਵਤਾ ਵਿਸ਼ਨੂ ਦੇ ਰਾਮ, ਕ੍ਰਿਸ਼ਨ, ਮਛ, ਕਛ..... ਅਵਤਾਰਾਂ ਦਾ ਕਥਾ ਪੁਰਾਣ)
ਨਾਲ ਕੀਤੀ ਬਚਿਤ੍ਰ ਨਾਟਕ ਗ੍ਰੰਥ ਦੀ ਤੁਲਨਾ ਦਾ ਸਿੱਟਾ

# Hard Facts about Dasam Granth

## (Original name : Bachitra Natak means Strange Drama, Granth)

**as compared with its three basic Brahminical Granths Markandey Puran, Shiv Puran & Srimad Bhagvat Puran AND compared with principles of Sri Guru Granth Sahib.**


- ਲੇਖਕ -

ਦਲਬੀਰ ਸਿੰਘ M.Sc.




ਅਰਧ-ਨਾਰੀਸ਼ਵਰ : ਸ਼ਿਵ ਸ਼ਕਤੀ (ਮਹਾਕਾਲ ਕਾਲਕਾ)
ਅਬ ਮੈ ਅਪਨੀ ਕਥਾ ਬਖਾਨੋ।।... ਮਹਾਕਾਲ ਕਾਲਕਾ ਅਰਾਧੀ।।
(ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਇਸ਼ਟ ਦਾ ਉਪਾਸਕ ਸਿੱਧ ਕੀਤਾ ਜਾਂਦਾ ਹੈ)




ਕਾਲ, ਕਾਲੀ, ਮਹਾਕਾਲੀ, ਸ਼ਿਵਾ, ਦੁਰਗਾ...
ਪੰਨਾ 99 : ਦੇਹਿ ਸ਼ਿਵਾ ਬਰ ਮੋਹਿ ਇਹੈ... ਵਾਲੀ ਪੰਕਤੀਆਂ ਦੀ ਇਸ਼ਟ ਦੇਵੀ
ਪੰਨਾ 809 : ਦੁਰਗਾ ਤੂ ਛਿਮਾ ਤੂ ਸ਼ਿਵਾ ਰੂਪ ਤੇਰੋ।। (ਚਰਿਤ੍ਰੋ-ਪਾਖਯਾਨ ਨੰ: 1)
ਪੰਨਾ 810 : ਮੁੰਡ ਕੀ ਮਾਲ ਦਿਸਾਨ ਕੇ ਅੰਬਰ...।। ਸੁ 'ਕਾਲ' ਸਦਾ ਪ੍ਰਤਿਪਾਲ ਤਿਹਾਰੋ।।

ੴ ਸਤਿਗੁਰ ਪ੍ਰਸਾਦਿ ॥

ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਣੀ ॥...
ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ ॥
ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ ॥
(ਗੁਰੂ ਗ੍ਰੰਥ ਸਾਹਿਬ, ਅੰਗ ੬੪੬)

# ਸਮਰਪਣ

ਉਨ੍ਹਾਂ ਮਰਜੀਵੜੇ ਸਚਿਆਰ ਗੁਰਸਿਖਾਂ ਨੂੰ ਜਿਨ੍ਹਾਂ ਨੇ
ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉੱਚੀ ਸੁੱਚੀ
ਧੁਰ ਕੀ ਬਾਣੀ ਨੂੰ ਅਖੰਡ ਭੈ-ਭਾਵਨੀ ਨਾਲ
ਸੁਣਿਆ
ਪੜ੍ਹਿਆ
ਸਮਝਿਆ
ਮੰਨਿਆ
ਗਾਵਿਆ
ਕਮਾਇਆ
ਸਮਝਾਇਆ
ਅਤੇ ਪ੍ਰਚਾਰਿਆ

# ਬਚਿਤ੍ਰ ਨਾਟਕ ਗ੍ਰੰਥ(ਮੁਢਲਾ ਨਾਂ),
# ਹੁਣ 'ਸ੍ਰੀ ਦਸਮ ਗ੍ਰੰਥ ਸਾਹਿਬ' ਤੋਂ
# ਸਾਵਧਾਨ ! ਖ਼ਬਰਦਾਰ !! ਹੋਸ਼ਿਆਰ !!!

## ਇਸ ਗ੍ਰੰਥ ਬਾਰੇ ਇਸ ਪੁਸਤਕ ਵਿਚ ਪੜ੍ਹੋ ਤੇ ਸਮਝੋ :

**(੧) ਇਸ਼ਟ ਦਾ ਸਰੂਪ : ੧ੴ, ਨਿਰਾਕਾਰ ਸਰਬ-ਵਿਆਪਕ ਸਰਬ-ਸਮਰਥ ਪਰਮਾਤਮਾ, ਦੀ ਬਜਾਏ ਦੇਵਤਾ ਸ਼ਿਵ ਅਤੇ ਦੇਵੀ ਪਾਰਵਤੀ ਦਾ ਭੂਤਾਂ-ਵਰਗਾ ਡਰਾਉਣਾ ਸਰੂਪ "ਮਹਾਕਾਲ - ਕਾਲਕਾ"**
**(੨) ਮੰਗਲਾਚਰਣ : ਦੇਵੀ ਦੁਰਗਾ ਜਾਂ ਮਹਾਕਾਲ ਬੋਧਕ, ਸ੍ਰੀ ਭਗੌਤੀ-ਏ-ਨਮਹ॥......ਸ੍ਰੀ ਭਗਉਤੀ ਜੀ ਸਹਾਇ ॥... ਸਰਬਲੋਹ ਕੀ ਰੱਛਾ ਹਮਨੈ ॥ ਸਰਬ ਕਾਲ ਕੀ ਸਦਾ ਰੱਛਾ ਹਮਨੈ ॥......**
**(੩) ਸੰਪੂਰਣ ਮੂਲ-ਮੰਤਰ : " ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥" ਇਸ ਕਵੀ-ਰਚਿਤ ਗ੍ਰੰਥ ਵਿਚ ਕਿਸੇ ਇਕ ਵੀ ਪੰਨੇ ਤੇ ਨਹੀ ਲਿਖਿਆ**
**(੪) ਬੇਨਤੀ ਚੌਪਈ : ਸ਼ਰੀਰਧਾਰੀ ਦੇਵਤਾ ਮਹਾਕਾਲ / ਸਰਬਕਾਲ ਅੱਗੇ ਕੀਤੀ ਗਈ ਕਵੀ ਦੀ ਬੇਨਤੀ**
**(੫) ਅਰਦਾਸ : ਦੇਵੀ ਦੁਰਗਾ ਅਥਵਾ ਭਗਉਤੀ ਅਤੇ ਦੇਵਤਾ ਮਹਾਕਾਲ ਦੇ ਅੱਗੇ ਕੀਤੀ ਗਈ**
**(੬) ਜਾਪ ਬਾਣੀ : ਸ਼ਿਵ ਸਹਸਤ੍ਰ-ਨਾਮਾ(ਸ਼ਿਵ ਪੁਰਾਣ) ਤੇ ਆਧਾਰਿਤ ਦੇਵਤਾ ਮਹਾਕਾਲ ਦੀ ਉਸਤਤਿ**
**(੭) ਵਰ ਮੰਗਣਾ : ਦੇਵੀ ਸ਼ਿਵਾ / ਦੁਰਗਾ / ਜਗਮਾਇ / ਪਾਸੋਂ ਸ਼ਯਾਮ ਕਵੀ ਨੇ ਵਰ ਮੰਗਿਆ**
**(੮) ਦੀਕਸ਼ਾ : ਭੰਗ ਤੇ ਸ਼ਰਾਬ ਪਿਲਾ ਕੇ ਛਲ-ਕਪਟ ਕਰਕੇ ਮਹਾਕਾਲ ਦਾ ਸਿਖ ਬਣਾਉਣਾ ; ਤਾਂ ਫਿਰ ਮਹਾਕਾਲ ਦਾ ਅਰਥ "ਵਾਹਿਗੁਰੂ" ਜਾਂ ਅਕਾਲ-ਪੁਰਖੁ ਨਹੀ ਹੋ ਸਕਦਾ ।**
**(੯) ਇਸਤ੍ਰੀ ਬਾਰੇ : ਕਰਤਾਰ ਇਸਤ੍ਰੀ ਨੂੰ ਸਾਜ ਕੇ ਪਛਤਾਇਆ; ਵਿਭਚਾਰਣ, ਕੁਲੱਛਣੀ,..ਲਿਖਿਆ**
**(੧੦) ਲਿਖਾਰੀ : ਅਨੇਕਾਂ ਥਾਂਈਂ ਗਪੋੜ ਤੇ ਗਲਤ-ਬਿਆਨੀਆਂ ਲਿਖਣ ਵਾਲੇ ਭੁਲਣਹਾਰ ਕਵਿ ਸਯਾਮ, ਕਵਿ ਰਾਮ, ਕਵਿ ਕਾਲ ਦੀ ਛਾਪ ਅਨੇਕਾਂ ਪੰਨਿਆਂ ਤੇ। ਨਾਨਕ ਪਦ ਕਿਤੇ ਨਹੀ ਲਿਖਿਆ । ਦਸਮ ਨਾਨਕ ਗੁਰੂ ਗੋਬਿੰਦ ਸਿੰਘ ਜੀ ਇਸ ਗ੍ਰੰਥ ਦੇ ਲਿਖਾਰੀ ਨਹੀ ।**
**(੧੧) ਪਾਤਸ਼ਾਹੀ ੧੦ : ਅਸਲ ਵਿਚ ਸ਼ਯਾਮ ਕਵੀ (ਪੰਨਾ ੧੫੫) ; ਸਿੱਖਾਂ ਨੂੰ ਧੋਖਾ ਦੇਣ ਲਈ ਵਿਰੋਧੀ-ਸ਼ਰਾਰਤੀਆਂ ਨੇ ਮਨ-ਮਰਜ਼ੀ ਨਾਲ ਪਾ: ੧੦ ਲਿਖ ਦਿੱਤਾ ਹੈ**
**(੧੨) ਬੋਲੀ / ਸ਼ੈਲੀ : ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਲਕੁਲ ਵਖ ; ਬ੍ਰਾਹਮਣੀ ਗ੍ਰੰਥਾਂ ਵਾਲੀ ਛੰਦਾ-ਬੰਦੀ**
**(੧੩) ਸ਼ਬਦਾਵਲੀ : ਅਨੇਕਾਂ ਥਾਂਈਂ ਅਸ਼ਲੀਲ, ਜੋ ਸੰਗਤ ਵਿਚ ਪੜ੍ਹੀ ਨਹੀ ਜਾ ਸਕਦੀ**
**(੧੪) ਆਧਾਰ ਗ੍ਰੰਥ : ਮਾਰਕੰਡੇਯ ਪੁਰਾਣ, ਸ਼ਿਵ ਪੁਰਾਣ , ਸ੍ਰੀਮਦ ਭਾਗਵਤ ਪੁਰਾਣ ਦੀਆਂ ਕਥਾ ਕਹਾਣੀਆਂ ਅਤੇ ਸਮਾਪਤੀ ਸੰਕੇਤਾਂ ਦੀ ਹੂ-ਬ-ਹੂ ਨਕਲ । ਇਹ ਧੁਰ ਕੀ ਇਲਾਹੀ-ਬਾਣੀ ਨਹੀ ।**
**(੧੫) ਸ੍ਰਿਸ਼ਟੀ ਰਚਨਾ : ਸ਼ਰੀਰਧਾਰੀ ਦੇਵਤੇ ਨੇ ਕੰਨਾਂ ਚੋਂ ਮੈਲ ਕੱਢ ਕੇ ਸ੍ਰਿਸ਼ਟੀ ਰਚੀ !?**
**(੧੬) ਇਤਿਹਾਸਕ ਭੁਲਾਂ : ਭਗਤ ਰਾਮਾਨੰਦ ਜੀ ਪਹਿਲੋਂ ਦੁਨੀਆਂ ਤੇ ਆਏ ਅਤੇ ਹਜ਼ਰਤ ਮੁਹੰਮਦ ਬਾਦ ਵਿਚ !... ਲੱਖਾਂ ਸਾਲ ਪਹਿਲੋਂ ਸਤਜੁਗ ਵਿਚ ਪਠਾਣ, ਮੁਗ਼ਲ ਅਤੇ ਸ਼ੇਖ਼ ਕਿਥੋਂ ਆਏ ?..**

**ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ-ਗ੍ਰੰਥ ਵਿਰੋਧੀਆਂ ਨੇ ਮਨੁਖਤਾ ਨੂੰ ਗੁਮਰਾਹ ਕਰਣ ਲਈ, ਗੁਰਸਿੱਖਾਂ ਨੂੰ ਭੰਬਲ-ਭੂਸੇ ਪਾ ਕੇ ਬੇਮੁਖ ਕਰਣ ਲਈ, ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਦੇਵੀ-ਪੂਜਕ ਦਰਸਾ ਕੇ ਬਦਨਾਮ ਕਰਣ ਲਈ, ਗੁਰੂ ਗ੍ਰੰਥ ਸਾਹਿਬ ਜੀ ਦੀ ਉੱਚੀ-ਸੁੱਚੀ ਵਿਚਾਰਧਾਰਾ ਨਾਲੋਂ ਤੋੜਨ ਲਈ ਖੜਾ ਕੀਤਾ ਹੈ ਇਹ ਨਾਪਾਕ ਅਖੌਤੀ ਦਸਮ ਗ੍ਰੰਥ । ਦੇਵੀ-ਦੇਵਤੇ ਪੂਜਕ, ਸ਼ਾਕਤ-ਮਤੀਏ, ਵਾਮ-ਮਾਰਗੀ ਤਾਂਤ੍ਰਿਕ, ਵਿਭਚਾਰੀ, ਭੰਗ-ਸ਼ਰਾਬ ਪੀਣ ਵਾਲੇ ਕਵੀ ਸ਼ਯਾਮ,ਕਵੀ ਰਾਮ... ਦਾ ਰਚਿਆ ਕੂੜ ਗ੍ਰੰਥ ਹੈ ਅਖੌਤੀ ਦਸਮ ਗ੍ਰੰਥ ।**

# ਮੁਖਬੰਦ

ਕਈ ਸਾਲ ਪਹਿਲਾਂ ਛਪੀ ਸ਼ਹੀਦ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੀ ਪੁਸਤਿਕਾ "ਹਲੂਣਾ" ਵਿਚ ਲਿਖਿਆ ਸੀ ਕਿ ਪਟਿਆਲਾ (ਪੰਜਾਬ) ਦੇ ਸ਼ੇਰਾਂਵਾਲਾ ਗੇਟ ਦੇ ਨੇੜੇ ਦੇਵੀ ਮੰਦਿਰ ਵਿਚ ਦੇਵੀ ਨੂੰ ਬਲਿ ਚੜਾਉਣ ਲਈ ਬਕਰੀਆਂ ਦੇ ਮੇਮਣੇ ਅਤੇ ਸ਼ਰਾਬ ਦੀ ਬੋਤਲ ਭੇਂਟ ਕਰਣ ਲਈ ਸਿਖੀ-ਸਰੂਪ ਵਾਲੇ ਵੀ ਕਤਾਰ ਵਿਚ ਖੜੇ ਸਨ।ਇਹ ਨਜ਼ਾਰਾ ਵੇਖ ਕੇ ਹਰ ਗੁਰਸਿਖ ਦੁਖੀ ਹੋਇਆ ਕਿਉਂਕਿ ਬਚਿੱਤ੍ਰ ਨਾਟਕ ਗ੍ਰੰਥ (ਉਰਫ ਦਸਮ ਗ੍ਰੰਥ) ਦੇ ਆਧਾਰ ਤੇ ਸਿੱਖ ਪਰਵਾਰਾਂ ਨੂੰ ਦੇਵੀ ਪੂਜਾ ਵੱਲ ਧੱਕਿਆ ਜਾ ਰਿਹਾ ਹੈ। ਕਹੇ-ਜਾਂਦੇ ਦਸਮ ਗ੍ਰੰਥ ਬਾਰੇ ਕੁਝ ਖੋਜ ਭਰਪੂਰ ਲੇਖ ਵੀ ਉਹਨਾਂ ਨੇ ਲਿਖੇ ਪਰ ਮੇਰੀ ਪੂਰੀ ਤਸੱਲੀ ਨਹੀ ਹੋਈ । ਗਿਆਨੀ ਭਾਗ ਸਿੰਘ ਜੀ ਨੂੰ ਵੀ ਅਰਦਾਸ, ਚੌਪਈ ਆਦਿਕ ਦੀ ਅਸਲੀਯਤ ਦਸਣ ਵਾਲੀ ਪੁਸਤਕ "ਦਸਮ ਗ੍ਰੰਥ ਨਿਰਣੈ" ਲਿਖਣ ਕਰਕੇ, ਬਿਨਾ ਕੋਈ ਦਲੀਲ ਜਾਂ ਸਫ਼ਾਈ ਸੁਣਿਆਂ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਧੂ ਸਿੰਘ ਭੌਰਾ ਜੀ ਨੇ ਪੰਥ 'ਚੋਂ ਛੇਕ ਦਿੱਤਾ ਸੀ । ਸਚ ਦੇ ਰਾਹ ਚਲਣ ਅਤੇ ਚਲਾਉਣ ਵਾਲਿਆਂ ਦੀ ਪੰਥ ਕਦਰ ਕਰਨੀ ਭੁੱਲ ਗਿਆ ਹੈ ।

ਡਾ: ਰਤਨ ਸਿੰਘ ਜੱਗੀ ਜੀ ਨੇ ਇਕ ਪੁਸਤਕ "ਦਸਮ ਗ੍ਰੰਥ ਦਾ ਕਰਤ੍ਰਿਤਵ" ਲਿਖੀ ਸੀ ਜਿਸਦਾ 'ਅੰਦਰਲੇ ਪ੍ਰਮਾਣ' ਵਾਲੇ ਲੇਖ ਤੋਂ ਇਹ ਲੇਖਕ ਬਹੁਤ ਪ੍ਰਭਾਵਤ ਹੋਇਆ । ਇਸੇ ਤੋਂ ਸੇਧ ਲੈਕੇ ਇਸ ਅਖੌਤੀ ਦਸਮ ਗ੍ਰੰਥ ਦੇ ਅੰਦਰਲੇ ਪ੍ਰਸੰਗਾਂ ਦਾ ਅਧਿਐਨ ਕਈ ਸਾਲ ਪਹਿਲਾਂ ਸ਼ੁਰੂ ਕੀਤਾ। ਮਹਾਨ ਕੋਸ਼ (ਭਾਈ ਕਾਨ੍ਹ ਸਿੰਘ), ਗੁਰੂ ਗ੍ਰੰਥ ਵਿਸ਼ਵ ਕੋਸ਼ ਅਤੇ ਪੰਜ ਭਾਗਾਂ ਵਿਚ ਟੀਕਾ ਦਸਮ ਗ੍ਰੰਥ (ਡਾ: ਰਤਨ ਸਿੰਘ ਜੱਗੀ) ਅਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਵੀ ਅਧਿਐਨ ਕੀਤਾ । ਡਾ: ਰਤਨ ਸਿੰਘ ਜੱਗੀ ਜੀ ਦੀ ਪੁਸਤਕ "ਗੁਰੂ ਨਾਨਕ ਵਿਚਾਰਧਾਰਾ" , ਪ੍ਰੋਫ਼ੈਸਰ ਡਾ: ਸਾਹਿਬ ਸਿੰਘ ਜੀ ਦਾ ਦਸ ਪੋਥੀਆਂ ਵਿਚ ਕੀਤਾ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਵੀ ਪੜ੍ਹਿਆ ਅਤੇ ਗੁਰਮਤਿ ਨੂੰ ਵਧ ਤੋਂ ਵਧ ਗਹਰਾਈ ਨਾਲ ਸਮਝਣ ਲਈ ਹੋਰ ਅਨੇਕਾਂ ਵਿਦਵਾਨਾਂ ਦੇ ਲੇਖ, ਪੁਸਤਕਾਂ ਪੜ੍ਹੀਆਂ, ਕਥਾ-ਵੀਚਾਰ ਵੀ ਸੁਣੇ। ਭਾਈ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੀਆਂ ਪੁਸਤਕਾਂ ਸਚ ਦਾ ਮਾਰਗ, ਬਚਿਤ੍ਰ ਨਾਟਕ ਆਦਿਕ ਵੀ ਗਹੁ ਨਾਲ ਪੜ੍ਹੀਆਂ । ਉੱਤਰੀ ਭਾਰਤ ਦੇ ਬਹੁਤ ਸਾਰੇ ਸ਼ਹਿਰਾਂ, ਚੰਡੀਗੜ, ਲੁਧਿਆਣਾ, ਰੋਪੜ, ਦਿੱਲੀ, ਕਾਨਪੁਰ, ਕੋਲਕਾਤਾ, ਨਾਗਪੁਰ, ਜਬਲਪੁਰ, ਮੁੰਬਈ, ਕੋਟਾ, ਜੈਪੁਰ, ਭਰਤਪੁਰ, ਆਗਰਾ ਆਦਿਕ ਦੇ ਵੱਡੇ ਗੁਰਦੁਆਰਿਆਂ ਵਿਚ ਗੁਰਪੁਰਬਾਂ ਸਮੇ ਗੁਰਬਾਨੀ-ਕਥਾ ਦੀ ਸੇਵਾ ਨਿਭਾਉਣ ਦਾ ਮੌਕਾ ਵੀ ਗੁਰੂ ਸਾਹਿਬ ਨੇ ਇਸ ਨਾਚੀਜ਼ ਨੂੰ ਬਖ਼ਸ਼ਿਆ । ਨਾਲ ਹੀ ਨਾਲ ਦਸਮ ਗ੍ਰੰਥ ਦੇ ਆਧਾਰ-ਗ੍ਰੰਥਾਂ ਮਾਰਕੰਡੇਯ ਪੁਰਾਣ, ਸ਼ਿਵ ਪੁਰਾਣ, ਸ੍ਰੀਮਦ ਭਾਗਵਤ ਪੁਰਾਣ, ਗੀਤਾ ਦਾ ਵੀ ਅਧਿਐਨ ਕੀਤਾ । ਸਕੂਲੀ ਪੜ੍ਹਾਈ ਦੌਰਾਨ ਪੜ੍ਹੀ ਸੰਸਕ੍ਰਿਤ ਇਨ੍ਹਾਂ ਬ੍ਰਾਹਮਣੀ-ਗ੍ਰੰਥਾਂ ਨੂੰ ਸਮਝਣ ਲਈ ਮਦਦਗਾਰ ਸਾਬਿਤ ਹੋਈ ।

ਰੋਜ਼ਾਨਾ ਸਪੋਕਸਮੈਨ ਦੀ ੫-੯-੨੦੦੭ (ਪੰਜ ਸਿਤੰਬਰ ੨੦੦੭) ਦੀ ਅਖਬਾਰ ਦੀ ਗੁਰੂ-ਨਿੰਦਕ ਖ਼ਬਰ "ਛੇਵਾਂ ਗੁਰੂ ਅਪਹਰਣ ਕਰਤਾ, ਨੌਵਾਂ ਲੁਟੇਰਾ, ਦਸਵਾਂ ਡਰਪੋਕ ਅਤੇ ਦੇਵੀ-ਭਗਤ" ਨੇ ਇਸ ਨਾਚੀਜ਼ ਨੂੰ ਝੰਜੋੜ ਦਿੱਤਾ ਅਤੇ ਇਹ ਪੁਸਤਕ ਲਿਖਣੀ ਸ਼ੁਰੂ ਕੀਤੀ । ਇਸੇ ਤਰ੍ਹਾਂ ਭਾਰਤ ਸਰਕਾਰ ਦੀ ਛਪੀ ਪੰਜਾਬੀ ਦੀ ਨੌਵੀਂ ਜਮਾਤ ਦੀ ਸਕੂਲੀ-ਪੁਸਤਕ "ਸਾਹਿਤ ਦੀਪਿਕਾ" ਵਿਚ ਦੁਰਗਾ-ਮਹਿਖਾਸੁਰ ਜੁਧ(ਵਾਰ ਸ੍ਰੀ ਭਗਉਤੀ ਵਿਚੋਂ ਕੁਝ ਪਉੜੀਆਂ) ਲੇਖ ਵਿਚ ਗੁਰੂ ਗੋਬਿੰਦ ਸਿੰਘ ਦੀ ਲਿਖਤ ਦਸਕੇ ਗੁਰੂ ਸਾਹਿਬ ਨੂੰ ਦੇਵੀ-ਪੂਜਕ ਸਿਧ ਕੀਤਾ ਜਾ ਰਿਹਾ ਹੈ । ਦੋ ਅਕਤੂਬਰ ੨੦੦੭ ਨੂੰ ਗੁਰਸ਼ਰਨ ਜੀਤ ਸਿੰਘ ਲਾਂਬਾ, ਐਡਵੋਕੇਟ ਨਾਲ ਦਿੱਲੀ ਵਿਚ (ਰਾਜੌਰੀ ਗਾਰਡਨ) ਦਸਮ ਗ੍ਰੰਥ ਬਾਰੇ ਚਰਚਾ ਹੋਈ । ਹੈਰਾਨੀ ਹੋਈ ਜਦ ਲਾਂਬਾ ਜੀ ਨੇ ਕਿਹਾ ਕਿ ਉਸਨੂੰ ਗੁਰਮਤਿ ਗਿਆਨ ਗੁਰੂ ਗ੍ਰੰਥ ਸਾਹਿਬ ਤੋਂ ਨਹੀਂ ਬਲਕਿ ਦਸਮ ਗ੍ਰੰਥ ਤੋਂ ਹੋਇਆ । ਇਸ ਲੇਖਕ ਨੇ ਦਸਮ ਗ੍ਰੰਥ, ਉਪਰ ਲਿਖੇ ਤਿੰਨੇ ਪੁਰਾਣ ਅਤੇ ਇਸ ਪੁਸਤਕ ਦੇ ਕੁਝ ਲੇਖਾਂ ਦੀਆਂ ਕਾਪੀਆਂ ਲਾਂਬਾ ਜੀ ਦੇ ਅੱਗੇ ਰਖ ਦਿੱਤੀਆਂ ਅਤੇ ਮੀਟਿੰਗ ਵਿਚ ਸ਼ਾਮਲ ਹੋਰ ਕਈ ਗੁਰਮੁਖਾਂ ਨੂੰ ਵੀ ਦਿੱਤੀਆਂ । ਦਸਮ ਗ੍ਰੰਥ ਵਿਚ ਇਸ਼ਟ ਦਾ

ਸਰੂਪ, ਲਿਖਾਰੀ ਕੌਣ ਆਦਿਕ ਬਾਰੇ ਸਪਸ਼ਟ ਕੀਤਾ ਅਤੇ ਦਸਿਆ ਕਿ ਲੇਖਕ ਨੇ ਹੁਣ ਦਸਮ ਗ੍ਰੰਥ ਦੀਆਂ ਰਚਨਾਵਾਂ ਦਾ ਪਾਠ ਕਰਣਾ ਛੱਡ ਦਿੱਤਾ ਹੈ, ਜੋ ਕਿ ਗੁਰਬਾਣੀ ਨਹੀ ਅਰਥਾਤ ਕੱਚੀ ਬਾਣੀ ਹਨ, ਕਿਉਂਕਿ ਜੁਗੋ ਜੁਗ ਅਟਲ ਸਤਿਗੁਰੂ ਗੁਰੂ-ਗ੍ਰੰਥ-ਸਾਹਿਬ-ਦਾ-ਹੁਕਮ ਹੈ "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥" ਲਾਂਬਾ ਜੀ ਮੋਜੂਦਾ ਸਮਝੌਤਾ-ਵਾਦੀ ਰਹਤ ਮਰਯਾਦਾ ਦਾ ਸ਼ੋਰ ਮਚਾਉਂਦੇ ਖਿਸਕ ਗਏ । ਇਕ ਪਾਸੇ ਸਵਾਮੀ ਰਾਮ ਤੀਰਥ ਦੰਡੀ ਸੰਨਿਆਸੀ "ਗੁਰੂ ਗ੍ਰੰਥ ਸਾਹਿਬ ਜੀ ਸਰਵੋਤਮ ਗ੍ਰੰਥ" ਲਿਖਕੇ ਅਤੇ ਸਾਰੇ ਵੇਦ, ਪੁਰਾਣ, ਸਿਮ੍ਰਤੀਆਂ ਆਦਿਕ ਪਾਸੇ ਕਰਕੇ ਸਿਖੀ ਧਾਰਨ ਕਰ ਗਏ ਪਰ ਅਫ਼ਸੋਸ! ਸਿਖ ਪਰਿਵਾਰ ਵਿਚ ਜਨਮੇ ਸਿਖੀ ਸਰੂਪ ਵਾਲੇ ਲਾਂਬਾ ਜੀ ਵਰਗੇ ਅਨੇਕਾਂ ਸਿਖ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਵੋਤਮ ਗ੍ਰੰਥ ਨਹੀ ਮੰਨ ਰਹੇ ਅਤੇ ਗੁਰੂ-ਨਿੰਦਕਾਂ ਦਾ ਸਾਥ ਦੇ ਰਹੇ ਹਨ।

ਜਥੇਦਾਰ ਅਕਾਲ ਤਖ਼ਤ ਸਾਹਿਬ ਜੀ ਨੂੰ ਇਹ ਲੇਖਕ ਹੁਣ ਤਕ ਤਿੰਨ ਚਿੱਠੀਆਂ, ਇਸ ਪੁਸਤਕ ਦੇ ਖ਼ਾਸ ਲੇਖਾਂ ਦੀਆਂ ਕਾਪੀਆਂ ਸਹਿਤ, ਭੇਜ ਚੁਕਾ ਹੈ ਜਿਸਦੀ ਨਕਲ ਪਾਠਕ ਇਸੇ ਪੁਸਤਕ ਵਿਚ ਪੜ੍ਹ ਸਕਦੇ ਹਨ ਪਰ ਅਜ ਤਕ ਕੋਈ ਜਵਾਬ ਨਹੀ ਆਇਆ । ਲੋੜ ਹੈ ਕਿ ਸਿਖ-ਕੌਮ ਨਾਲ ਸੰਬੰਧਿਤ ਸਾਰੇ ਗ੍ਰੰਥਾਂ ਦੀ , ਇਤਿਹਾਸ, ਰਹਤਨਾਮਿਆਂ ਆਦਿਕ ਦੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਸਵੱਟੀ ਤੇ ਪਰਖ ਕੇ ਡੂੰਘੀ ਪੜਚੋਲ ਕਰਕੇ ਸਿਖ ਪਨੀਰੀ ਨੂੰ ਸ਼ੁਧ ਗੁਰਮਤਿ ਵਿਚਾਰਧਾਰਾ ਦੇਣ ਦੀ ।

ਅਖੰਡ ਕੀਰਤਨੀ ਜੱਥੇ ਵਲੋਂ ੧੪ ਜਨਵਰੀ ੨੦੦੮ ਨੂੰ ਇਸ ਗ੍ਰੰਥ ਨੂੰ ਗੁਰੂ-ਕ੍ਰਿਤ ਮੰਨ ਕੇ ਚੁਨੌਤੀ ਦਿੱਤੀ ਗਈ ਹੈ । ਸਨਿਮਰ ਬੇਨਤੀ ਹੈ ਕਿ ਇਹ ਪੁਸਤਕ ਪੜ੍ਹ ਕੇ ਸੋਚ-ਵੀਚਾਰ ਕੇ ਲਿਖਤੀ ਉਤਰ ਦੇਣ ਦੀ ਕਿਰਪਾਲਤਾ ਕਰਣ ।

ਇਹ ਪੁਸਤਕ ਲਿਖਦਿਆਂ ਕੁਝ ਗੁਰਮੁਖ ਵਿਦਵਾਨਾਂ, ਡਾ: ਹਰਜਿੰਦਰ ਸਿੰਘ ਦਿਲਗੀਰ, ਭਾਈ ਰਜਿੰਦਰ ਸਿੰਘ ਚੰਡੀਗੜ, ਜਸਬਿੰਦਰ ਸਿੰਘ ਖਾਲਸਾ (ਡੁਬਈ ਵਾਲੇ) ਮੋਹਾਲੀ, ਤਰਸੇਮ ਸਿੰਘ ਚੈਅਰਮੈਨ ਧਰਮ ਪ੍ਰਚਾਰ ਕਮੇਟੀ (ਦਿੱਲੀ ਸਿਖ ਗੁਰਦਵਾਰਾ ਪ੍ਰਬੰਧਕ ਕਮੇਟੀ) ਡਾ: ਗੁਰਮੁਖ ਸਿੰਘ ਦਿੱਲੀ, ਰਾਜਪਾਲ ਸਿੰਘ ਦਿੱਲੀ, ਪ੍ਰੋਫ਼ੈਸਰ ਡਾ: ਹਰਬੰਸ ਸਿੰਘ, ਖਾਲਸਾ ਕਾਲਜ, ਦਿੱਲੀ, ਭਾਈ ਪ੍ਰੇਮ ਸਿੰਘ ਪਾਰਸ, ਦਿੱਲੀ, ਭਾਈ ਪ੍ਰਿਤਪਾਲ ਸਿੰਘ ਤੇ ਭਾਈ ਅਮਰਜੀਤ ਸਿੰਘ ਚੰਦੀ ਰੁਦ੍ਰਪੁਰ, ਭਾਈ ਉਂਕਾਰ ਸਿੰਘ ਜੱਮੂ, ਬੀਬੀ ਹਰਬੰਸ ਕੌਰ (ਦਸਮ ਗ੍ਰੰਥ ਵਿਚਾਰ ਮੰਚ, ਫ਼ਰੀਦਾਬਾਦ), ਭਾਈ ਗੁਰਚਰਨ ਸਿੰਘ ਜੀਉਣਵਾਲਾ ਕੈਨੇਡਾ, ਭਾਈ ਪ੍ਰਤਾਪ ਸਿੰਘ (ਲੀਮਾ, ਪੀਰੂ, ਦੱਖਣੀ ਅਮਰੀਕਾ) ਨੇ ਇਸ ਨਾਚੀਜ਼ ਦੀ ਹੋਸਲਾ-ਅਫ਼ਜ਼ਾਈ ਕੀਤੀ ਹੈ ; ਇਹ ਲੇਖਕ ਸਭਦਾ ਦਿਲੋਂ ਸ਼ੁਕਰ-ਗੁਜ਼ਾਰ ਹੈ ।

ਇਹ ਲੇਖਕ ਧਨਵਾਦੀ ਹੈ ਭਾਈ ਸਰਬਜੀਤ ਸਿੰਘ ਜੀ ਐਡੀਟਰ ਇੰਡੀਆ ਅਵੇਅਰਨੈਸ, ਦਿੱਲੀ ਦਾ, ਜਿਨ੍ਹਾਂ ਨੇ ਪੁਸਤਕ ਬਾਰੇ ਵਡਮੁਲੇ ਸੁਝਾਅ ਦੇ ਕੇ ਇਸ ਪੁਸਤਕ ਨੂੰ ਨਿਖਾਰ ਕੇ ਛਾਪਣ ਦੀ ਸੇਵਾ ਨਿਭਾਈ ।

ਸਭ ਤੋਂ ਵਧ ਅਤੇ ਬਾਰੰਬਾਰ ਧਨ੍ਵਾਦ ਦਸ ਗੁਰੂ ਸਾਹਿਬਾਨ ਜੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਜਿਨ੍ਹਾਂ ਨੇ ਇਸ ਨਾਚੀਜ਼ ਨੂੰ ਇਹ ਸਭ ਲਿਖਣ ਦਾ ਬਲ, ਬੁਧਿ ਅਤੇ ਸਮਰਥਾ ਬਖ਼ਸ਼ੀ ।
ਗੁਰੂ-ਪੰਥ ਵਿਚ ਏਕਤਾ ਅਤੇ ਚੜ੍ਹਦੀ-ਕਲਾ ਚਾਹੁਣ ਵਾਲਾ

ਗੁਰੂ-ਪੰਥ-ਸੇਵਕ
ਦਲਬੀਰ ਸਿੰਘ
ਦਿੱਲੀ,
੧ ਅਗਸਤ ੨੦੦੯.
(੧੭ ਸਾਵਣ, ਨਾਨਕਸ਼ਾਹੀ ਸੰਮਤ ੫੪੧)

ਸਰਬਕਾਲ (ਮਹਾਕਾਲ) ਹੈ ਪਿਤਾ ਅਪਾਰਾ॥ ਦੇਬਿ ਕਾਲਕਾ ਮਾਤ ਹਮਾਰਾ॥ ੧
ਮਹਾਕਾਲ ਕਾਲਕਾ ਆਰਾਧੀ ॥ (ਦਸਮ ਗ੍ਰੰਥ ਵਿਚ ਇਸ਼ਟ ਦਾ ਸਰੂਪ ; ਪੰਨਾ ੭੩)

## ਬਚਿਤ੍ਰ ਨਾਟਕ ਗ੍ਰੰਥ / ਅਖਉਤੀ

# ਦਸਮ ਗ੍ਰੰਥ ਦੀ ਅਸਲੀਅਤ

## ਤਤਕਰਾ

ਪੰਨਾ ਨੰ: ੧


(੧)......ਸਚੁ ਲਿਖਿ ਸਚਿ ਸਮਾਵਣਿਆ ॥ ....................................................੨
(੨) ....ਬਿਨੁ ਗੁਰ ਪੂਰੇ ਨਾਹੀ ਉਧਾਰੁ ॥ ....................................................੩
(੩) ....ਗੁਰਬਾਣੀ ਵੀਚਾਰਨ ਲਈ ਜ਼ਰੂਰੀ ਨੁਕਤੇ ....................................................੫
(੪).....ਬਚਿਤ੍ਰ ਨਾਟਕ ਗ੍ਰੰਥ/ਅਖਉਤੀ ਦਸਮ ਗ੍ਰੰਥ ਵਿਚ ਦਰਜ ਰਚਨਾਵਾਂ ਦਾ ਵੇਰਵਾ.............................੯
(੫).....ਅਖਉਤੀ ਦਸਮ ਗ੍ਰੰਥ ਦਾ ਰਚਨਹਾਰਾ ਕੌਣ ? .................................................... ੧੧
(੬).....ਅਖਉਤੀ ਦਸਮ ਗ੍ਰੰਥ ਦਾ ਲਿਖਾਰੀ ਭੁਲਣਹਾਰ.................................................... ੧੩
(੭) ....ਅਖਉਤੀ ਦਸਮ ਗ੍ਰੰਥ ਦੀ ਬ੍ਰਾਹਮਣੀ-ਗ੍ਰੰਥਾਂ ਨਾਲ ਤੁਲਨਾ.............................................. ੧੪
(੮) ....ਅਖਉਤੀ ਦਸਮ ਗ੍ਰੰਥ ਵਿਚ 'ਇਸ਼ਟ ਦਾ ਸਰੂਪ' ....................................................੨੦
(੯) ....ਬਚਿਤ੍ਰ ਨਾਟਕ ਗ੍ਰੰਥ / ਅਖਉਤੀ ਦਸਮ ਗ੍ਰੰਥ ਵਿਚ ਇਸਤ੍ਰੀ ਬਾਰੇ ਵਿਚਾਰ...............................੨੮
(੧੦) ..ਅਖਉਤੀ ਦਸਮ ਗ੍ਰੰਥ'ਚ ਲਿਖੀ ਅਸ਼ਲੀਲ ਸ਼ਬਦਾਵਲੀ ਦੇ ਕੁਝ ਅੰਸ਼.....................................੨੯
(੧੧)...ਜ਼ਫਰਨਾਮਹ ਅਤੇ ਹਿਕਾਇਤਾਂ....................................................੩੦
(੧੨) ..ਕਬਯੋ ਬਾਚ ਬੇਨਤੀ ॥ਚੌਪਈ॥.. ਇਹ ਬੇਨਤੀ ਕਿਸ ਦੇ ਅੱਗੇ ? ....................................੩੨
(੧੩) ..ਗੁਰਸਿਖ ਅਰਦਾਸ ਕਿਸ ਅੱਗੇ ਕਰੇ ? ਵਾਹਿਗੁਰੂ ਜਾਂ ਭਗਉਤੀ ਅੱਗੇ ? ..............................੩੭
(੧੪)...ਪੜਚੋਲ,ਸਿਖ ਰੀਵਿਊ ਵਿਚ ਛਪੇ ਲੇਖ, Did Guru ..worship Devi?.............................................੪੦
(੧੫)...ਦਸਮ ਗ੍ਰੰਥ ਜਾਂ ਮਹਾਕਾਲ-ਕਾਲਕਾ ਗ੍ਰੰਥ.................................................... ੪੨
(੧੬)........ਫਿਰਿ ਨ ਖਾਈ ਮਹਾਕਾਲ ॥ .................................................... ੪੪
(੧੭) ..ਕਬੀਰ ਮਾਰੀ ਮਰਉ ਕੁਸੰਗ ਕੀ...... .................................................... ੪੬
(੧੮) ..ਐਸਾ ਕੀਰਤਨ ...... ....................................................੪੮
(੧੯) ..ਗੁਰਸਿਖ ਦੀ ਪਛਾਣ....................................................੪੯
(੨੦) ..ਸ਼ਹਿਬਾਜ਼ ਖਾਲਸਾ ਵਲੋਂ ਪ੍ਰਚਾਰਤ ਕੁਝ ਭੁਲੇਖਾ-ਪਾਊ ਲੇਖਾਂ ਦੀ ਪੜਚੋਲ.................................੫੦
(੨੧) ..... ਦਸਮ ਗ੍ਰੰਥ ਬਾਰੇ ਤੱਥ ਅਤੇ ਸਵਾਲ (Facts & Questions) ........................................੫੫
(੨੨) ..ਝਗਰਾ ਏਕੁ ਨਿਬੇਰਹੁ ਰਾਮ ॥(ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਚਿੱਠੀ)...............................੫੯
(੨੩).... ਦਸਮ ਨਾਨਕ ਸਾਹਿਬ ਦਾ ਆਗਮਨ-ਪੁਰਬ.. ਸਿਖ ਸੰਗਤਾਂ/ਪ੍ਰਬੰਧਕਾਂ ਨੂੰ ਬੇਨਤੀ.......................੬੦
(੨੪) ..ਸਾਨੂੰ ਜੀਉਂਦਾ ਦਫ਼ਨਾਇਆ ਏ ਆਗੂਆਂ ਨੇ (ਕਵਿਤਾ, ਪ੍ਰੇਮ ਸਿੰਘ ਪਾਰਸ, ਦਿੱਲੀ)..................... ੬੧
(੨੫) ..ਦਸਮ ਗ੍ਰੰਥ ਦਾ ਆਧਾਰ ਤਿਆਰ ਕਰਦੇ ਬ੍ਰਾਹਮਣੀ ਗ੍ਰੰਥਾਂ ਦੀਆਂ ਪ੍ਰਤੀਆਂ ..........................੬੨-੭੬


## ਇਸ ਸ਼ਾਕਤ-ਮਤੀਏ-ਗ੍ਰੰਥ ਨੂੰ ਗੁਰੂ-ਲਿਖਤ ਮੰਨਣ ਦੇ ਖ਼ਤਰਨਾਕ ਨਤੀਜੇ :-

(੧) ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ (ਬਰਾਬਰ ਗੱਦੀ ਲਾਉਣ ਵਾਲਾ) ਮੰਨਣਾ,
(੨) ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਸਿਖਾਂ ਨੂੰ ਦੇਵੀ-ਦੇਵਤਿਆਂ ਦਾ ਪੁਜਾਰੀ / ਉਪਾਸ਼ਕ ਮੰਨਣਾ,
(੩) ਸਿਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਤੋਂ ਬੇਮੁਖ ਕਰਕੇ ਬ੍ਰਾਹਮਣੀ ਗ੍ਰੰਥਾਂ ਵਿਚ ਉਲਝਾਉਣਾ,
(੪) ਸਿਖਾਂ ਨੂੰ ਗੁਰਬਾਣੀ ਸਿਖਿਆ ਦੇ ਉਲਟ ਭੰਗ, ਸ਼ਰਾਬ, ਨਸ਼ੇ ਵਰਤਣ ਵਾਲਾ ਮੰਨਣਾ,
(੫) ਸਿਖ ਨੂੰ ਸਿਖੀ ਤੋਂ ਪਤਿਤ ਕਰਣ ਵਾਲੇ ਕਰਮ,ਪਰ-ਇਸਤ੍ਰੀ, ਪਰ-ਪੁਰਸ਼ ਸੰਗ ਕਰਣ ਵਾਲੇ ਮੰਨਣਾ
(੬) ਸਿਖ ਨੂੰ ਅਗਿਆਨਤਾ ਦੇ ਹਨੇਰੇ ਖੂਹ ਵਿਚ ਸੁੱਟ ਕੇ ਉਸਦਾ ਮਨੁੱਖਾ ਜਨਮ ਬੇਕਾਰ ਕਰਣਾ,
(੭) ਦਸ ਗੁਰੂ ਸਾਹਿਬਾਨ ਦੀ ੨੩੯ ਸਾਲ ਦੀ ਘਾਲਣਾ ਤੇ ਕੁਰਬਾਨੀਆਂ ਵਿਅਰਥ ਕਰਣੀਆਂ .........


Dalbir Singh, M.Sc., 31-D,Madan Park, Punjabi Bagh, New Delhi-110026 (India)
Phone::9899058458, e-mail : ds@dioptres.com

# ......... ਸਚੁ ਲਿਖਿ ਸਚਿ ਸਮਾਵਣਿਆ ॥ 

**ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥ ਦੂਜੈ ਭਾਇ ਸੁਖੁ ਪਾਏ ਨ ਕੋਈ ॥**
**ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥੬॥**
**ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥ ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥**
**ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ ॥੭॥ (ਗੁਰੂ ਗ੍ਰੰਥ ਸਾਹਿਬ,ਅੰਗ ੧੨੩)**

**ਹਰ ਲਿਖਾਰੀ ਨੂੰ ਗੁਰਮਤਿ** (ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਦਰਸਾਏ ਸਿਧਾਂਤ),ਗੁਰ-ਇਤਿਹਾਸ, ਸਿਖ-ਇਤਿਹਾਸ ਬਾਰੇ ਲਿਖਣ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ-ਵਿਚਾਰ ਕੇ ਸਚ ਹੀ ਲਿਖਣਾ ਚਾਹੀਦਾ ਹੈ । ਗੁਰੂ ਗ੍ਰੰਥ ਸਾਹਿਬ ਜੀ ਦੀ ਸਚੀ ਬਾਣੀ ਦੀਆਂ ਉਪਰ ਲਿਖੀਆਂ ਪੰਕਤੀਆਂ ਲਿਖਾਰੀਆਂ ਨੂੰ ਚੇਤਾਵਨੀ ਦਿੰਦੀਆਂ ਹਨ ਕਿ ਹੇ ਭਾਈ ! ਝੂਠ ਵਿਚ ਮਨ ਲਾਉਣ ਵਾਲੇ ਮਨਮੁਖ ਲੋਗ ਝੂਠ ਹੀ ਲਿਖਦੇ ਹਨ, ਝੂਠ ਹੀ ਕਮਾਉਂਦੇ ਹਨ ਅਰਥਾਤ ਝੂਠ ਤੇ ਆਧਾਰਿਤ ਜੀਵਨ ਜੀਉਂਦੇ ਹਨ। ਝੂਠ ਲਿਖ ਲਿਖ ਕੇ ਉਹਨਾਂ ਨੇ ਆਪਣੀ ਮੇਹਨਤ, ਕਾਗਜ਼, ਕਲਮ, ਸਿਆਹੀ ਜ਼ਾਇਆ ਹੀ ਕੀਤੀ ਹੈ । ਝੂਠ ਨਾਲ ਪਿਆਰ ਪਾਉਣ ਵਾਲੇ (ਈਰਖਾ ਅਤੇ ਤ੍ਰਿਸ਼ਨਾ ਦੀ) ਅੱਗ ਵਿਚ ਸੜਦੇ ਹਨ (ਭਾਵ, ਦੁਖੀ ਹੁੰਦੇ ਹਨ) ; ਸੁਖ ਨਹੀ ਪਾ ਸਕਦੇ ।੬।

**ਪਰ ਸਚੇ ਗੁਰੂ ਨਾਲ ਜੁੜੇ**, ਸਚੇ ਧਰਮ ਦੇ ਧਾਰਣੀ, ਗੁਰਮੁਖ ਜਨ ਨਿਰੋਲ ਸਚ ਤੇ ਆਧਾਰਿਤ ਵੀਚਾਰ ਹੀ ਲਿਖਦੇ ਹਨ । ਐਸੇ ਸਚੇ ਮਨੁਖ ਮੁਕਤੀ ਦਾ ਦਰਵਾਜਾ ਅਰਥਾਤ ਜੀਵਨ-ਮੁਕਤ ਦੀ ਅਵਸਥਾ ਪ੍ਰਾਪਤ ਕਰ ਲੈਂਦੇ ਹਨ । ਉਹਨਾਂ ਦੇ ਸਚ ਲਿਖਣ ਲਈ ਵਰਤੇ ਕਾਗਜ਼, ਕਲਮ ਤੇ ਸਿਆਹੀ ਅਮਰ ਹੋ ਜਾਂਦੇ ਹਨ ਅਤੇ ਸਚ ਲਿਖ ਕੇ ਉਹ ਮਨੁਖ ਸਚ (ਪਰਮਾਤਮਾ) ਵਿਚ ਲੀਨ ਹੋ ਜਾਂਦੇ ਹਨ ਅਰਥਾਤ ਆਪਣਾ ਜੀਵਨ ਸਫ਼ਲਾ ਕਰ ਜਾਂਦੇ ਹਨ ।੭।

**ਕੂੜ ਲਿਖਣ ਵਾਲੇ ਲਿਖਾਰੀ** ਈਰਖਾ,ਤ੍ਰਿਸ਼ਨਾ ਤੇ ਲਾਲਚ ਵਿਚ ਫਸ ਕੇ ਝੂਠ ਅਤੇ ਨਿੰਦਾ ਹੀ ਲਿਖਦੇ ਹਨ । ਗੈਰ-ਸਿਖ ਲਿਖਾਰੀ ਈਰਖਾ-ਵਸ ਗੁਰਮਤਿ ਸਿਧਾਂਤ, ਗੁਰ-ਇਤਿਹਾਸ, ਸਿਖ-ਇਤਿਹਾਸ ਵਿਗਾੜ ਕੇ ਗੁਰੂ-ਨਿੰਦਕ ਅਤੇ ਸਿਖ-ਨਿੰਦਕ ਲੇਖ ਲਿਖੀ ਜਾ ਰਹੇ ਹਨ। ਗੁਰਮਤਿ-ਵਿਰੋਧੀ-ਰਹਤਨਾਮਿਆਂ ਤੇ ਹੁਕਮ ਨਾਮਿਆਂ ਦੇ ਇਲਾਵਾ ਕੁਝ ਕੂੜ-ਗ੍ਰੰਥਾਂ ਦੀ ਸੂਚੀ ਹੇਠ ਲਿਖੀ ਹੈ :-

**(੧) ਜਨਮਸਾਖੀ (ਭਾਈ ਬਾਲੇ ਵਾਲੀ )** ਗੁਰੂ ਨਾਨਕ ਸਾਹਿਬ ਜੀ ਦੀ ਅਤੇ ਭਾਈ ਮਰਦਾਨਾ ਜੀ ਦੀ ਬਹੁਤ ਨਿੰਦਾ ਕਰਦੀ ਹੈ । ਇਸਦਾ ਪੂਰਾ ਵੇਰਵਾ ਜਾਣਨ ਲਈ ਭਾਈ ਕਰਮ ਸਿੰਘ (ਹਿਸਟੋਰੀਅਨ) ਦੀ ਲਿਖੀ ਪੁਸਤਕ 'ਕਤਕ ਕਿ ਵਿਸਾਖ' ਜ਼ਰੂਰ ਪੜ੍ਹਨੀ ਚਾਹੀਦੀ ਹੈ।ਸਿਰਫ਼ ਇਸੇ ਪੁਸਤਕ ਵਿਚ ਗੁਰੂ ਨਾਨਕ ਸਾਹਿਬ ਦਾ ਆਗਮਨ ਦਿਵਸ ਕਤਕ ਦੀ ਪੂਰਨਮਾਸ਼ੀ ਲਿਖਿਆ ਹੈ ਜੋ ਕਿ ਗਲਤ ਹੈ ਕਿਉਂਕਿ ਬਾਕੀ ਸਾਰੀਆਂ ਜਨਮਸਾਖੀਆਂ ਮੁਤਾਬਿਕ 'ਤਿੰਨ ਵਿਸਾਖ' (੧੫ ਅਪ੍ਰੈਲ) ਹੈ ।

(੨) **ਗੁਰਬਿਲਾਸ ਪਾ:੬** ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਿੰਦਾ ਕੀਤੀ ਗਈ ਹੈ ।

(੩) **ਸੂਰਜ ਪ੍ਰਕਾਸ਼ ਗ੍ਰੰਥ** ਵਿਚ ਕਵਿ ਸੰਤੋਖ ਸਿੰਘ ਨੇ ਕਈ ਥਾਂਈਂ ਗੁਰ-ਇਤਿਹਾਸ ਅਤੇ ਸਿਖ-ਸਿਧਾਂਤ ਗਲਤ ਬਿਆਨ ਕੀਤੇ ਹਨ । ਇਸ ਗ੍ਰੰਥ ਵਿਚੋਂ ਕਥਾ ਕਰਦਿਆਂ ਸੂਝਵਾਨ ਕਥਾਕਾਰ ਬਹੁਤ ਸਾਰੀਆਂ ਗੁਰੂ-ਨਿੰਦਕ ਪੰਕਤੀਆਂ ਛੱਡ ਦਿੰਦੇ ਹਨ ।

(੪) **ਬਚਿਤ੍ਰ ਨਾਟਕ ਗ੍ਰੰਥ ਜਿਸਨੂੰ 'ਦਸਮ ਗ੍ਰੰਥ' ਦਸ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ** ਦੇਵੀ-ਪੂਜਕ ਦਰਸਾ ਕੇ ਬਦਨਾਮ ਕੀਤਾ ਜਾ ਰਿਹਾ ਹੈ ਅਤੇ ਸਿਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਚੀ ਬਾਣੀ (ਗੁਰਮਤਿ) ਨਾਲੋਂ ਤੋੜ ਕੇ ਕਚੀ ਬਾਣੀ (ਮਨਮਤਿ) ਨਾਲ ਜੋੜਨ ਦੀ ਪੁਰਜ਼ੋਰ ਕੋਸ਼ਿਸ਼ ਹੈ । ਇਹ ਗ੍ਰੰਥ ਬ੍ਰਾਹਮਣੀ-ਗ੍ਰੰਥਾਂ ਤੇ ਆਧਾਰਿਤ ਦੇਵੀ-ਪੂਜਕ-ਸ਼ਾਕਤ-ਮਤੀਆਂ ਦਾ ਗ੍ਰੰਥ ਹੈ।

(੫) **ਸਰਬਲੋਹ ਗ੍ਰੰਥ :** ਇਹ ਗ੍ਰੰਥ ਵੀ ਉਪਰ ਲਿਖੇ ਬਚਿਤ੍ਰ ਨਾਟਕ ਗ੍ਰੰਥ ਵਾਂਙ ਦੇਵੀ-ਦੇਵਤਿਆਂ ਦੇ ਪੂਜਕਾਂ ਦਾ ਗ੍ਰੰਥ ਹੈ ।......

**ਸਿਖ ਕੌਮ ਦੀ ਬਦਕਿਸਮਤੀ** ਇਹ ਹੈ ਕਿ ਕੁਝ ਸਿਖੀ ਸਰੂਪ ਵਾਲੇ ਵਿਕਾਊ ਲਿਖਾਰੀ ਤ੍ਰਿਸ਼ਨਾ, ਲੋਭ,ਸੁਆਰਥ ਦੇ ਅਧੀਨ ਝੂਠ ਦੇ ਲਿਖਾਰੀਆਂ ਦਾ ਸਾਥ ਦੇ ਰਹੇ ਹਨ । ਬੜੇ ਦੁਖ ਦੀ ਗਲ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਹੋਰ ਧਾਰਮਕ ਸੰਸਥਾਵਾਂ ਦੇ ਆਗੂ ਇਹਨਾਂ ਝੂਠ ਦੇ ਲਿਖਾਰੀਆਂ ਦੇ ਖਿਲਾਫ਼ ਕੋਈ ਕਾਰਵਾਈ ਨਹੀ ਕਰ ਰਹੇ । **ਹਰ ਲਿਖਤ ਗੁਰੂ ਗ੍ਰੰਥ ਸਾਹਿਬ ਜੀ ਦੀ ਸਚੀ ਬਾਣੀ ਦੀ ਕਸਵਟੀ** ਤੇ ਪਰਖ ਕੇ ਹੀ ਪ੍ਰਚਾਰਨੀ ਚਾਹੀਦੀ ਹੈ । ਹਰ ਪ੍ਰਚਾਰਕ ਦਾ ਫ਼ਰਜ਼ ਹੈ ਕਿ ਕਿਸੇ ਲਿਖਤ ਦਾ ਹਵਾਲਾ ਦੇਣ ਤੋਂ ਪਹਿਲਾਂ ਚੰਗੀ ਤਰ੍ਹਾਂ ਘੋਖ ਪੜਤਾਲ ਕਰਕੇ ਨਿਰੋਲ ਸਚ ਦਾ ਪ੍ਰਚਾਰ ਕਰੇ । ਜੋ ਲਿਖਤ ਮਨ ਨੂੰ ਗੁਰਮਤਿ-ਵਿਰੁਧ ਲੱਗੇ, ਉਸ ਲਿਖਤ ਦਾ ਹਵਾਲਾ ਬਿਲਕੁਲ ਨ ਦਿਤਾ ਜਾਵੇ ; **ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥(ਮ: ੫,ਅੰਗ ੩੮੧)** **ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ-ਮਈ ਸਚੀ ਬਾਣੀ** ਨੂੰ ਸਮਝ-ਵੀਚਾਰ ਕੇ ਪੜ੍ਹਨ ਵਾਲੇ ਗੁਰਸਿਖ ਚੰਗੀ ਤਰ੍ਹਾਂ ਜਾਣਦੇ ਹਨ ਕਿ ਦਸ ਗੁਰੂ-ਸਾਹਿਬਾਨ ਕਥਨੀ ਅਤੇ ਕਰਣੀ ਦੇ ਸੂਰੇ ਸਨ ; ਧੁਰ ਕੀ ਬਾਣੀ ਨੂੰ ਪਹਿਲੋਂ ਆਪ ਕਮਾਇਆ ਅਤੇ ਫਿਰ ਉਸ ਬਾਣੀ ਅਨੁਸਾਰ ਉਪਦੇਸ਼ ਦਿਤਾ। ਗੁਰਬਾਣੀ ੧ਓਂ ਦਾ ਉਪਾਸਕ ਬਣਾਉਂਦੀ ਹੈ , ਨ ਕਿ ਕਿਸੇ ਦੇਵੀ-ਦੇਵਤੇ ਦਾ ਅਤੇ ਸ਼ਾਕਤ-ਮਤੀ ਵਿਕਾਰੀ-ਨਸ਼ਈ ਜੀਵਨ-ਜਾਚ ਤੋਂ ਹਟਾ ਕੇ ਸੰਤ-ਸਿਪਾਹੀ ਬਣਨ ਦਾ ਉਪਦੇਸ਼ ਦਿੰਦੀ ਹੈ । ਨਾਮ-ਧਰਮ ਦੇ ਧਾਰਣੀ ਬਣ ਕੇ ਜੀਵਨ-ਮੁਕਤ ਹੋਣ ਦਾ ਸੋਖਾ ਰਾਹ ਦਸਦੀ ਹੈ । ਸਿਖ ਰੋਜ਼ ਰਾਤ ਨੂੰ ਸੋਹਿਲਾ ਬਾਣੀ ਵਿਚ ਪੜ੍ਹਦੇ ਹਨ :

**ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥੧॥**
**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥(ਗੁਰੂ ਗ੍ਰੰਥ ਸਾਹਿਬ, ਅੰਗ ੧੨)**

ਅਰਥਾਤ, ਜੇ ਸਿਖ ਦੇ ਸਾਮ੍ਹਣੇ ਛੇ ਗ੍ਰੰਥ ਰਖ ਦਿੱਤੇ ਜਾਣ ਤਾਂ ਸੂਝਵਾਨ ਸਿਖ ਕਰਤੇ ਦੀ ਕੀਰਤਿ (ਨਾਮ) ਨਾਲ ਜੋੜਨ ਵਾਲੇ ਗ੍ਰੰਥ , ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜ ਕੇ ਬਾਕੀ ਸਾਰੇ ਗ੍ਰੰਥ ਤਿਆਗ ਦੇਣਗੇ । ਤਾਂ ਹੀ ਅਸੀ ਕੂੜ ਤੋਂ ਬਚ ਸਕਦੇ ਹਾਂ ।

**ਕੂੜ ਦੇ ਰਾਹ ਤੇ ਪਾਉਣ ਵਾਲਿਆਂ ਅਤੇ ਝੂਠ ਲਿਖਣ ਵਾਲਿਆਂ ਨੂੰ ਵਾਹਿਗੁਰੂ ਸੁਮਤਿ ਬਖ਼ਸ਼ੇ ।**

# ਬਿਨੁ ਗੁਰ ਪੂਰੇ ਨਾਹੀ ਉਧਾਰੁ॥(ਅੰਗ ੮੮੬)



**ਇਤਿਹਾਸ ਦਸਦਾ ਹੈ** ਕਿ ਗੁਰੂ ਗੋਬਿੰਦ ਸਿੰਘ ਜੀ ਸਨ ੧੭੦੮ ਵਿਚ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਕੇ ਜੋਤੀ ਜੋਤ ਸਮਾ ਗਏ । ਉਸ ਸਮੇਂ ਹੋਰ ਕੋਈ ਗੁਰੂ-ਲਿਖਤ ਗ੍ਰੰਥ ਮੋਜੂਦ ਨਹੀ ਸੀ । ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਦ ਸਿਖਾਂ ਉੱਤੇ ਹਕੂਮਤ ਨੇ ਬਹੁਤ ਜ਼ੁਲਮ ਢਾਏ । ਸਿਖ ਪਿੰਡਾਂ ਤੋਂ ਬਾਹਰ ਜੰਗਲਾਂ ਵਿਚ ਧਰਮ ਅਤੇ ਸਿਖੀ ਸਰੂਪ ਦੀ ਰਖਿਆ ਸਿਰ ਧੜ ਦੀ ਬਾਜ਼ੀ ਲਾ ਕੇ ਕਰ ਰਹੇ ਸਨ। ਉਸ ਸਮੇਂ ਗੁਰਦਵਾਰਿਆਂ ਦੀ ਸੇਵਾ-ਸੰਭਾਲ ਨਿਰਮਲਿਆਂ ਤੇ ਉਦਾਸੀ ਸਾਧੂਆਂ ਨੇ ਕੀਤੀ। ਨਿਰਮਲੇ ਵੈਦਿਕ (ਬ੍ਰਾਹਮਣੀ) ਗ੍ਰੰਥਾਂ ਦੇ ਅਨੁਯਾਈ ਸਨ ਅਤੇ ਉਦਾਸੀ ਬਾਬਾ ਸ੍ਰੀ ਚੰਦ (ਗੁਰੂ ਨਾਨਕ ਸਹਿਬ ਦੇ ਬਾਗ਼ੀ ਪੁਤਰ) ਦੇ ਚੇਲੇ ਸਨ ਅਤੇ ਜੋਗ-ਮਤ ਦੇ ਧਾਰਨੀ ਸਨ । ਇਹ ਸਿਖ ਨਹੀ ਸਨ, ਸਿੱਖੀ ਭੇਸ ਵਿਚ ਬ੍ਰਾਹਮਣ ਸਨ । ਇਨ੍ਹਾਂ ਨੇ ਗੁਰਦਵਾਰਿਆਂ ਵਿਚ ਗੁਰਮਤਿ-ਵਿਰੁਧ ਬ੍ਰਾਹਮਣੀ ਕੁਰੀਤੀਆਂ ਅਤੇ ਨਕਲੀ ਹੁਕਮਨਾਮੇ ਪ੍ਰਚਲਤ ਕੀਤੇ । ਇਨ੍ਹਾਂ ਦੀਆਂ ਲਿਖੀਆਂ ਅਨੇਕਾਂ ਗੁਰਮਤਿ-ਵਿਰੁਧ ਪੁਸਤਕਾਂ ਤੇ ਰਹਿਤਨਾਮੇ ੧੮ਵੀਂ ਤੇ ੧੯ਵੀਂ ਸਦੀ ਵਿਚ ਵਜੂਦ ਵਿਚ ਆਏ, ਜਿਹਨਾਂ ਨੂੰ ਪੁਰਾਤਨ-ਸਿਖ-ਇਤਿਹਾਸ (ਜਿਸਦੀ ਪੜਚੋਲ ਹਰ ਪੱਖੋਂ ਗੁਰਸਿਖ ਵਿਦਵਾਨ ਕਰਨ) ਕਿਹਾ ਜਾਂਦਾ ਹੈ । **ਜਿਸ ਗ੍ਰੰਥ ਨੂੰ ਅਜ ਦਸਮ ਗ੍ਰੰਥ** ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਸਨ ੧੭੨੫ ਦੇ ਕਰੀਬ ਵਜੂਦ ਵਿਚ ਆਇਆ । ਇਹ ਗ੍ਰੰਥ ਕੁਝ ਹੋਰ ਕਵੀ-ਰਚਨਾਂਵਾਂ ਅਤੇ ਬਚਿਤ੍ਰ ਨਾਟਕ ਗ੍ਰੰਥ (ਜੈਸਾ ਕਿ ਕਈ ਪ੍ਰਸੰਗਾਂ ਦੇ ਅੰਤ ਵਿਚ ਲਿਖੇ ਸਮਾਪਤੀ-ਸੰਕੇਤਾਂ ਤੋਂ ਸਿਧ ਹੁੰਦਾ ਹੈ) ਦੀਆਂ ਕੁਝ ਰਚਨਾਵਾਂ ਦਾ ਸੰਗ੍ਰਹ ਹੈ । ਪੁਰਾਤਨ ਹੱਥ ਲਿਖਤ ਬੀੜਾਂ ਵਿਚ ਇਸ ਗ੍ਰੰਥ ਦਾ ਕੋਈ ਨਾਮ ਨਹੀ, ਤਤਕਰੇ ਵਿਚ ਲਿਖਿਆ ਹੈ **"ਸੂਚੀ ਪਤ੍ਰੀ, ਬਚਿਤ੍ਰ ਨਾਟਕ ਗ੍ਰੰਥ ਜੀ ਕੀ"**। ਮੋਜੂਦਾ ਕਿਹਾ ਜਾਂਦਾ **ਦਸਮ ਗ੍ਰੰਥ (੧੪੨੮ ਪੰਨੇ)** ਚਾਰ ਅਪ੍ਰਮਾਣੀਕ ਪੋਥੀਆਂ (ਭਾਈ ਮਨੀ ਸਿੰਘ ਵਾਲੀ, ਪਟਨੇ ਵਾਲੀ, ਮੋਤੀ ਬਾਗ ਪਟਿਆਲੇ ਵਾਲੀ, ਸੰਗਰੂਰ ਵਾਲੀ),ਜਿਨ੍ਹਾਂ ਦੇ ਪਾਠਾਂ ਵਿਚ ਕਈ ਥਾਂਈਂ ਫ਼ਰਕ ਸਨ, **ਈਸਵੀ ਸਨ ੧੮੯੭ ਵਿਚ ਕਿਸੇ ਸੋਧਕ ਕਮੇਟੀ ਨੇ ਅਰਥ ਤੇ ਪਿਛੋਕੜ ਸਮਝੇ-ਵੀਚਾਰੇ ਬਗੈਰ ਸੋਧਿਆ** । ਸੋਧਿਆ ਕਿ ਵਿਗਾੜਿਆ ? ਸੋਧਣ ਵਾਲਿਆਂ ਨੇ ਇਸ ਗ੍ਰੰਥ ਦਾ ਨਾਂ ਲਿਖਿਆ ' ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' । ਗੁਰੂ-ਪਦ ਜੋੜਨ ਕਰਕੇ ਪੰਥ ਵਿਚ ਦੁਬਿਧਾ ਖੜੀ ਹੋ ਗਈ।**ਜੇ ਗੁਰਬਾਣੀ ਹੁੰਦੀ ਤਾਂ ਸੋਧਣ ਦੀ ਲੋੜ ਹੀ ਨਹੀ ਸੀ** । ਗੁਰੂ-ਰਚਿਤ ਹੈ ਕਿ ਨਹੀ, ਸ਼ੰਕਾ ਕੀਤੀ ਜਾਣ ਲਗੀ ; ਡਾ: ਰਤਨ ਸਿੰਘ ਜੱਗੀ ਦੀ ਪੁਸਤਕ 'ਦਸਮ ਗ੍ਰੰਥ ਦਾ ਕਰਤ੍ਰਿਤਵ'**(Authorship of Dasam Granth)** ਲਿਖੀ ਜਾਣੀ ਇਸ ਦੇ ਰਚਨਹਾਰੇ ਤੇ ਸਵਾਲਿਆ-ਨਿਸ਼ਾਨ ਲਾਉਂਦੀ ਹੈ ।

ਪੂਰੇ ਬਚਿਤ੍ਰ ਨਾਟਕ ਗ੍ਰੰਥ ਵਿਚ ਲਿਖਾਰੀ ਕਵੀਆਂ ਦੇ ਇਸ਼ਟ ਦਾ ਸਰੂਪ :-

**ਸਰਬਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ ॥ (ਪੰਨਾ ੭੩)**

**ਅਰਥਾਤ** ਦੇਵੀ-ਦੇਵਤੇ ਸਰਬਕਾਲ, ਮਹਾਕਾਲ, ਕਾਲ, ਕਾਲੀ, ਕਾਲਕਾ, ਦੁਰਗਾ, ਸ਼ਿਵਾ, ਚੰਡੀ ... ਉਭਰ ਕੇ ਆਏ ਹਨ। **ਪਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੂਲ-ਮੰਤਰ ਅਰਥਾਤ ਇਸ਼ਟ '੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥' ਅਖੌਤੀ ਦਸਮ ਗ੍ਰੰਥ ਵਿਚ ਕਿਸੇ ਪੰਨੇ ਤੇ ਨਹੀ ਲਿਖਿਆ । ਇਹ ਗ੍ਰੰਥ ਦੇਵੀ ਪੂਜਕ ਕਵੀਆਂ (ਕਵੀ ਸ਼ਯਾਮ, ਕਵੀ ਰਾਮ ......) ਨੇ ਤਿੰਨ ਬ੍ਰਾਹਮਣੀ-ਗ੍ਰੰਥਾਂ,(੧) ਮਾਰਕੰਡੇਯ ਪੁਰਾਣ, (੨) ਸ਼ਿਵ ਪੁਰਾਣ, (੩) ਸ੍ਰੀ ਮਦ ਭਾਗਵਤ ਪੁਰਾਣ (ਸੁਖ ਸਾਗਰ ਗ੍ਰੰਥ) ਦੇ ਅਨੇਕਾਂ ਪ੍ਰਸੰਗਾਂ ਦੀ ਹੂ-ਬ-ਹੂ ਨਕਲ ਮਾਰ ਕੇ ਲਿਖਿਆ ਗਿਆ ਹੈ ।** ਇਸੇ ਤਰ੍ਹਾਂ **ਸਰਬਲੋਹ ਗ੍ਰੰਥ** ਵੀ ੧੮-੧੯ਵੀਂ ਸਦੀ ਵਿਚ ਵਜੂਦ ਵਿਚ ਆਇਆ ਜਿਸਦੇ **'ਮੰਗਲਾਚਰਨ'** ਵਿਚ ਲਿਖਿਆ ਹੈ:-
**ਸ੍ਰੀ ਭਵਾਨੀ ਜੀ ਸਹਾਇ ॥ ਉਸਤਤਿ ਸ੍ਰੀ ਮਾਯਾ ਲਛਮੀ ਜੀ ਕੀ ॥**
ਅਰਥਾਤ, ਇਹ ਗ੍ਰੰਥ ਸਿੱਖਾਂ ਨੂੰ ਦੇਵੀ-ਦੇਵਤੇ-ਪੂਜਕ ਬਣਾਉਣ ਲਈ ਰਚੇ ਗਏ ਹਨ । ਇਹਨਾਂ ਗ੍ਰੰਥਾਂ ਦੀਆਂ ਕੁਝ ਰਚਨਾਵਾਂ ਕੀਰਤਨ-ਪੋਥੀਆਂ ਅਤੇ ਗੁਟਕਿਆਂ ਵਿਚ ਦਰਜ ਕਰ ਦਿਤੀਆਂ ਗਈਆਂ।**ਬਦਕਿਸਮਤੀ ਨਾਲ ਇਹਨਾਂ ਕੱਚੀਆਂ ਬਾਣੀਆਂ ਨੂੰ ਬਿਨਾ ਸਮਝੇ-ਵੀਚਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਬਾਣੀ ਦੇ ਤੁੱਲ ਸਮਝ ਕੇ ਪਾਠ-ਕੀਰਤਨ ਕੀਤਾ ਜਾਂਦਾ ਹੈ ।**

**ਬਚਿਤ੍ਰ ਨਾਟਕ ਗ੍ਰੰਥ**, ਜਿਸ ਦਾ ਕੋਈ ਨਾਂ ਹੱਥ-ਲਿਖਤ ਬੀੜਾਂ ਤੇ ਲਿਖਿਆ ਨਹੀ ਮਿਲਦਾ, ਇਸ ਸਮੇ **ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ** ਦੇ ਨਾਮ ਨਾਲ ਹਜ਼ੂਰ ਸਾਹਿਬ (ਨਾਂਦੇੜ) ਅਤੇ ਪਟਨਾ ਸਾਹਿਬ ਦੇ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕੀਤਾ ਜਾਂਦਾ ਹੈ ਜੋ ਕਿ ਦਸਮ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਪੰਥਕ ਮਰਯਾਦਾ ਦੇ ਉਲਟ ਹੈ । ਭੁੱਲੜ ਤੇ ਅੰਨ੍ਹੀ ਸ਼ਰਧਾ ਵਾਲੇ ਸਿਖ ਇਸ ਗ੍ਰੰਥ ਦੀਆਂ ਰਚਨਾਵਾਂ ਨੂੰ ਦਸਮ-ਨਾਨਕ-ਕ੍ਰਿਤ ਮੰਨ ਕੇ ਮੱਥਾ ਟੇਕਦੇ ਹਨ।ਸੂਝਵਾਨ ਗੁਰਸਿਖਾਂ ਨੇ **ਇਸ ਗ੍ਰੰਥ ਨਾਲ "ਗੁਰੂ" ਪਦ ਲਿਖੇ ਜਾਣ ਤੇ ਇਤਰਾਜ਼ ਕੀਤਾ** ਕਿਉਂਕਿ ਗੁਰਗੱਦੀ ਪੰਚਮ-ਨਾਨਕ ਸਾਹਿਬ ਦੇ ਰਚੇ ਆਦਿ ਗ੍ਰੰਥ (ਨੌਵੇਂ ਨਾਨਕ ਸਾਹਿਬ ਜੀ ਦੀ ਬਾਣੀ ਦਰਜ ਕਰਨ ਤੋਂ ਬਾਦ) ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ ਸੀ ਅਤੇ ਇਸੇ ਗ੍ਰੰਥ ਨੂੰ ਸਿਖ **ਗੁਰੂ ਗ੍ਰੰਥ ਸਾਹਿਬ** ਮੰਨ ਕੇ ਮੱਥਾ ਟੇਕਦੇ ਹਨ । ਹੁਣ ਬਚਿਤ੍ਰ ਨਾਟਕ ਗ੍ਰੰਥ ਨੂੰ ਕੇਵਲ ਸ੍ਰੀ **ਦਸਮ ਗ੍ਰੰਥ ਕਿਹਾ ਜਾਂਦਾ** ਹੈ। ਪਰ 'ਦਸਮ' ਪਦ ਵਰਤਣਾਂ ਵੀ ਭੁਲੇਖਾ-ਪਾਊ (confusing) ਹੈ। ਇਸ ਗ੍ਰੰਥ ਦੇ ਅੰਦਰਲੇ ਪ੍ਰਮਾਣਾਂ ਤੇ ਲਿਖਤਾਂ ਨੂੰ ਵੀਚਾਰਿਆਂ ਪਤਾ ਲਗਦਾ ਹੈ ਕਿ ਸਮੁਚੇ ਗ੍ਰੰਥ ਵਿਚ ਇਸ਼ਟ ਦਾ ਸਰੂਪ ਮਹਾਕਾਲ-ਕਾਲਕਾ ਨਾਮਕ ਦੇਵੀ-ਦੇਵਤਾ ਹਨ । ਤਾਂ ਤੇ **ਇਸ ਗ੍ਰੰਥ ਨੂੰ ਮਹਾਕਾਲ-ਕਾਲਕਾ-ਗ੍ਰੰਥ ਹੀ ਕਹਿਣਾ ਚਾਹੀਦਾ ਹੈ । ਯਕੀਨਨ ਇਹ ਇਸ਼ਟ ਦਸਮ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਾਂ ਗੁਰਸਿਖਾਂ ਦਾ ਹੋ ਨਹੀ ਸਕਦਾ।**

**ਇਸ ਸਮੇਂ ਗੁਰਸਿਖ ਵੀਚਾਰਵਾਨਾ** ਦੀ ਵਿਚਾਰ ਸਿਰਫ਼ ਅਖੌਤੀ ਦਸਮ ਗ੍ਰੰਥ ਤਕ ਹੀ ਸੀਮਿਤ ਨਹੀ ਰਖੀ ਜਾ ਸਕਦੀ । ਸਾਰੇ ਪੁਰਾਤਨ ਗ੍ਰੰਥ ਅਤੇ ਰਹਿਤਨਾਮੇ / ਹੁਕਮਨਾਮੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਸਵੱਟੀ ਤੇ ਪਰਖਣੇ ਜ਼ਰੂਰੀ ਹਨ। ਅਜ ਅਸੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਦੇਵੀ-ਦੇਵਤਿਆਂ ਦੀ ਉਸਤਤਿ ਕਰਣ ਵਾਲੀ ਆਰਤੀ ਤੇ ਹੋਰ ਰਚਨਾਵਾਂ ਦਾ ਪਾਠ-ਕੀਰਤਨ ਕਰੀ ਜਾ ਰਹੇ ਹਾਂ । ਅਫ਼ਸੋਸ ! ਹੁਣ ਅਸੀ ਕੇਸ-ਕਕਾਰ-ਧਾਰੀ-ਬ੍ਰਾਹਮਣ ਅਰਥਾਤ ਦੋ-ਗਲੇ ਸਿੱਖ ਬਣ ਗਏ ਹਾਂ ਤੇ ਬਣੀ ਜਾ ਰਹੇ ਹਾਂ । **ਅਸੀ ਭੁਲ ਗਏ ਹਾਂ ਜੁਗੋ ਜੁਗ ਅਟਲ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ :-**

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ (ਅੰਗ ੬੪੬)**

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥(੯੮੨)**

**ਅਜ ਤੋਂ ਤਕਰੀਬਨ ੩੦੦ ਸਾਲ ਪਹਿਲਾਂ ਦਸਵੇਂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤੀ ਸੀ।** ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਗੁਰੂ ਮੰਨਣ ਦਾ ਹੁਕਮ ਕੀਤਾ ਸੀ ਗੁਰੂ ਗ੍ਰੰਥ ਸਾਹਿਬ ਜੀ ਪੂਰਨ ਗੁਰੂ ਹਨ ਕਿਉਂਕਿ ਹਰ ਸ਼ੰਕਾ,ਭਰਮ ਦੂਰ ਕਰਕੇ ਸਾਡਾ ਲੋਕ ਪਰਲੋਕ ਸੁਹੇਲਾ ਕਰਨ ਹਿਤ ਸਹੀ ਅਤੇ ਸੌਖਾ (ਫੋਕਟ ਕਰਮ-ਕਾਂਡ ਰਹਿਤ) ਮਾਰਗ ਦਸਦੇ ਹਨ। ਹਰ **ਗੁਰਸਿੱਖ ਨੇ ਮੱਥਾ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਟੇਕਣਾ ਹੈ ; ਨਾ ਕਿ ਕਿਸੇ ਹੋਰ ਗ੍ਰੰਥ ਨੂੰ ਤੇ ਨਾ ਹੀ ਕਿਸੇ ਦੇਹਧਾਰੀ-ਗੁਰੂ ਨੂੰ** । ਜੇ ਕਿਸੇ ਹੋਰ ਗ੍ਰੰਥ ਨੂੰ ਮੱਥਾ ਟੇਕਾਂਗੇ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੁਕਮ ਦੀ ਉਲੰਘਣਾ ਹੋਵੇਗੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੈਠੇ ਗੁਰਬਾਣੀ-ਰੂਪ ੩੬ ਬ੍ਰਹਮਗਿਆਨੀ ਤੇ ਵਾਹਿਗੁਰੂ ਜੀ ਸਾਡੇ ਤੇ ਕਿਰਪਾ ਨਹੀ ਕਰਣਗੇ ਅਤੇ ਸਾਨੂੰ ਦੁਖ ਝੇਲਣੇ ਪੈਣਗੇ, ਸਾਡਾ ਮਨੁਖਾ ਜਨਮ ਬੇਕਾਰ ਚਲਾ ਜਾਵੇਗਾ ਕਿਉਂਕਿ ਕਿਸੇ ਹੋਰ ਗ੍ਰੰਥ ਨੂੰ ਮੱਥਾ ਟੇਕਿਆਂ ਅਸੀ ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ **ਵੇਮੁਖ** ਹੁੰਦੇ ਹਾਂ ।

**ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥(ਗੁਰੂ ਗ੍ਰੰਥ ਸਾਹਿਬ, ਅੰਗ ੯੨੦)**

**ਇਕੋ-ਇਕ ਪੂਰਨ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ** 'ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਅਰਥਾਤ,ਨਿਰਾਕਾਰ ਪਰਮਾਤਮਾ ਨਾਲ ਜੋੜਦੇ ਹਨ ; ਕਿਸੇ ਦੇਵੀ-ਦੇਵਤੇ ਨਾਲ ਨਹੀ । ਪੂਰਨ ਗੁਰੂ ਦਾ ਉਪਦੇਸ਼ ਇਕਸਾਰ ਨਿਯਮ, ਵੀਚਾਰਧਾਰਾ ਦ੍ਰਿੜ ਕਰਾਕੇ ਸਾਰੇ ਭਰਮ-ਗੜ ਤੋੜਦਾ ਹੈ। ਕੱਚੇ ਗੁਰੂ ਦੀ ਕੱਚੀ ਕੂੜੀ ਬਾਣੀ ਕੱਚੇ ਸਿਖ ਹੀ ਬਣਾਉਂਦੀ ਹੈ ।

ਗੁਰੂ ਧਾਰਨ ਕਰਣ ਲਗਿਆਂ ਚੇਤੇ ਰਖੀਏ ਕਿ ਸੱਚਾ ਗੁਰੂ ਆਪ ਮੋਹ-ਮਾਇਆ ਤੋਂ ਮੁਕਤ ਹੋਕੇ ਸਾਨੂੰ ਰਬ ਨਾਲ ਮੇਲਦਾ ਹੈ :-

**ਜੀਅ ਕੀ ਕੈ ਪਹਿ ਬਾਤ ਕਹਾ ॥ ਆਪਿ ਮੁਕਤੁ ਮੋਕਉ ਪ੍ਰਭੁ ਮੇਲੇ ਐਸੋ ਕਹਾ ਲਹਾ॥ (ਅੰਗ ੧੦੦੩)**

ਜਿਵੇਂ ਕੱਚੀ ਸਰਸੌਂ ਵਿਚੋਂ ਨ ਖੱਲ ਅਤੇ ਨ ਹੀ ਤੇਲ ਪ੍ਰਾਪਤ ਹੁੰਦਾ ਹੈ ਤਿਵੇਂ ਕੱਚੇ ਗੁਰੂ ਦੇ ਸਿਖ ਬਣਿਆਂ ਨ ਲੋਕ ਸੁਹੇਲਾ ਹੁੰਦਾ ਹੈ ਨ ਹੀ ਪਰਲੋਕ :- **ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ ॥**

**ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ ॥ (ਗੁਰੂ ਗ੍ਰੰਥ ਸਾਹਿਬ, ੧੩੭੭)**

**ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਸਾਏ ਸਬਦ-ਗੁਰੂ ਦੇ ਸਿਧਾਂਤ ਨੂੰ ਮੰਨਣ ਨਾਲ** ਅਤੇ ਬਾਣੀ ਦੀ ਗੁਰੂ-ਆਸ਼ੇ ਅਨੁਸਾਰ ਵੀਚਾਰ ਕੀਤਿਆਂ ਅਸੀ ਜਾਤ-ਪਾਤ, ਊਚ-ਨੀਚ ਦੀ ਵਰਣ ਵੰਡ, ਫੋਕਟ ਕਰਮਾਂ ਦੇ ਅਤੇ ਚੰਗੇ-ਮੰਦੇ ਦਿਹਾੜੇ ਦੇ ਭਰਮ-ਜਾਲ, ਦੇਵੀ ਦੇਵਤੇ, ਅਵਤਾਰ-ਵਾਦ, ਤੰਤ੍ਰ-ਮੰਤ੍ਰ, ਬੇਲੋੜੇ ਤੀਰਥ ਇਸ਼ਨਾਨਾ, ਸ਼ਗਨ-ਅਪਸ਼ਗਨ ਆਦਿਕ ਬ੍ਰਾਹਮਣੀ ਭਰਮਾਂ ਵਿਚੋਂ ਨਿਕਲ ਜਾਂਦੇ ਹਾਂ । ਅਸੀ ਮੂਲ-ਮੰਤਰ ਵਿਚ ਦਰਸਾਏ ਸਰਬ-ਵਿਆਪਕ, ਨਿਰਾਕਾਰ, ਕਰਤਾਰ, ਪਰਮ-ਦਯਾਲੂ, ਸਰਬ-ਸਮਰਥ ਤੇ ਬੇਅੰਤ ਗੁਣਾਂ ਵਾਲੇ ਪ੍ਰਭੂ ਦੀ ਪ੍ਰੇਮਾ-ਭਗਤੀ ਕਰਕੇ, ਸੱਚਾ ਨਾਮ-ਧਰਮ ਦ੍ਰਿੜ ਕਰਕੇ, ਗੁਰੂ ਦੀ ਕਿਰਪਾ ਸਦਕਾ, ਖ਼ਾਲਸਾ (ਸ਼ੁਧ ਮਨ ਵਾਲਾ) ਬਣ ਕੇ ਜੀਵਨ-ਮੁਕਤ (ਮਰਣ ਤੋਂ ਪਹਿਲਾਂ ਮੁਕਤ) ਹੋ ਸਕਦੇ ਹਾਂ :-

**ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥**
**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥ (ਗੁਰੂ ਗ੍ਰੰਥ ਸਾਹਿਬ,ਅੰਗ ੬੫੫)**

**ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥(ਵਾਰ ਆਸਾ, ਅੰਗ ੪੬੫)**

ਮਹਾਵਾਕ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਤੇ ਚਲਿਆਂ ਹੀ ਸਿਖ ਦਾ ਲੋਕ-ਪਰਲੋਕ ਸੁਹੇਲਾ ਹੋ ਸਕਦਾ ਹੈ । ਨਹੀ ਤਾਂ, ਸਾਡਾ ਹਸ਼ਰ ਇਹ ਹੋਵੇਗਾ ਕਿ,

**ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥(ਗੁਰੂ ਗ੍ਰੰਥ ਸਾਹਿਬ, ੩੦੬, ੩੧੭)**

**ਗੁਰਸਿਖੀ-ਰੂਪੀ-ਦਰਖ਼ਤ ਨੂੰ ਉਸਦੇ ਮੁੱਢ-ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ-ਬਾਣੀ ਨਾਲੋਂ ਬ੍ਰਾਹਮਣੀ-ਗ੍ਰੰਥਾਂ-ਰੂਪੀ-ਕੁਹਾੜੀਆਂ** ਨਾਲ ਕਟਿਆ ਜਾ ਰਿਹਾ ਹੈ ਤਾਂ ਜੁ ਸਿਖ-ਬੱਚੇ-ਬੱਚੀ-ਨੌਜਵਾਨ-ਬਿਰਧ-ਰੂਪੀ ਸਭ ਸਿਖ-ਟਹਿਣੀਆਂ ਸੁਕ ਜਾਣ ।

**ਆਸ ਹੈ ਕਿ ਸਿਖ ਕੌਮ ਖ਼ਬਰਦਾਰ ਤੇ ਹੋਸ਼ਿਆਰ ਹੋ ਕੇ ਗੁਰਮਤਿ ਤੇ ਪਹਿਰਾ ਦੇਵੇਗੀ ।ਮਨੁਖਾ ਜੀਵਨ ਸਕਾਰਥਾ ਤਾਂ ਹੀ ਹੋ ਸਕਦਾ ਹੈ ਜੇ ਸਿਖ ਇਕੋ-ਇਕ ਪੂਰਨ ਗੁਰੂ, ਗੁਰੂ ਗ੍ਰੰਥ ਸਾਹਿਬ, ਨਾਲ ਜੁੜੇ :**
**ਬਿਨੁ ਗੁਰ ਪੂਰੇ ਨਾਹੀ ਉਧਾਰੁ ॥ ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥ (ਗੁਰੂ ਗ੍ਰੰਥ ਸਾਹਿਬ,ਅੰਗ ੮੯੬)**

# ਗੁਰਬਾਣੀ ਵੀਚਾਰਨ ਲਈ ਜ਼ਰੂਰੀ ਨੁਕਤੇ 

## ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥(ਅੰਗ ੬੬੨)

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕਰਨਾ ਅਤੇ ਕੀਰਤਨ ਕਰਨਾ ਜਿਤਨਾ ਜ਼ਰੂਰੀ ਹੈ ਉਤਨਾ ਹੀ ਜ਼ਰੂਰੀ ਹੈ ਗੁਰਬਾਣੀ ਵੀਚਾਰਣਾ ਅਤੇ ਤਤ-ਉਪਦੇਸ਼ ਨੂੰ ਵਧ ਤੋਂ ਵਧ ਗਹਰਾਈ ਨਾਲ ਸਮਝਣਾ। ਯਥਾ ਗੁਰਵਾਕ :

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ ॥ (ਅੰਗ ੮੫੨)

ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥ (ਅੰਗ ੨੨੩) {ਸਬਦੁ ਗੁਰੂ ਜੀ ਦੀ ਅਸਲ ਸੇਵਾ ਇਉ ਕਰੀਏ}

ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥ (ਅੰਗ ੯੪੪) { ਸਬਦ ਵੀਚਾਰ ਰਾਹੀਂ ਪ੍ਰਾਪਤੀ }

ਮਹਾ ਅਨੰਦੁ ਗੁਰ ਸਬਦੁ ਵੀਚਾਰਿ ॥ ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ ॥ (ਅੰਗ ੩੭੦)

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥(ਅੰਗ ੫੯੪)

**ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥**
**ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥**
**ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਉ ਪ੍ਰੀਤਿ ਨ ਪਿਆਰੁ ॥**
**ਮਨਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ ॥(ਅੰਗ ੧੪੧੮)**

ਗੁਰਬਾਣੀ ਵੀਚਾਰ ਦਾ ਮੁਖ ਮੰਤਵ ਗੁਰਮਤਿ ਸਿਧਾਂਤ ਦ੍ਰਿੜ ਕਰਣਾ ਤੇ ਕਰਾਉਣਾ ਹੈ ਤਾਂ ਜੁ ਮਨੁਖ ਕੂੜ, ਭਰਮ ਅਤੇ ਵਿਕਾਰ ਤਿਆਗ ਕੇ ਸ੍ਰੇਸ਼ਟ ਧਰਮ (ਨਾਮ ਧਰਮ) ਦਾ ਧਾਰਣੀ ਬਣ ਕੇ ਗੁਰ-ਸ਼ਬਦ ਦੀ ਕਮਾਈ ਕਰਕੇ ਜੀਵਨ ਸਫ਼ਲਾ ਕਰ ਸਕੇ।

**ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥(ਅੰਗ ੧੯੬)**

ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਧੁਰ ਕੀ ਬਾਣੀ ਦਾ ਧਿਆਨ ਨਾਲ (ਸੁਰਤਿ ਜੋੜ ਕੇ) ਪਾਠ ਕੀਤਿਆਂ ਸ਼ਬਦ-ਗੁਰੂ, ਬਾਣੀ-ਗੁਰੂ ਜੀ ਗੁਰਬਾਣੀ ਨੂੰ ਸਮਝਣ-ਵੀਚਾਰਣ ਲਈ ਹੇਠ ਲਿਖੇ ਨੁਕਤੇ ਦ੍ਰਿੜ ਕਰਾਉਂਦੇ ਹਨ । ਇਹਨਾਂ ਨੁਕਤਿਆਂ ਵਿਚੋਂ ਲਾਗੂ ਹੋਣ ਵਾਲਾ ਇਕ ਵੀ ਨੁਕਤਾ ਨਜ਼ਰ-ਅੰਦਾਜ਼ ਕੀਤਿਆਂ ਬਾਣੀ ਦੇ ਅਰਥਾਂ ਦੇ ਅਨਰਥ ਹੋ ਸਕਦੇ ਹਨ, ਭਾਵ ਜੋ ਸਿਧਾਂਤ ਉਸ ਵੀਚਾਰ-ਅਧੀਨ ਸ਼ਬਦ ਵਿਚ ਦ੍ਰਿੜ ਕਰਾਇਆ ਗਿਆ ਹੈ ਉਸ ਸਿਧਾਂਤ ਤਕ ਪਹੁੰਚ ਨਹੀ ਸਕਾਂਗੇ, ਭਟਕ ਜਾਂਵਾਂਗੇ ।

(੧) ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਚਾਰਧਾਰਾ ਦੀ ਇਕਸਾਰਤਾ (Uniformity of thought) ਹੈ ਜੋ ਕਿ ਅਰਥ ਜਾਂ ਵੀਚਾਰ ਕਰਣ ਲਗਿਆਂ ਭੰਗ ਨਹੀ ਹੋਣੀ ਚਾਹੀਦੀ । ਗੁਰੂ ਅਰਜਨ ਸਾਹਿਬ ਜੀ ਨੇ ਆਦਿ ਬੀੜ ਵਿਚ ਬਾਣੀ ਲਿਖਵਾਉਣ ਸਮੇ ਕੁਝ ਭਗਤਾਂ (ਕ੍ਹਾਨਾ, ਪੀਲੂ, ਛਜੂ, ਸ਼ਾਹ ਹੁਸੈਨ ਆਦਿਕ) ਦੀਆਂ ਰਚਨਾਂਵਾਂ ਅੰਕਿਤ ਨਹੀ ਸਨ ਕੀਤੀਆਂ ਕਿਉਂਕਿ ਉਹਨਾਂ ਦੀ ਵਿਚਾਰਧਾਰਾ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਦਰਸਾਏ ਸਿਧਾਂਤਾਂ ਨਾਲ ਮੇਲ ਨਹੀ ਸੀ ਖਾਂਦੀ। ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀ-ਰੂਪ ਹੋ ਕੇ ਬੈਠੇ ੩੫ ਬ੍ਰਹਮ-ਗਿਆਨੀ ਇਕੋ ਸਚ (ਨਾਮ ਧਰਮ) ਨਾਲ ਜੁੜੇ ਹੋਏ ਅਲਗ ਅਲਗ ਵਿਚਾਰ ਨਹੀ ਦੇ ਸਕਦੇ ਕਿਉਂਕਿ ਸਚ ਹਮੇਸ਼ਾ ਇਕਸਾਰ ਰਹਿੰਦਾ ਹੈ, ਬਦਲਦਾ ਨਹੀ । ਇਹ ੩੬ ਮਹਾਪੁਰਖ ਨਿਰਾਕਾਰ ਪਰਮਾਤਮਾ ੧ਓ ਦੇ ਉਪਾਸ਼ਕ ਹਨ, ਬ੍ਰਾਹਮਣ-ਵਾਦੀ ਫੋਕਟ-ਕਰਮ ਤੇ ਵਰਣ-ਵੰਡ ਵਿਰੋਧੀ ਹਨ, ਨਸ਼ੇ ਅਤੇ ਭੇਖੀ-ਵਿਕਾਰੀ ਜੀਵਨ ਜੀਉਣ ਵਾਲਿਆਂ (ਸਾਕਤਮਤੀਏ, ਦੇਵੀ-ਪੂਜਕਾਂ) ਦੇ ਵਿਰੋਧੀ ਹਨ । ਚੇਤੇ ਰਖੀਏ ਇਹ ਗੁਰਵਾਕ,

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥(ਅੰਗ ੬੪੬)**

(੨) ॥ਰਹਾਉ॥ ਵਾਲੀ ਪੰਕਤੀ ਜਾਂ ਪੰਕਤੀਆਂ ਪੂਰੇ ਸ਼ਬਦ ਦਾ ਕੇਂਦਰੀ ਭਾਵ (Central idea) ਦਰਸਾਉਂਦੀਆਂ ਹਨ ਅਤੇ ਬਾਕੀ ਅੰਤਰੇ ਵਿਸਤਾਰ ਨਾਲ ਕੇਂਦਰੀ ਭਾਵ ਸਮਝਾਉਂਦੇ ਹਨ।ਇਸ ਲਈ ਜ਼ਰੂਰੀ ਹੈ ਕਿ ਰਹਾਉ ਵਾਲਾ ਬੰਦ ਸਭ ਤੋਂ ਪਹਿਲੋਂ ਸਮਝਿਆ ਤੇ ਵੀਚਾਰਿਆ ਜਾਵੇ। ਕੀਰਤਨੀਏ ਇਸ ਰਹਾਉ ਵਾਲੇ ਬੰਦ ਨੂੰ 'ਅਸਥਾਈ' ਕਰਕੇ ਗਾਇਨ ਕਰਨ ਤਾਂ ਹੀ ਉਸ ਸਬਦ ਵਿਚ ਦਰਸਾਇਆ ਗੁਰਮਤਿ ਸਿਧਾਂਤ ਦ੍ਰਿੜ ਹੋਵੇਗਾ। ਮਿਸਾਲ ਵਜੋਂ , ਹੇਠ ਲਿਖੇ ਸਬਦ ਨੂੰ ਵੀਚਾਰੀਏ :-

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥
ਮੁਲਾਂ ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ਰਹਾਉ॥
ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥
ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥੨॥
ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ ॥
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ ॥੩॥
ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ ॥
ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ ॥੪॥ (ਰਾਗ ਪ੍ਰਭਾਤੀ, ਅੰਗ ੧੩੫੦)

ਅਰਥ : ਹੇ ਮੁਲਾਂ ! ਤੂੰ ਰੱਬੀ ਇਨਸਾਫ਼ (ਜੋ ਕਿ ਨਿਰੋਲ ਸਚ ਤੇ ਆਧਾਰਿਤ ਹੈ) ਦੀ ਗਲ ਦਸ । ਤੇਰੇ ਮਨ ਦਾ ਇਕ ਭਰਮ ਤਾਂ ਦੂਰ ਹੋਇਆ ਹੀ ਨਹੀ (ਤਾਂ ਤੂੰ ਹੋਰਨਾਂ ਦਾ ਉਹ ਭਰਮ ਕਿਵੇਂ ਦੂਰ ਕਰੇਂਗਾ)।ਰਹਾਉ।

ਕਿਸੇ ਧਾਰਮਿਕ ਗ੍ਰੰਥ ਨੂੰ ਬਿਨਾ ਵੀਚਾਰੇ ਜੋ ਉਸ ਗ੍ਰੰਥ ਨੂੰ ਝੂਠਾ ਆਖਦਾ ਹੈ ਉਹ ਖ਼ੁਦ ਝੂਠਾ ਹੁੰਦਾ ਹੈ । ਉਂਜ ਤੂੰ ਕੁਰਾਨ ਵਿਚੋਂ ਪੜ ਕੇ ਕਹਿੰਦਾ ਹੈਂ ਕਿ ਖ਼ੁਦਾ ਸਭ ਵਿਚ ਵਸਦਾ ਹੈ ਪਰ **ਜਿਸ ਮੁਰਗੀ ਨੂੰ ਮਾਰ ਕੇ ਤੂੰ ਖ਼ੁਦਾ ਦੇ ਨਾਂ ਤੇ ਕੀਤੀ ਕੁਰਬਾਨੀ** ਆਖਦਾ ਹੈਂ ਉਸ ਮੁਰਗੀ ਵਿਚ ਵੀ ਖ਼ੁਦਾ ਵਸਦਾ ਸੀ ਤਾਂ ਦਸ ਤੂੰ ਕਿਉਂ ਉਸ ਮੁਰਗੀ (ਜਾਂ ਬਕਰਾ ਜਾਂ ਗਾਂ) ਨੂੰ ਮਾਰਦਾ ਹੈਂ ॥੧॥

ਤੂੰ ਕਿਸੇ ਜੀਵ (ਮੁਰਗੀ,ਗਾਂ,ਬਕਰਾ) ਪਕੜ ਕੇ ਲੈ ਆਂਦਾ, ਉਸ ਦੀ ਗਰਦਨ ਤੇ ਛੁਰੀ ਚਲਾ ਕੇ ਮਾਰ ਦਿੱਤਾ, ਮਿੱਟੀ ਹੋ ਗਏ ਮੁਰਦੇ ਤੇ ਤੂੰ ਬਿਸਮਿੱਲਾ ਆਖ ਕੇ ਕਲਮਾਂ ਪੜ੍ਹੀਆਂ।ਉਸ ਜੀਵ ਵਿਚ ਵਸਦਾ ਖ਼ੁਦਾ ਦਾ ਨੂਰ (ਆਤਮਾ) ਖ਼ੁਦਾ (ਪਰਮਾਤਮਾ) ਵਿਚ ਜਾ ਪਹੁੰਚਿਆ ਤਾਂ ਦਸ, ਹੇ ਮੁਲਾਂ! ਤੂੰ ਹਲਾਲ (ਜਾਇਜ਼ ਕਰਮ, ਪੁੰਨ ਕਰਮ) ਕੇਹੜਾ ਕੀਤਾ ? ॥੨॥

ਕੀ ਹੋਇਆ ਜੇ ਤੂੰ ਹਥ, ਪੈਰ, ਮੂੰਹ ਧੋ ਕੇ (ਸ਼ਰੀਰਕ ਸੁਚ ਕਰਕੇ) ਮਸੀਤ ਵਿਚ ਸਿਰ ਝੁਕਾਇਆ। ਜੇ ਦਿਲ ਵਿਚ ਫ਼ਰੇਬ ਹੋਵੇ ਤਾਂ ਕੋਈ ਫ਼ਾਇਦਾ ਨਹੀ ਨਮਾਜ਼ ਪੜ੍ਹਨ ਦਾ ਅਤੇ ਹੱਜ ਕਰਨ ਮੱਕਾ, ਕਾਬਾ (ਧਾਰਮਕ ਸਥਾਨ ਤੇ) ਜਾਣ ਦਾ ॥੩॥

ਜਾਨਵਰ ਦੀ ਕੁਰਬਾਨੀ ਅਤੇ ਫ਼ਰੇਬੀ ਦਿਲ ਨਾਲ ਨਮਾਜ਼ ਅਦਾ ਕੀਤਿਆਂ, ਹੇ ਮੁਲਾਂ! ਤੂੰ ਮਨ ਕਰਕੇ ਮੈਲਾ ਹੀ ਰਿਹਾ ਕਿਉਂਕਿ ਤੈਨੂੰ ਪਾਕ (ਪਵਿਤਰ ਖ਼ੁਦਾ) ਦੀ ਅਸਲੀਅਤ ਦੀ ਸੂਝ ਨਹੀ ਸੀ ਨ ਹੀ ਕੁਰਾਨ ਪੜ੍ਹ ਕੇ ਰੱਬੀ-ਭੇਦ ਜਾਣ ਸਕਿਆ । ਇਸ ਲਈ ਹੇ ਕਬੀਰ! ਕਹ ਦੇ ਮੁਲਾਂ ਨੂੰ ਕਿ ਤੈਨੂੰ ਜਾਨਵਰ ਦੀ ਕੁਰਬਾਨੀ ਦੇਣ ਨਾਲ, ਫ਼ਰੇਬੀ ਦਿਲ ਨਾਲ ਨਮਾਜ਼ ਵਗ਼ੈਰਾ ਅਦਾ ਕਰਣ ਨਾਲ ਬਹਿਸ਼ਤ (Heaven) ਨਹੀ ਮਿਲਣੀ, ਤੇਰਾ ਮਨ ਦੋਜ਼ਕ (Hell) ਦੀ ਅੱਗ ਵਿਚ ਸੜਨ ਜੋਗਾ ਹੀ ਰਹਿ ਗਿਆ ਹੈ ॥੪॥

**ਕੁਝ ਕੀਰਤਨੀਏ ਅੱਧੀ ਪੰਕਤੀ 'ਤਉ ਕਿਉ ਮੁਰਗੀ ਮਾਰੈ॥'** ਅਸਥਾਈ ਕਰਕੇ ਗਾਇਨ ਕਰਦੇ ਹਨ ਅਤੇ ਇਸ ਸਬਦ ਨੂੰ ਮਾਸ-ਵਿਰੋਧੀ ਦਸਦੇ ਹਨ । ਪਰ ਇਸ ਸਬਦ ਵਿਚ ਕਬੀਰ ਸਾਹਿਬ ਮੁਲਾਂ ਜੀ ਦਾ ਇਕੋ ਇਕ ਭਰਮ **'ਤੇਰੇ ਮਨ ਕਾ ਭਰਮੁ'** ਦੂਰ ਕਰਨਾ ਚਾਹੁੰਦੇ ਹਨ ਅਤੇ ਉਹ ਭਰਮ ਹੈ **'ਜਾਨਵਰ ਦੀ ਕੁਰਬਾਨੀ ਦੇ ਕੇ ਖੁਦਾ ਦੀ ਬਖ਼ਸ਼ਿਸ ਹਾਸਲ ਕਰਨਾ'** ਅਤੇ ਇਹ ਨੁਕਤਾ ਦੂਜੇ ਅੰਤਰੇ ਨੂੰ ਵੀਚਾਰਿਆਂ ਸਪਸ਼ਟ ਹੋ ਜਾਂਦਾ ਹੈ । ਨੋਟ ਕੀਤਾ ਜਾਵੇ 'ਮਨ ਕਾ ਭਰਮੁ' ਲਿਖਿਆ ਹੈ ਨਾ ਕਿ 'ਮਨ ਕੇ ਭਰਮ' (ਭਰਮੁ = ਇਕ ਵਚਨ, ਭਰਮ = ਬਹੁਵਚਨ)। ੧ੴ ਦੀ ਬਖ਼ਸ਼ਿਸ਼ **'ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰਪਰਸਾਦਿ ਨਿਰੰਜਨੁ ਪਾਵਉ ॥(ਅੰਗ ੫੨੫)**, ਆਪਾ ਕੁਰਬਾਨ ਕੀਤਿਆਂ ਹੋ ਸਕਦੀ ਹੈ, ਨ ਕਿ ਜਾਨਵਰ ਕੁਰਬਾਨ ਕੀਤਿਆਂ ।

**(੩) ਗੁਰਬਾਣੀ ਵਿਆਕਰਣ :-** ਹਰ ਸਾਹਿਤਕ ਬੋਲੀ ਦੇ ਅਲਗ ਵਿਆਕਰਣਕ-ਨਿਯਮ ਹੁੰਦੇ ਹਨ । ਗੁਰਬਾਣੀ-ਵਿਆਕਰਣ ਦੇ ਨਿਯਮ ਸਮਝ ਕੇ ਅਰਥ ਕੀਤਿਆਂ ਕੋਈ ਭਰਮ-ਭੁਲੇਖਾ ਨਹੀ ਰਹਿੰਦਾ ।ਉਪਰ ਲਿਖੇ ਸਬਦ ਵਿਚ 'ਮਨ ਕਾ ਭਰਮੁ' ਦੀਆਂ ਲਗਾਂ-ਮਾਤਰਾ ਦੀ ਅਹਿਮੀਯਤ ਨਜ਼ਰ-ਅੰਦਾਜ਼ ਕਰਣ ਨਾਲ ਅਸਲ ਸਿਧਾਂਤ ਪਾਸੇ ਰਹਿ ਗਿਆ । ਲਗਾਂ-ਮਾਤਰਾ ਦਾ ਸੰਬੰਧ ਗੁਰਬਾਣੀ ਵਿਆਕਰਣ ਨਾਲ ਹੈ। ਹੇਠ ਲਿਖੀਆਂ ਪੰਕਤੀਆਂ ਵਿਚ ਘਰ ਅਤੇ ਗੁਰ ਅਖਰਾਂ ਤੇ ਧਿਆਨ ਦੇਣਾ :

**ਛਿਅ ਘਰ ਛਿਅ ਗੁਰ ਛਿਅ ਉਪਦੇਸ॥ ਗੁਰੁ ਗੁਰੁ ਏਕੋ ਵੇਸ ਅਨੇਕ ॥੧॥**

**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ॥੧॥ਰਹਾਉ॥** (ਅੰਗ ੧੨)

ਪਦ ਅਰਥ :- ਛਿਅ ਘਰ= ਛੇ ਉਪਨਿਸ਼ਦ (ਘਰ ਬਹੁਵਚਨ) । ਜੈ ਘਰਿ = ਜਿਸ ਗ੍ਰੰਥ ਰਾਹੀਂ , ਜਿਸ ਗ੍ਰੰਥ ਵਿਚ। ਘਰੁ = ਇਕ ਗ੍ਰੰਥ ( ਮਾਤਰਾ ੁ ਇਕ ਵਚਨ) । ਗੁਰੁ = ਇਕ ਗੁਰੂ । ਗੁਰੁ ਗੁਰੁ = ਇਕੋ ਇਕ ਗੁਰੂ ।

ਅਰਥ : ਹੇ ਭਾਈ ! ਜਿਸ ਗ੍ਰੰਥ ਵਿਚ ਕਰਤੇ, ੧ੴ ਨਿਰਾਕਾਰ ਪਰਮਾਤਮਾ, ਦੀ ਸਿਫ਼ਤ-ਸਾਲਾਹ ਕਰਨ ਦਾ ਉਪਦੇਸ਼ ਲਿਖਿਆ ਹੈ, ਉਸ ਇਕੋ ਇਕ ਗ੍ਰੰਥ ਨੂੰ ਰਖ ਲੈ, ਬਾਕੀ ਸਾਰੇ ਤਿਆਗ ਦੇ, ਤੇਰੀ ਸਿਆਣਪ ਜਾਂ ਵਡਿਆਈ ਇਸੇ ਵਿਚ ਹੈ ॥

**ਤਾਂ ਤੇ ਸਿਖ ਕੌਮ ਨੂੰ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਨਾਲ ਹੀ ਜੁੜਨਾ ਚਾਹੀਦਾ ਹੈ ਕਿਉਂਕਿ ਇਹੀ ਗ੍ਰੰਥ ਕਰਤੇ ਦੀ ਕੀਰਤੀ ਨਾਲ ਜੋੜਦਾ ਹੈ ; ਬਾਕੀ ਗ੍ਰੰਥ, ਦਸਮ ਗ੍ਰੰਥ - ਸਰਬਲੋਹ ਗ੍ਰੰਥ - ਜਨਮਸਾਖੀ ਭਾਈ ਬਾਲੇ ਵਾਲੀ - ਗੁਰਬਿਲਾਸ ਪਾਤਸ਼ਾਹੀ ਛੇਂਵੀ - ਰਹਿਤਨਾਮੇ ਆਦਿਕ, ਜੋ ਕਿ ਅਵਤਾਰ-ਵਾਦੀ, ਗੁਰਮਤਿ-ਵਿਰੋਧੀ ਜਾਂ ਗੁਰੂ-ਨਿੰਦਕ ਹਨ, ਤਿਆਗਣ ਜੋਗ ਹਨ।**

ਹੋਰ ਪ੍ਰਮਾਣ :

**ਆਹਰ ਸਭਿ ਕਰਦਾ ਫਿਰੇ ਆਹਰੁ ਇਕੁ ਨ ਹੋਇ॥ ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥(ਅੰਗ ੯੬੫)**

(ਆਹਰ = ਰ ਮੁਕਤਾ, ਬਹੁ-ਵਚਨ, ਸਾਰੇ ਆਹਰ। ਆਹਰੁ = ਇਕ ਵਚਨ, ਇਕ ਆਹਰ। ਆਹਰਿ = ਆਹਰ ਵਿਚ ।)

ਅਰਥ :- ਮਨੁਖ ਲੋਕ ਸੁਹੇਲਾ ਕਰਨ ਲਈ ਸਾਰੇ ਆਹਰ, ਕੰਮ, ਕਰਦਾ ਹੈ ਪਰ ਪਰਲੋਕ ਸੁਹੇਲਾ ਕਰਨ ਲਈ ਇਕ ਵੀ ਉੱਦਮ ਨਹੀ ਕਰਦਾ। ਕੋਈ ਵਿਰਲਾ ਹੀ ਹੈ ਜੋ ਸਮਝਦਾ ਹੈ ਕਿ ਜਗ ਨੇ ਉਧਰਣ ਦੇ ਆਹਰ (ਨਾਮ ਧਰਮ) ਵਿਚ ਲਗਣਾ ਹੈ ।

ਇਸ ਜਾਣਕਾਰੀ ਲਈ 'ਗੁਰਬਾਣੀ ਵਿਆਕਰਣ ਦੇ ਸਰਲ ਨੇਮ' ਮਿਸ਼ਨਰੀ ਕਾਲਜ ਦੀ ਪੁਸਤਕ ਪੜ੍ਹਨੀ ਚਾਹੀਦੀ ਹੈ ।

**(੪) ਜੇ ਵੀਚਾਰ-ਅਧੀਨ ਸ਼ਬਦ ਵਿਚ ਇਤਿਹਾਸਕ ਜਾਂ ਮਿਥਹਾਸਕ ਪ੍ਰਸੰਗ ਲਿਖਿਆ ਹੋਵੇ ਤਾਂ ਉਸ ਪ੍ਰਸੰਗ ਦਾ ਬਿਆਨ ਸੰਖੇਪ ਵਿਚ ਕਰਕੇ ਸਿਧਾਂਤ ਦ੍ਰਿੜ ਕਰਾਇਆ ਜਾਵੇ। ਵਾਧੂ ਅਤੇ ਮਨਘੜਤ ਕਹਾਣੀਆਂ ਸੁਣਾ ਕੇ ਸਮਾ ਬਰਬਾਦ ਨਾ ਕੀਤਾ ਜਾਵੇ ।** ਵਾਧੂ ਕਹਾਣੀਆਂ ਦਾ ਖੰਡਨ ਵਿਚਾਰਧਾਰਾ ਦੀ ਇਕਸਾਰਤਾ, ਸਬਦ ਦਾ ਸਿਰਲੇਖ , ਵਿਆਕਰਣ-ਨਿਯਮਾਂ ਆਦਿਕ ਨੂੰ ਧਿਆਨ ਵਿਚ ਰਖਿਆਂ ਸਹਜੇ ਹੀ ਕੀਤਾ ਜਾ ਸਕਦਾ ਹੈ । ਮਿਸਾਲ ਵਜੋਂ, ਮੇਰਾ ਮਨੁ ਲੋਚੈ ਗੁਰ ਦਰਸਨੁ ਤਾਈ ॥(ਮਾਝ ਮਹਲਾ ੫) ਸਬਦ ਨਾਲ ਜੋੜਿਆ ਗਿਆ ਪ੍ਰਸੰਗ, ਗੁਰੂ ਰਾਮਦਾਸ ਸਾਹਿਬ ਜੀ ਨੂੰ ਪੁੱਤਰ ਬਾਬਾ ਅਰਜਨ ਜੀ ਨੇ ਲਾਹੌਰ ਤੋਂ ਚਿੱਠੀਆਂ ਲਿਖੀਆਂ ਤੇ ਨਾਨਕ ਪਦ ਵਰਤ ਕੇ ਬਾਣੀ ਉਚਾਰੀ, **ਬਿਲਕੁਲ ਮਨ-ਘੜਤ ਹੈ** ਕਿਉਂਕਿ ਉਸ ਸਮੇ ਗੁਰਗੱਦੀ ਤੇ ਚੌਥੇ ਨਾਨਕ ਸੁਸ਼ੋਭਿਤ ਸਨ ਅਤੇ ਸਿਰਲੇਖ "ਮਾਝ ਮਹਲਾ ੫"ਦਸਦਾ ਹੈ ਕਿ ਇਹ ਬਾਣੀ ਗੁਰੂ ਅਰਜਨ ਸਾਹਿਬ ਨੇ ਗੁਰਗੱਦੀ ਤੇ ਬੈਠਣ ਤੋਂ ਬਾਦ ਉਚਾਰੀ ।

**(੫) ਗੁਰਬਾਣੀ ਵਿਚ ਬਹੁ-ਅਰਥਕ ਲਫ਼ਜ਼ ਵੀ ਵਰਤੇ ਗਏ ਹਨ।** ਪ੍ਰਕਰਣ ਅਨੁਸਾਰ ਢੁਕਵੇਂ ਅਰਥ ਹੀ ਕੀਤੇ ਜਾਣ। ਭੁਲੇਖਾ ਪੈਂਦਾ ਹੋਵੇ ਤਾਂ ਭਾਈ ਕ੍ਹਾਨ ਸਿੰਘ ਰਚਿਤ ਮਹਾਨ ਕੋਸ਼ ਵਾਚ ਲੈਣਾ ਚਾਹੀਦਾ ਹੈ । ਪ੍ਰਕਰਣ ਅਨੁਸਾਰ 'ਕਰਮੀ' ਦੇ ਅਰਥ :-
**ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥ (ਅੰਗ ੯੧੯)** ਕਰਮੀ = ਕਰਮ-ਕਾਂਡ ਕੀਤਿਆਂ
**ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥(ਅੰਗ ੯੨੧)** ਕਰਮੀ = ਸਤਿਗੁਰ ਦੀ ਬਖ਼ਸ਼ਿਸ਼ ਨਾਲ
**ਮੈ ਬਿਗਰੇ ਅਪਨੀ ਮਤਿ ਖੋਈ॥ਮੇਰੇ ਭਰਮਿ ਭੂਲਉ ਮਤਿ ਕੋਈ॥(੮੫੫)** ਮਤਿ ਖੋਈ=ਅਕਲ ਗੁਆਈ; ਮਤਿ ਕੋਈ=ਨ ਕੋਈ।
**ਭਗਉਤੀ ਪਦ ਦੇ ਅਰਥ ਮਹਾਨ ਕੋਸ਼ ਵਿਚੋਂ ਪੜ੍ਹਿਆਂ ਅਰਦਾਸ 'ਪ੍ਰਿਥਮ ਭਗਉਤੀ..' ਸੰਬੰਧੀ ਪਿਆ ਭੁਲੇਖਾ ਦੂਰ ਹੁੰਦਾ ਹੈ ।**
**(੬) ਗੁਰਬਾਣੀ ਦੇ ਕੇਵਲ ਭਾਵ-ਅਰਥ :-** ਹੋਰ ਪ੍ਰਮਾਣ ਅਤੇ ਸਿਖ-ਵਿਚਾਰਧਾਰਾ ਨੂੰ ਮੁਖ ਰਖਕੇ ਕਈ ਥਾਂਈਂ ਲਫ਼ਜ਼ੀ-ਅਰਥ **(literal meaning)** ਨਹੀ ਲੈਣੇ ਚਾਹੀਦੇ, ਕੇਵਲ ਭਾਵ-ਅਰਥ ਹੀ ਲੈਣੇ ਚਾਹੀਦੇ ਹਨ ਤਾਂ ਜੁ ਗੁਰਮਤਿ ਵਿਚਾਰਧਾਰਾ ਦੀ ਇਕਸਾਰਤਾ ਭੰਗ ਨਾ ਹੋਵੇ। ਵੇਖੋ ਸ਼ਲੋਕ ਫ਼ਰੀਦ ਜੀ...
**ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥ ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥(ਅੰਗ ੧੩੮੧)**
ਭਾਵ, ਸਿਖ ਗੁਰਦਵਾਰੇ ਜਾ ਕੇ ਸਾਧਸੰਗਤਿ ਕਰੇ, ਗੁਰਬਾਣੀ ਕੀਰਤਨ ਕਥਾ ਸੁਣੇ, ਨ ਕਿ ਮਸੀਤਿ ਵਿਚ ਨਮਾਜ਼ ਪੜ੍ਹਨ ਜਾਵੇ । ਸਲੋਕ ਕਬੀਰ ਜੀ :
**ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥ ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁੰਡਾਇ ॥੨੫॥(ਅੰਗ ੧੩੬੫)**
ਇਹ ਸਲੋਕ ਕਬੀਰ ਸਾਹਿਬ ਨੇ ਜਟਾ-ਜੂਟ ਧਾਰੀ ਜੋਗੀਆਂ ਨੂੰ ਅਤੇ ਰੁੰਡ-ਮੁੰਡ ਸੰਨਿਆਸੀਆਂ ਨੂੰ ਵੇਖ ਕੇ ਉਚਾਰਿਆ ਸੀ। ਉਸ ਸਮੇ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਨਹੀ ਹੋਇਆ ਸੀ । **ਕਬੀਰ ਸਾਹਿਬ ਨੇ ਬਾਹਰੀ ਭੇਖ ਦਾ ਖੰਡਨ ਕੀਤਾ ਹੈ ।**
ਇਹ ਸਿਧਾਂਤ ਨਾਨਕ-ਬਾਣੀ ਇਉਂ ਸਮਝਾਂਦੀ ਹੈ : **ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥(ਅੰਗ ੧੦੯੯)**
ਅਜ ਸਿਖ ਵੀ ਜੇ ਪੰਜ ਕਕਾਰੀ ਰਹਿਤ ਰੱਖ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਨਾਮ-ਧਰਮ , ੧ੴ ਦੀ ਪ੍ਰੇਮਾ-ਭਗਤੀ ਦੇ ਮਾਰਗ ਤੇ ਨਹੀ ਚਲਦਾ ਤਾਂ ਪੰਜ ਕਕਾਰੀ ਰਹਿਤ ਵਾਲਾ ਸਿਖ ਵੀ ਪਾਖੰਡੀ ਹੀ ਕਿਹਾ ਜਾਵੇਗਾ । ਜਿਵੇਂ ਘਰ ਦੀ ਦੌਲਤ ਨੂੰ ਚੋਰਾਂ ਤੋਂ ਬਚਾਣ ਲਈ ਚਾਰ-ਦੀਵਾਰੀ ਦੀ ਲੋੜ ਹੈ ਤਿਵੇਂ ਮਨ ਦੀ ਰਹਤ (ਨਾਮ-ਧਨ) ਨੂੰ ਬਚਾਣ ਲਈ ਤਨ ਦੀ ਰਹਤ ਜ਼ਰੂਰੀ ਹੈ । ਤਨ ਦੀ ਰਹਿਤ ਗੁਰੂ ਨਾਲ ਜੋੜਦੀ ਹੈ ਅਤੇ ਮਨ ਦੀ ਰਹਿਤ (ਗੁਰ-ਸਬਦ ਦੀ ਕਮਾਈ) ਪਰਮਾਤਮਾ ਨਾਲ ਜੋੜਦੀ ਹੈ ।

**(੭) ਲਿਖਣ ਸ਼ੈਲੀ, ਸ਼ਬਦਾਵਲੀ ਅਤੇ ਬਣਤਰ-ਸਾਂਝ** ਨੂੰ ਗਹੁ ਨਾਲ ਵੇਖਿਆ ਜਾਵੇ।**ਸਲੋਕ ਸਹਸਕ੍ਰਿਤੀ ਮਹਲਾ ੧ (ਅੰ:੧੩੫੩)**
**ਪੜ੍ਹਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥......॥ਜੋ ਜਾਨਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥**
**ਕਹੁ ਨਾਨਕ ਨਿਸਚੌ ਧ੍ਯਿਾਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੧॥**
**ਨਿਹਫਲੰ ਤਸ੍ਯ ਜਨਮਸ੍ਯ ਜਾਵਦ ਬ੍ਰਹਮ ਨ ਬਿੰਦਤੇ ॥ ਸਾਗਰੰ ਸੰਸਾਰਸ੍ਯ ਗੁਰ ਪਰਸਾਦੀ ਤਰਹਿ ਕੇ ॥ ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥**
**ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ ॥ਖ੍ਯਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ॥**
**ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ ॥ ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ ॥੩॥**
**ਏਕ ਕ੍ਰਿਸਨੰ ਤ ਸਰਬ ਦੇਵਾ ਦੇਵਦੇਵਾ ਤ ਆਤਮਹ ॥ ਆਤਮੰ ਸ੍ਰੀ ਬਾਸਦੇਵਸ੍ਯ ਜੇ ਕੋਈ ਜਾਨਸਿ ਭੇਵ ॥**
**ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ ॥੪॥**
ਗੁਰੂ ਨਾਨਕ ਸਾਹਿਬ ਦੇ ਉਚਾਰੇ ਇਹਨਾਂ ਚਾਰ ਸਲੋਕਾਂ ਵਿਚ ਦੂਜਾ ਸਲੋਕ ਬ੍ਰਹਮਗਿਆਨ ਦੀ ਅਵਸਥਾ ਤਕ ਨ ਪੁਜਣ ਵਾਲੇ ਮਨੁਖ ਦਾ ਜੀਵਨ ਨਿਹਫਲ (ਬੇਕਾਰ, ਵਿਅਰਥ) ਦਸਦਾ ਹੈ । ਬਾਕੀ ਤਿੰਨ ਸਲੋਕਾਂ ਦੀ ਬਣਤਰ ਧਿਆਨ ਨਾਲ ਵੇਖੀਏ :
(ੳ) ਹਰ ਸਲੋਕ ਦੇ ਸ਼ੁਰੂ ਵਿਚ ਇਕ ਜਾਂ ਵਧ ਪੰਕਤੀਆਂ ਪ੍ਰਕਰਣ ਦਰਸਾਉਣ ਲਈ ਲਿਖੀਆਂ ਹਨ ਤੇ ਬ੍ਰਾਹਮਣੀ ਨਿਯਮ ਹਨ;
(ਅ) ਹਰ ਸਲੋਕ ਵਿਚ 'ਜੇ' ਵਾਲੀ ਪੰਕਤੀ ਵਿਚ ਬ੍ਰਾਹਮਣੀ ਨਿਯਮ ਤੇ ਕਿੰਤੂ ਕਰਦਿਆਂ ਸਵਾਲ ਉਠਾਇਆ ਗਿਆ ਹੈ ;
(ੲ) 'ਜੇ' ਵਾਲੀ ਪੰਕਤੀ ਤੋਂ ਬਾਦ ਗੁਰੂ ਸਾਹਿਬ ਨੇ ਅਪਣਾ ਨਿਰਣਾ / ਸਿਧਾਂਤ ਦਿੱਤਾ ਹੈ ।
ਇਸ ਬਣਤਰ-ਸਾਂਝ, ਸ਼ੈਲੀ ਨੂੰ ਨਜ਼ਰ-ਅੰਦਾਜ਼ ਕਰਣ ਵਾਲੇ ਵਿਆਖਿਆ-ਕਾਰਾਂ ਨੇ ਚੌਥੇ ਸਲੋਕ ਦੇ ਅਰਥ ਠੀਕ ਨਹੀ ਕੀਤੇ ।
**ਪਹਿਲੇ ਸਲੋਕ ਵਿਚ** ਬ੍ਰਾਹਮਣੀ-ਕਰਮਕਾਂਡਾਂ ਦਾ ਹਵਾਲਾ ਦੇ ਕੇ ਪੁਛਿਆ ਜੇ ਕੋਈ ਜਾਣਦਾ ਹੋਵੇ ਤਾਂ ਦਸੇ 'ਕੀ ਇਹਨਾਂ ਕਰਮਾਂ ਨਾਲ ਬ੍ਰਹਮਗਿਆਨੀ ਬਣ ਸਕਦੇ ਹਾਂ?'ਉੱਤਰ ਹੈ,ਨਹੀ।ਇਹ ਫੋਕਟ ਕਰਮ ਹਨ।ਅਸਲ ਰਸਤਾ ਨਾਮ ਜਪਣ ਦਾ ਗੁਰੂ ਦਸੇਗਾ।
**ਤੀਜੇ ਸਲੋਕ ਵਿਚ** ਬ੍ਰਾਹਮਣ ਨੇ ਸਭ ਵਰਣਾ ਦੇ ਲੋਕਾਂ ਦਾ ਧਰਮ ਵਖ ਵਖ ਦਸਿਆ ਤਾਂ ਗੁਰੂ ਨਾਨਕ ਸਾਹਿਬ ਨੇ ਪੁਛਿਆ 'ਜੇ ਜਾਣਦਾ ਹੈਂ ਤਾਂ ਦਸ ਸਭ ਮਨੁਖਾਂ ਦਾ ਸਰਬ-ਸਾਂਝਾ ਧਰਮ ਕੀ ਹੈ ?' ਜੋ ਦਸੇ , ਨਾਨਕ ਉਸ ਬ੍ਰਹਮਗਿਆਨੀ ਦਾ ਦਾਸ ਹੈ ।
ਚੌਥੇ ਸਲੋਕ ਵਿਚ ਬ੍ਰਾਹਮਣ ਨੇ ਕ੍ਰਿਸ਼ਨ ਜੀ ਦੀ ਵਡਿਆਈ ਕਰਦਿਆਂ ਦਸਿਆ ਕਿ ਕ੍ਰਿਸ਼ਨ ਜੀ ਦੀ ਆਤਮਾ ਹਰ ਮਨੁਖ ਅਤੇ ਦੇਵਤੇ ਵਿਚ ਵਸਦੀ ਹੈ। ਗੁਰੂ ਨਾਨਕ ਸਾਹਿਬ ਨੇ ਪੁਛਿਆ 'ਜੇ ਜਾਣਦੇ ਹੋ ਤਾਂ ਦਸੋ ਕਿ ਬਾਸਦੇਵ (ਕ੍ਰਿਸ਼ਨ ਜੀ ਦੇ ਪਿਤਾ) ਵਿਚ ਕਿਸਦੀ ਆਤਮਾ ਵਸਦੀ ਹੈ ? ਜੋ ਦਸੇ, ਨਾਨਕ ਉਸ ਬ੍ਰਹਮਗਿਆਨੀ ਦਾ ਦਾਸ ਹੈ । ਗੁਰੂ ਨਾਨਕ ਸਾਹਿਬ ਸਮਝਾਣਾ ਚਾਹੁੰਦੇ ਹਨ ਕਿ ਪਿਤਾ ਅੰਦਰ ਪੁੱਤਰ ਦੀ ਆਤਮਾ ਨਹੀ ਹੋ ਸਕਦੀ ਕਿਉਂਕਿ ਪੁੱਤਰ ਦਾ ਜਨਮ ਪਿਤਾ ਤੋਂ ਬਾਦ ਹੁੰਦਾ ਹੈ।
**ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਨੇ ਇਸ ਸ਼ਲੋਕ ਵਿਚ ਅਵਤਾਰ-ਵਾਦ ਦਾ ਖੰਡਨ ਕੀਤਾ ਹੈ। ਇਹ ਚਾਰ ਸ਼ਲੋਕ ਇਕ ਲੜੀ ਵਿਚ ਪਰੋਤੇ ਹੋਏ ਹਨ ਜਿਨ੍ਹਾਂ ਦਾ ਤਤ-ਉਪਦੇਸ਼ ਇਹ ਹੈ ਕਿ ਬ੍ਰਹਮ-ਗਿਆਨੀ ਅਥਵਾ ਜੀਵਨ-ਮੁਕਤਿ ਅਵਸਥਾ ਦੀ ਪ੍ਰਾਪਤੀ ਸਤਿਗੁਰੂ ਜੀ ਦੇ ਦੱਸੇ ਮਾਰਗ ਤੇ ਚਲ ਕੇ ਕਰਮ-ਕਾਂਡ, ਵਰਣ-ਵੰਡ ਅਤੇ ਅਵਤਾਰ-ਵਾਦ ਤਿਆਗ ਕੇ ਹੀ ਹੁੰਦੀ ਹੈ ।**

**(੮) ਗੁਰਬਾਣੀ ਨੂੰ ਗੁਰਬਾਣੀ ਨਾਲ ਅਰਥਾਓ :-** ਗੁਰੂ ਗ੍ਰੰਥ ਸਾਹਿਬ ਵਿਚ ਕਈ ਸਬਦ ਐਸੇ ਹਨ ਜਿਨ੍ਹਾਂ ਦੀ ਵਿਆਖਿਆ ਗੁਰਬਾਣੀ ਦੇ ਹੋਰ ਸਬਦ ਜਾਂ ਪੰਕਤੀਆਂ ਦੇ ਆਧਾਰ ਤੇ ਹੀ ਹੋ ਸਕਦੀ ਹੈ। ਜਿਵੇਂ 'ਆਸਾ ਮਹਲਾ ੧, ਪਟੀ' ਦੀ ਵਿਆਖਿਆ 'ਆਸਾ ਮਹਲਾ ੩, ਪਟੀ' ਕਰਦੀ ਹੈ ਅਤੇ 'ਬਾਰਹਮਾਹਾ ਤੁਖਾਰੀ ਮਹਲਾ ੧' ਦੀ ਵਿਆਖਿਆ-ਸਰੂਪ ਬਾਣੀ 'ਬਾਰਹਮਾਹਾ ਮਾਂਝ ਮਹਲਾ ੫' ਹੈ। ਉਪਰ-ਲਿਖੇ ਸਲੋਕ ਸਹਸਕ੍ਰਿਤੀ ਮਹਲਾ ੧ ਦੇ ਚੌਥੇ ਸਲੋਕ 'ਏਕ ਕ੍ਰਿਸਨੰ ......' ਦੀ ਵਿਆਖਿਆ ਕਰਦਿਆਂ ਕਬੀਰ ਸਾਹਿਬ ਨੇ ਅਵਤਾਰ-ਵਾਦ ਦਾ ਖੰਡਨ ਇਉਂ ਕੀਤਾ ਹੈ :-

**ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ॥**
**ਧਰਨਿ ਆਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥੧॥ਰਹਾਉ॥**
**ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥**
**ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥੨॥ (ਅੰਗ ੩੩੮)**

ਅਰਥਾਤ, ਹੇ ਕ੍ਰਿਸ਼ਨ ਪੂਜਕੋ! ਤੁਸੀ ਦਸਦੇ ਹੋ ਕਿ ਕ੍ਰਿਸ਼ਨ ਨੰਦ ਦਾ ਪੁੱਤਰ ਸੀ, ਤਾਂ ਦਸੋ, ਨੰਦ ਕਿਸਦਾ ਪੁੱਤਰ ਸੀ ? ਜਦੋਂ ਇਹ ਧਰਤੀ ,ਆਕਾਸ਼ ,ਸਾਰੀ ਸ੍ਰਿਸ਼ਟੀ ਨਹੀ ਸਨ ਤਾਂ ਇਹ ਨੰਦ ਕਿੱਥੇ ਸੀ ?(ਵੇਖੋ ਸਬਦ, **ਅਰਬਦ ਨਰਬਦ ਧੁੰਧੂਕਾਰਾ..**)
ਕਬੀਰ ਸਾਹਿਬ ਇਸ਼ਟ ਦਾ ਸਰੂਪ ਦਸਦੇ ਹਨ ਕਿ 'ਮੇਰਾ ਮਾਲਕ (ਸੁਆਮੀ, ਠਾਕੁਰੁ) ਕਿਸੇ ਸੰਕਟ (ਦੁਖ,ਤਕਲੀਫ਼) ਵਿਚ ਨਹੀ ਪੈਂਦਾ, ਕਿਸੇ ਜੂਨੀ ਵਿਚ ਨਹੀ ਆਉਂਦਾ, ਓਹ ਹਸਤੀ ਮਾਇਆ ਤੋਂ ਨਿਰਲੇਪ ਹੈ, ਉਸਦਾ ਕੋਈ ਮਾਤਾ ਪਿਤਾ ਨਹੀ ॥
**ਇਸੇ ਤਰ੍ਹਾਂ ਉਪਰ-ਲਿਖੇ ਕਬੀਰ ਸਾਹਿਬ ਦੇ ਸਬਦ 'ਮੁਲਾਂ ਕਹਹੁ ਨਿਆਉ ਖੁਦਾਈ ॥'** ਵਿਚ ਦਸਿਆ ਭਰਮ,ਅਗਿਆਨਤਾ, ਕੁਮਤਿ (ਦੇਵੀ-ਦੇਵਤਿਆਂ ਅੱਗੇ ਮਨੁਖ ਜਾਂ ਜਾਨਵਰ ਦੀ ਬਲੀ ਦੇਣੀ, ਕਸਾਈ ਦਾ ਕਰਮ) ਪੰਡਿਤ ਦੀ ਵੀ ਦੂਰ ਕਰਦੇ ਹਨ:
**ਪਡੀਆ ਕਵਨ ਕੁਮਤਿ ਤੁਮ ਲਾਗੇ ॥ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ਰਹਾਉ॥...ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥ (੧੧੦੩)**
ਅਰਥਾਤ, ਹੇ ਪੰਡਿਤ ਜੀ ! ਤੁਸੀ ਕਿਹੜੀਆਂ ਭੈੜੀਆਂ ਮਤਾਂ ਮਗਰ ਲਗੇ ਹੋਏ ਹੋ? ਹੇ ਬਦ-ਕਿਸਮਤ ਬੰਦੇ ! ਜੇ ਤੂੰ ਨਿਰਾਕਾਰ ਪਰਮਾਤਮਾ ਦਾ ਨਾਮ ਨਹੀ ਜਪਦਾ ਤਾਂ ਤੂੰ ਅਪਣੇ ਪਰਵਾਰ, ਚੇਲਿਆਂ-ਚਾਟੜਿਆਂ ਸਮੇਤ ਭਵ-ਸਾਗਰ ਵਿਚ ਡੁੱਬ ਜਾਂਏਂਗਾ ॥ ਦੇਵੀ-ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਤੁਸੀ ਮਨੁੱਖ ਜਾਂ ਜਾਨਵਰ ਨੂੰ ਮਾਰ ਕੇ ਬਲਿ ਚੜ੍ਹਾਉਂਦੇ ਹੋ ਤੇ ਇਸ ਨੂੰ ਧਰਮ-ਕਰਮ ਮਿਥ ਲਿਆ ਤਾਂ ਦਸੋ, ਪਾਪ-ਕਰਮ ਕਿਸ ਨੂੰ ਆਖਦੇ ਹੋ ? ਜੀਵ-ਹਤਿਆ ਕਰਕੇ ਆਪਣੇ ਆਪ ਨੂੰ ਵੱਡੇ ਮੁਨੀ ਅਖਵਾਉਂਦੇ ਹੋ, ਤਾਂ ਦਸੋ, ਕਸਾਈ (Butcher) ਕਿਸ ਨੂੰ ਆਖਦੇ ਹੋ ?

**ਕਬੀਰ ਸਾਹਿਬ ਦੇ ਹੇਠ ਲਿਖੇ ਸਲੋਕ** ਨੂੰ ਗੁਰਬਾਣੀ ਦੀਆਂ ਹੋਰ ਪੰਕਤੀਆਂ ਦਾ ਆਸਰਾ ਲਿਆਂ ਹੀ ਸਮਝਿਆ ਜਾ ਸਕਦਾ ਹੈ:-
**ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ ॥ ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ ॥(ਅੰਗ ੧੩੬੯)**
ਏਕ ਮਰੰਤੇ : 'ਮਨੁ ਮਾਰੇ ਬਿਨੁ ਭਗਤਿ ਨ ਹੋਈ॥' 'ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ॥' ਗੁਰੂ ਦੀ ਸ਼ਰਣ ਵਿਚ ਆਕੇ ਮਨ ਗੁਰੂ ਨੂੰ ਅਰਪਣ ਕਰਕੇ ਗੁਰ-ਉਪਦੇਸ਼ ਕਮਾ ਕੇ ਸਿਖ ਦਾ ਅਗਿਆਨੀ **ਮਨ ਮਰ ਜਾਂਦਾ ਹੈ** ।
ਦੁਇ ਮਰੰਤੇ : 'ਮਨ ਕਾ ਸੂਤਕ ਲੋਭੁ ਹੈ...॥' ਮਨ ਮਰਣ ਨਾਲ ਸੁਭਾ ਸੰਤੋਖੀ ਬਣ ਜਾਂਦਾ ਹੈ, ਹਰ ਤਰ੍ਹਾਂ ਦਾ ਲੋਭ ਅਰਥਾਤ **ਤ੍ਰਿਸ਼ਨਾ ਮਰ ਜਾਂਦੀ ਹੈ।** ਚਾਰ ਮਰੰਤੇ : 'ਕਾਮਿ ਕ੍ਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥' ਮਨ ਤੇ ਤ੍ਰਿਸ਼ਨਾ ਮਰਨ ਨਾਲ ਪਰ-ਧਨ, ਪਰ-ਇਸਤ੍ਰੀ ਦੀ ਕਾਮਨਾ ਮੁਕ ਗਈ । ਜਰ ਤੇ ਜੋਰੂ ਨ ਮਿਲਣ ਤੇ ਮਨੁਖ ਦਾ ਸੁਭਾ ਕ੍ਰੋਧੀ ਬਣ ਜਾਂਦਾ ਹੈ ਪਰ ਗੁਰਬਾਣੀ ਧਨ ਤੇ ਜੋਬਨ ਰੂਪੀ ਵੈਰੀਆਂ ਤੋਂ ਬਚਾਂਦੀ ਹੈ ।**ਸੋ, ਮਨ ਤੇ ਤ੍ਰਿਸ਼ਨਾ ਮਰਣ ਨਾਲ ਕਾਮ ਮਰ ਜਾਂਦਾ ਹੈ ਤੇ ਕ੍ਰੋਧ ਮਰ ਜਾਂਦਾ ਹੈ ;** ਕੁਲ ਗਿਣਤੀ ਚਾਰ। ਛੇ ਮੂਏ : ਚਾਰ ਦੇ ਮਰਣ ਨਾਲ ਮਨੁਖ ਦੀ ਬਿਰਤੀ ਹੁਣ ਸਾਧ-ਸੰਗਤਿ ਵਿਚ ਵਿਚਰਣ ਵਾਲੀ ਅਤੇ ਬੰਦਗੀ ਵਾਲੀ ਬਣਦੀ ਹੈ, ਤੇ ਅਵਸਥਾ ਬਣਦੀ ਹੈ 'ਮਾਨੁ ਮੋਹੁ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥' ਹੰਕਾਰ ਵਾਲੀ ਬਿਰਤੀ ਅਰਥਾਤ ਹਉਮੈ ਮਰ ਗਈ ਅਤੇ ਹਰ ਚੀਜ਼ ਦਾ ਮੋਹ ਵੀ ਮਰ ਗਿਆ। ਇਸ ਤਰ੍ਹਾਂ ਜੀਵਨ ਮੁਕਤਿ ਦੀ ਪਦਵੀ ਪ੍ਰਾਪਤ ਹੋ ਗਈ । **ਸੋ, ਮਰਣ ਵਾਲੇ ਹਨ, ਚਾਰ ਪੁਰਖ : ਮਨ, ਕਾਮ, ਕ੍ਰੋਧ, ਮੋਹ ਅਤੇ ਦੁਇ ਨਾਰ :ਤ੍ਰਿਸ਼ਨਾ, ਹਉਮੈ** । ਗੁਰਬਾਣੀ ਦੀਆਂ ਹੋਰ ਪੰਕਤੀਆਂ ਦਾ ਆਸਰਾ ਲੈ ਕੇ ਕੀਤੀ ਗਈ ਇਸ ਸ਼ਲੋਕ ਦੀ ਵਿਆਖਿਆ ਵਿਚ ਪੰਜ ਵਿਕਾਰ ਮਰਣ ਦੀ ਤਰਤੀਬ ਬਦਲ ਸਕਦੀ ਹੈ ਪਰ ਸ਼ੁਰੂਆਤ ਮਨ ਮਾਰਣ ਨਾਲ ਹੋਵੇਗੀ । ਬੇਅੰਤ ਪੰਕਤੀਆਂ ਮਨ ਨੂੰ ਹੀ ਸੰਬੋਧਨ ਕਰਦੀਆਂ ਹਨ ਕਿਉਂਕਿ **ਸਾਰੀ ਖੇਡ ਮਨ ਦੀ ਹੀ ਹੈ** ।
**ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥ ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥ (ਅੰਗ ੧੩੬੭)**
ਅਰਥਾਤ, ਹੇ ਕਬੀਰ! ਜਦੋਂ ਪਹਾੜਾਂ ਵਿਚ ਵਗਦੀ ਗੰਗਾ ਦੇ ਸਾਫ਼-ਸੁਥਰੇ ਪਾਣੀ ਵਾਂਙ ਤੇਰਾ ਮਨ ਨਿਰਮਲ ਹੋ ਜਾਵੇਗਾ ਤਾਂ ਪਰਮਾਤਮਾ ਕਬੀਰ ਕਬੀਰ ਪੁਕਾਰਦਾ ਤੇਰੇ ਪਿੱਛੇ ਪਿੱਛੇ ਆਵੇਗਾ । ਇਸ ਤਰ੍ਹਾਂ ਤੇਰਾ ਰਬ ਨਾਲ ਮੇਲ ਹੋ ਜਾਵੇਗਾ ।

**ਪੂਰਨ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਹੀ ਸਾਡੇ ਗੁਰੂ ਹਨ । ਹੋਰ ਕਿਸੇ ਗ੍ਰੰਥ ਨੂੰ ਗੁਰੂ ਮੰਨਣਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਬੇਮੁਖ ਹੋਣ ਦੇ ਬਰਾਬਰ ਹੈ (ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥ ਮ:੩, ਅਨੰਦੁ, ੯੨੦)। ਗੁਰਬਾਣੀ, ਕੇਵਲ ਗੁਰੂ ਗ੍ਰੰਥ ਸਹਿਬ ਜੀ ਦੀ ਬਾਣੀ, ਵੀਚਾਰਣ ਨਾਲ ਹਰ ਤਰ੍ਹਾਂ ਦਾ ਭਰਮ ਭੁਲੇਖਾ ਦੂਰ ਹੁੰਦਾ ਹੈ ; ਲੋਕ ਪਰਲੋਕ ਸੁਹੇਲਾ ਕਰਨ ਦਾ ਅਤੇ ਸਚਿਆਰ ਹੋਣ ਦਾ ਸਹੀ ਰਾਹ ਲਭਦਾ ਹੈ ।**

# ਬਚਿਤ੍ਰ ਨਾਟਕ ਗ੍ਰੰਥ / ਅਖਉਤੀ ਦਸਮ ਗ੍ਰੰਥ ਵਿਚ ਦਰਜ


# ਰਚਨਾਂਵਾਂ ਦਾ ਵੇਰਵਾ

**ਸਨ ੧੯੬੭** (ਸੰਮਤ ੨੦੨੪ ਬਿਕ੍ਰਮੀ) ਵਿਚ ਛਪੀ ਗਯਾਨੀ ਮਹਿੰਦਰ ਸਿੰਘ ਰਤਨ ਦੀ ਸੋਧੀ(?),ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:,ਅੰਮ੍ਰਿਤਸਰ ਦੀ ਛਪੀ ਦਸਮ ਗ੍ਰੰਥ ਦੀ ੧੪੨੮ ਪੰਨਿਆਂ ਦੀ ਬੀੜ ਵਿਚ ਰਚਨਾਂਵਾਂ ਦਾ ਵੇਰਵਾ ਹੇਠ ਲਿਖਤ ਹੈ:-

**(੧) ਜਾਪੁ : ਪੰਨਾ ੧ ਤੋਂ ੧੦ :**ਕੋਈ ਸਮਾਪਤੀ ਸੰਕੇਤ ਨਹੀਂ। ਕੀ ਅਖੀਰਲੀਆਂ ਪੰਕਤੀਆਂ ਸੋਧਕ ਕਮੇਟੀ ਨੇ ਕਟ ਦਿਤੀਆਂ ? ਸ਼ਿਵ ਪੁਰਾਣ ਵਿਚ ਸ਼ਿਵ/ ਮਹਾਕਾਲ ਦੀ ਉਸਤਤਿ ਵਿਚ ਲਿਖੇ ਸ਼ਿਵ ਸਹਸਤ੍ਰ-ਨਾਮਾ ਤੇ ਆਧਾਰਿਤ (ਕਾਲ ਕਾਲ: ਨਮੋਸਤੁਤੇ = ਨਮੋ ਕਾਲ ਕਾਲੇ)... । ਇਸ ਰਚਨਾ ਵਿਚ ਵਰਤੇ ਕੁਝ ਲਫ਼ਜ਼ ਹਿਕਾਯਤਾਂ,ਤ੍ਰਿਯਾ ਚਰਿਤ੍ਰ (ਫ਼ਾਰਸੀ), ਵਿਚ ਵਰਤੇ ਗਏ ਹਨ ।

**(੨) ਪੰਨਾਂ ੧੧ ਤੋਂ ੩੮ :** ਉਪਰ ਲਿਖੀ ਬੀੜ ਵਿਚ ਇਸ ਰਚਨਾ ਦਾ ਕੋਈ ਸਿਰਲੇਖ ਨਹੀ ਪਰ ਬਾਦ ਵਿਚ ਛਪੀਆਂ ਬੀੜਾਂ ਵਿਚ ਕਿਸੇ ਗੁਰੂ-ਦੋਖੀ ਨੇ ਸਿਰਲੇਖ 'ਅਕਾਲ ਉਸਤਤਿ' ਛਾਪ ਦਿੱਤਾ ਹੈ।ਮੰਗਲਾਚਰਨ 'ਸਰਬਕਾਲ ਕੀ ਰਛਾ ਹਮਨੈ ॥ ਸਰਬਲੋਹ ਕੀ ਰਛਾ ਹਮਨੈ॥' ੧ਓ ਨਾਲ ਜੋੜਨ ਵਾਲਾ ਨਹੀ । ਇਸ ਰਚਨਾ ਦੇ ੨੦ ਛੰਦਾਂ (੨੧੧ ਤੋਂ ੨੩੦) ਦੀ ਆਖਰੀ ਪੰਕਤੀ "ਜੈ ਜੈ ਹੋਸੀ ਮਹਿਖਾਸੁਰ ਮਰਦਨ.." ਦੇਵੀ ਦੁਰਗਾ ਦੀ ਜੈ ਜੈਕਾਰ ਕਰਣ ਵਾਲੀ ਰਚਨਾ ਅਕਾਲ ਉਸਤਤਿ ਨਹੀ ਬਲਕਿ **ਕਾਲ ਉਸਤਤਿ ਅਰਥਾਤ ਦੇਵੀ-ਉਸਤਤਿ ਹੈ ।**

**(੩) ਪੰਨਾ ੩੯ ਤੋ ੭੩ ਤਕ :** ਬਚਿਤ੍ਰ ਨਾਟਕ ਗ੍ਰੰਥ ਲਿਖ੍ਯਤੇ॥ ਪੰਨਾ ੭੩ ਤੇ **ਲਿਖਿਆ ਕਵੀਆਂ ਦੇ ਇਸ਼ਟ ਦਾ ਸਰੂਪ ਦੇਵੀ ਦੇਵਤਾ ਹਨ ; 'ਸਰਬਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ ॥'** ਪਾਠਕ ਜ਼ਰੁਰ ਨੋਟ ਕਰਣ ।

**(੪) ਪੰਨਾ ੭੪ ਤੋਂ ੯੯ ਤਕ :** ਅਥ ਚੰਡੀ ਚਰਿਤ ਉਕਤਿ ਬਿਲਾਸ ॥ ਸਮਾਪਤੀ ਸੰਕੇਤ 'ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰ ਉਕਤਿ ਬਿਲਾਸ...॥ ਤੋਂ ਸਪਸ਼ਟ ਹੈ ਕਿ ਇਸ ਰਚਨਾ ਦਾ **ਆਧਾਰ-ਗ੍ਰੰਥ ਮਾਰਕੰਡੇਯ ਪੁਰਾਣ (ਜੋ ਕਿ ਦੇਵੀ ਦੁਰਗਾ ਦੇ ਅਨੇਕਾਂ ਅਵਤਾਰਾਂ ਦਾ ਕਥਾ-ਗ੍ਰੰਥ) ਹੈ । ਪ੍ਰਸੰਗਾਂ ਦੀ ਤਰਤੀਬ ਸਾਫ਼ ਦਸਦੀ ਹੈ ਕਿ ਹੂ-ਬ-ਹੂ ਨਕਲ ਕੀਤੀ ਹੈ , (ਵੇਖੋ ਅੰਤਿਕਾ ਨੰਬਰ ੧ ਦੀ ਤਾਲਿਕਾ ਦੇ ਪੰਨਿਆਂ ਦੇ ਨੰਬਰ)।**

**(੫) ਪੰਨਾ ੯੯ ਤੋਂ ੧੧੯ ਤਕ :** ਇਸ ਰਚਨਾ ਦਾ ਸਮਾਪਤੀ ਸੰਕੇਤ "ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਉਸਤਤ..." ਸਪਸ਼ਟ ਕਰਦਾ ਹੈ ਕਿ ਦੇਵੀ ਚੰਡੀ (ਦੁਰਗਾ,ਭਵਾਨੀ,ਭਗਉਤੀ,ਕਾਲਕਾ..) ਦੀ ਉਸਤਤ ਹੈ। ਉਪਰ ਲਿਖੇ ਪੰਨਾ ੭੪ ਤੋਂ ੯੯ ਤਕ ਦੇ ਪ੍ਰਸੰਗਾਂ ਨੂੰ ਦੁਹਰਾਇਆ ਗਿਆ ਹੈ।

**(੬) ਪੰਨਾ ੧੧੯ ਤੋਂ ੧੨੭ ਤਕ :** ਪੁਰਾਤਨ ਬੀੜਾਂ ਵਿਚ ਸਿਰਲੇਖ 'ਵਾਰ ਦੁਰਗਾ ਕੀ' ਪਰ ਹੁਣ **'ਵਾਰ ਸ੍ਰੀ ਭਗਉਤੀ ਜੀ ਕੀ'** ਇਹ ਵਾਰ **'ਚੰਡੀ ਦੀ ਵਾਰ'** ਕਰਕੇ ਪ੍ਰਸਿਧ ਹੈ । ਇਸਦਾ ਮਜ਼ਮੂਨ ਹੂ-ਬ-ਹੂ ਉਪਰ ਲਿਖੀਆਂ ਚੰਡੀ ਦੀਆਂ ਦੋਹਾਂ ਰਚਨਾਂਵਾਂ ਵਾਲਾ ਹੈ। ਇਸ ਰਚਨਾ ਦਾ **ਸਮਾਪਤੀ ਸੰਕੇਤ 'ਇਤਿ ਸ੍ਰੀ ਦੁਰਗਾ ਕੀ ਵਾਰ ਸਮਾਪਤੰਸਤੁ ਸੁਭਮਸਤੁ॥** ਇਸ ਵਾਰ ਦੀ ਪਹਿਲੀ ਪਉੜੀ "ਪ੍ਰਿਥਮ ਭਗਉਤੀ ਸਿਮਰ ਕੇ.." ਮੌਜੂਦਾ ਅਰਦਾਸ ਦਾ ਮੁਖੜਾ ਹੈ" ਪਰ ਆਖਰੀ ਪਉੜੀ ਨੰ: ੫੫ ਦੀ ਪੰਕਤੀ **'ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥** ਤੋਂ ਸਾਫ਼ ਜ਼ਾਹਿਰ ਹੈ ਕਿ **'ਸਭੇ ਪਉੜੀਆਂ' ਦੁਰਗਾ ਦੇਵੀ ਦੀ ਉਸਤਤ** ਕਰਦੀਆਂ ਹਨ।

**(੭) ਪੰਨਾ ੧੨੭ ਤੋਂ ੧੫੫ ਤਕ :** ਸਿਰਲੇਖ 'ਅਥ ਗਿਆਨ ਪ੍ਰਬੋਧ ਗ੍ਰੰਥ ਲਿਖ੍ਯਤੇ'॥ਇਸ ਰਚਨਾ ਦੇ ਆਖਰੀ ਛੰਦ 'ਰੂਆਲ ਛੰਦ' ਦੇ ਸਵੈਯੇ ਨੰ:੩੩੪,੩੩੫ ਸਪਸ਼ਟ ਕਰਦੇ ਹਨ ਕਿ ਦੇਵੀ ਦੁਰਗਾ ਨੇ ਚਿਛੁਰ, ਬਿੜਾਰ , ਧੂਲਿਕਰਣ ਨਾਂ ਦੇ ਦੈਂਤਾਂ ਨੂੰ ਮਾਰ ਕੇ ਚੰਗੀ ਤਰ੍ਹਾਂ, ਮਿਥੀ ਵਿਧੀ ਅਨੁਸਾਰ, ਦੈਤ-ਮੇਧ ਯੱਗ ਕੀਤਾ **(ਆਧਾਰ ਮਾਰਕੰਡੇਯ ਪੁਰਾਣ)। ਇਹ ਰਚਨਾ ਵੀ "ਦੇਵੀ ਦੁਰਗਾ ਬਾਰੇ ਗਿਆਨ ਅਤੇ ਦੈਂਤ-ਮੇਧ ਯੱਗ ਦੀ ਵਿਧੀ" ਸਮਝਾ ਰਹੀ ਹੈ** । ਕੋਈ ਗੁਰਮਤਿ ਗਿਆਨ ਇਹ ਰਚਨਾ ਨਹੀ ਦੇ ਰਹੀ ।

**(੮) ਪੰਨਾ ੧੫੫ ਤੋਂ ੨੫੪ ਤਕ : ਅਥ ਚੌਬੀਸ ਅਉਤਾਰ ਕਥਨੰ**॥ਪਾਤਸ਼ਾਹੀ ੧੦॥..ਚੋਪਈ॥.. **ਬਰਨਤ ਸਯਾਮ** ਜਥਾ ਮਤਿ ਭਾਈ ॥੧॥( ਨੋਟ : ਇਹ ਮੁਢਲੀ ਚੋਪਈ ਸਪਸ਼ਟ ਕਰਦੀ ਹੈ ਕਿ **ਸਯਾਮ ਕਵੀ ਨੂੰ** ਹੀ **'ਪਾਤਸ਼ਾਹੀ ੧੦'** ਲਿਖਿਆ ਗਿਆ ਹੈ; ਏਨਾ ਵੱਡਾ ਧੋਖਾ!?) ਇਸ ਰਚਨਾ ਦਾ **ਆਧਾਰ-ਗ੍ਰੰਥ ਸ੍ਰੀਮਦ ਭਾਗਵਤ ਪੁਰਾਣ** ਹੈ ਜਿਸ ਵਿਚ ਵਿਸ਼ਨੂੰ ਦੇ ੨੪ ਅਉਤਾਰਾਂ ਮਛ, ਕੱਛ ਨਰ ਨਾਰਾਇਣ,ਮਹਾ ਮੋਹਨੀ ਅਵਤਾਰ, ਵਾਰਾਹ ,ਨਰਸਿੰਘ, ਬਾਵਨ ਅਵਤਾਰ, ਪਰਸਰਾਮ ਅਵਤਾਰ, ਬ੍ਰਹਮਾ ਅਵਤਾਰ, ਰੁਦ੍ਰ ਅਵਤਾਰ, ਜਲੰਧਰ ਅਵਤਾਰ, ਬਿਸਨੁ ਅਵਤਾਰ, ਮਧੁ ਕੈਟਭ ਬਧ ੧੪ਵਾਂ ਅਵਤਾਰ ਬਿਸਨੁ, ਅਰਿਹੰਤ ਦੇਵ ਅਵਤਾਰ, ਮਨੁ ਰਾਜਾ ਅਵਤਾਰ, ਧਨੰਤਰ ਵੈਦ ਅਵਤਾਰ, ਸੂਰਜ ਅਵਤਾਰ, ਚੰਦ੍ਰ ਅਵਤਾਰ, ਅਤੇ ਬੀਸਵਾਂ ਰਾਮ ਅਵਤਾਰ ਦਾ ਜ਼ਿਕਰ ਹੈ । **ਸਮਾਪਤੀ ਸੰਕੇਤ 'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ... ਧਿਆਇ ਸਮਾਪਤਮ'** ਹਰ ਅਧਿਆਇ ਦੇ ਅੰਤ ਵਿਚ ਹੈ।

**(੯) ਪੰਨਾ ੨੫੪ ਤੋਂ ੫੭੦ ਤਕ : ਅਥ ਕ੍ਰਿਸਨਾਵਤਾਰ ਇਕੀਸਮੋ ਕਥਨੰ**।ਸਿਰਲੇਖ ਹੇਠ ੩੧੭ ਪੰਨੇ ਵਿਸ਼ਨੂੰ ਦੇ ੨੧ਵੇਂ ਅਵਤਾਰ **'ਕ੍ਰਿਸ਼ਨ ਅਵਤਾਰ'** ਨੂੰ ਸਮਰਪਿਤ ਹਨ। ੧੧੦੯੨ (?) ਛੰਦਾ ਦੀ (ਰਚਨਹਾਰੇ ਕਵਿ ਸਯਾਮ ਮੁਤਾਬਿਕ) ਇਹ ਰਚਨਾ **ਸ੍ਰੀਮਦ ਭਾਗਵਤ ਪੁਰਾਣ ਦਾ 'ਦਸਮ ਸਕੰਧ' (ਦਸਵਾਂ ਕਾਂਡ) ਦੀ ਹੂ-ਬ-ਹੂ ਨਕਲ ਹੈ** (ਵੇਖੋ ਅੰਤਿਕਾ ਨੰਬਰ ੨ ਵਿਚ ਦੋਹਾਂ ਗ੍ਰੰਥਾਂ ਦੇ ਪੰਨਿਆਂ ਦੇ ਨੰਬਰ ਤੇ ਪ੍ਰਸੰਗ ਤਰਤੀਬ)।ਸਮਾਪਤੀ ਸੰਕੇਤਾਂ 'ਇਤਿ ਸ੍ਰੀ ਦਸਮ ਸਿਕੰਧੇ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਵਿਸ਼ਨੂੰ ਅਵਤਾਰਾਂ ਦੇ ਪ੍ਰਸੰਗਾਂ ਦਾ ਆਧਾਰ ਸ੍ਰੀਮਦ ਭਾਗਵਤ ਪੁਰਾਣ ਹੀ ਹੈ।ਗੋਪੀ ਚੀਰ ਹਰਨ ਦੀ ਕਥਾ ਵਿਚ ਅਸ਼ਲੀਲਤਾ ਸਾਫ਼ ਝਲਕਦੀ ਹੈ। **ਲਿਖਾਰੀ ਦੀ ਕਵੀ-ਛਾਪ 'ਕਬਿ ਸਯਾਮ ਭਨੈ..' ਸਭ ਤੋਂ ਵਧ ਇਸੇ ਰਚਨਾ ਵਿਚ ਹੈ** । ਸ਼ੁਰੂ ਵਿਚ ਕਵੀ ਆਪਣੇ ਇਸ਼ਟ ਚੰਡੀ ਨੂੰ 'ਅਥ ਦੇਵੀ ਜੂ ਕੀ ਉਸਤਤ ਕਥਨੰ' ਨਹੀ ਭੁਲਦਾ; ਸਾਰੇ ਪਾਤਰਾਂ ਨੂੰ ਦੇਵੀ-ਪੂਜਕ ਸਿਧ ਕਰਦਾ ਹੈ। **ਸਵੈਯਾ 'ਮੈ ਨ ਗਨੇਸ਼ਹ ਪ੍ਰਿਥਮ ਮਨਾਊ ॥** ਉਚਾਰਦਾ ਹੋਇਆ **'ਮਹਾਕਾਲ ਰਖਵਾਰ ਹਮਾਰੋ॥'** ਦੇਵਤਾ ਮਹਾਕਾਲ ਦੇ ਲੜ ਹੀ ਲਾਉਂਦਾ ਹੈ।

ਤ੍ਰਿਯਾ ਚਰਿਤ੍ਰ ਨੰ: ੨੬੬ ਦਾ ਅਖੀਰਲਾ ਦੋਹਰਾ **"ਮਹਾਕਾਲ ਕੋ ਸਿਖਯ ਕਰਿ ਮਦਿਰਾ ਭਾਂਗ ਪਿਵਾਇ॥"** ਸਿਧ ਕਰਦਾ ਹੈ ਕਿ **ਮਹਾਕਾਲ ਦਾ ਅਰਥ ਵਾਹਿਗੁਰੂ ਜਾਂ ਅਕਾਲਪੁਰਖੁ ਨਹੀ ਕਿਉਕਿ** ਵਾਹਿਗੁਰੂ ਜਪਣ ਵਾਲਿਆਂ ਨੂੰ ਭੰਗ, ਸ਼ਰਾਬ ਆਦਿਕ ਨਸ਼ੇ ਵਰਤਣ ਦੀ ਸਖ਼ਤ ਮਨਾਹੀ ਹੈ । ਯਥਾ ਗੁਰਵਾਕ :

**ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦੁ ਛੂਛੈ ਭਾਉ ਧਰੇ॥ (ਗੁਰੂ ਗ੍ਰੰਥ ਸਾਹਿਬ, ਅੰਗ ੩੬੦)**

**(੧੦) ਪੰਨਾ ੫੭੦ ਤੋਂ ੬੧੧ ਤਕ :** ਵਿਸ਼ਨੂੰ ਦੇ ੨੨ਵੇਂ ਨਰ ਅਵਤਾਰ, ੨੩ਵੇਂ ਬੁੱਧ ਅਵਤਾਰ, ੨੪ਵੇਂ ਨਿਹਕਲੰਕੀ ਅਵਤਾਰ ਅਤੇ ਮਹਿਦੀ ਅਵਤਾਰ(੨੫ਵਾਂ ?) ਦਾ ਜ਼ਿਕਰ ਹੈ।**ਆਧਾਰ- ਗ੍ਰੰਥ ਸ੍ਰੀਮਦ ਭਾਗਵਤ ਪੁਰਾਣ ਹੈ । ਸਮਾਪਤੀ ਸੰਕੇਤ 'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਚਤੁਰਬਿਸਤਿ ਕਲਕੀ ਅਵਤਾਰ ਬਰਨਨੰ ਸਮਾਪਤੰ ॥'** ਸਵੈਯਾ ਛੰਦ ਦੇ ਛੰਦ ਨੰ: ੧੪੧ ਤੋਂ ੧੫੬ ਤਕ ਦੀ ਆਖਰੀ ਪੰਕਤੀ 'ਭਲੁ ਭਾਗ ਭਯਾ ਇਹ ਸੰਭਲ ਕੇ ਹਰਿ ਜੂ ਹਰਿ ਮੰਦਰਿ ਆਵਹਿਗੇ॥' ਅਰਥਾਤ, ਇਸ ਸੰਭਲ ਸ਼ਹਰ ਦੇ ਭਲੇ ਭਾਗ ਹਨ ਜਿਥੇ ਕਲਕੀ ਅਵਤਾਰ ਇਸ ਸ਼ਹਰ ਦੇ ਹਰਿ ਮੰਦਿਰ ਵਿਚ ਆਉਣਗੇ। **ਸੰਭਲ ਦਾ ਰਾਜਾ ਸ਼ੂਦ੍ਰ ਸੀ ਅਤੇ ਕਲਕੀ ਅਵਤਾਰ (ਹਰਿ ਜੂ) ਸਾਰੇ ਸ਼ੁਦ੍ਰਾਂ ਦੇ ਵਿਨਾਸ਼ ਲਈ** ਅਤੇ ਉੱਚ-ਜਾਤੀਏ ਲੋਕਾਂ ਨੂੰ ਸੁਚੇਤ ਕਰਨ ਲਈ ਆਇਆ ਹੈ (ਛੰਦ ੧੬੯)।

**(੧੧) ਪੰਨਾ ੬੧੧ ਤੋਂ ੬੩੫ ਤਕ : ਅਥ ਬ੍ਰਹਮਾ ਅਵਤਾਰ ਕਥਨੰ** । ਸਮਾਪਤੀ ਸੰਕੇਤ 'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸਪਤਮੋ ਅਵਤਾਰ ਬ੍ਰਹਮਾ ਕਾਲਿਦਾਸ ਸਮਾਪਤਮ॥ ਇਸ ਰਚਨਾ ਵਿਚ ਲਿਖਿਆ ਹੈ ਕਿ 'ਕਾਲ' ਨੇ ਬ੍ਰਹਮਾ ਨੂੰ ਸਤ ਅਵਤਾਰ ਧਾਰਨ ਦੀ ਆਗਿਆ ਦਿਤੀ ; ਬਾਲਮੀਕ,ਕਸ਼ਪ,ਸ਼ੁਕ੍ਰ,ਬਚੇਸ,ਬਿਆਸ, ਖਸਟ ਰਿਖਿ ਤੇ ਸਤਵਾਂ ਕਾਲਿਦਾਸ ਅਵਤਾਰਾਂ ਦਾ ਜ਼ਿਕਰ ਹੈ।

**(੧੨) ਪੰਨਾ ੬੩੫ ਤੋਂ ੭੦੯ ਤਕ : ਅਥ ਰੁਦ੍ਰ ਅਵਤਾਰ ਕਥਨੰ ॥** ਰਿਸ਼ਿ ਅਤ੍ਰੀ ਦੀ ਇਸਤ੍ਰੀ ਨੇ ਪਤੀ ਦਾ ਧਿਆਨ ਧਰਕੇ ਅਪਣੇ ਸੱਜੇ ਹਥ ਨਾਲ ਖੱਬਾ ਹਥ ਰਗੜਿਆ ਤਾਂ ਦੱਤ ਪੁਤਰ ਪੈਦਾ ਹੋ ਗਿਆ !!? ( ਛੰਦ ੩੪) । ਸਮਾਪਤੀ ਸੰਕੇਤ 'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਦਤ ਮਹਾਤਮੇ..'। ਦੱਤ ਨੇ ੨੪ ਗੁਰੂ ਧਾਰਨ ਕੀਤੇ ; ਮਨ, ਮਕੜੀ, ਬਗੁਲਾ, ਬਿੱਲਾ, ਰੁਈ ਧੁਨਖਤਾ, ਮਛਿਆਰਾ, ਚੇਰੀ, ਬਨਜਾਰਾ, ਕਾਛਨ, ਰਾਜਾ ਸੁਰਥ, ਲੜਕੀ ਗੁਡੀ ਖੇਲਤੀ, ਸੇਵਕ(ਭ੍ਰਿਤ),ਪਤੀ ਭਗਤ ਇਸਤ੍ਰੀ, ਬਾਨ ਗਰ, ਇੱਲ, ਦੁਧੀਰਾ, ਸ਼ਿਕਾਰੀ, ਨਲਨੀ ਸੁਕ, ਸ਼ਾਹ, ਤੋਤਾ ਪੜ੍ਹਾਉਣ ਵਾਲਾ, ਹਲ ਵਾਹੁਣ ਵਾਲਾ, ਜਛਣੀ ਨਾਰ ਰਾਗ ਗਾਵਤੀ ਆਦਿਕ । **ਰਚਨਾ ਦਾ ਲਿਖਾਰੀ ਕਵਿ ਸ਼ਯਾਮ (ਪੜ੍ਹੋ ਛੰਦ ੪੯੮) ਹੈ** । ਅੱਗੇ ਹੈ ਪਾਰਸਨਾਥ ਰੁਦ੍ਰ ਅਵਤਾਰ : ਪਾਰਸਨਾਥ ਨੇ **ਦੇਵੀ ਚੰਡੀ ਤੋਂ ਸਾਰੇ ਵੇਦਾਂ ਦਾ ਗਿਆਨ, ਸਭ ਸ਼ਸਤ੍ਰ ਚਲਾ ਸਕਣ ਦਾ ਵਰ ਮੰਗਿਆ।** ਕੋਈ ਸਮਾਪਤੀ ਸੰਕੇਤ ਨਹੀ ਲਿਖਿਆ ।

**(੧੩) ਪੰਨਾ ੭੦੯ ਤੋਂ ੭੧੭ ਤਕ :** ਦਸ ਸਬਦ ਰਾਗਾਂ ਵਿਚ, ੩੩ ਸਵੈਯੇ (ਜਿਨ੍ਹਾਂ ਦੀ ਸਮੁਚੇ ਤੌਰ ਤੇ ਘੋਖ ਕੀਤਿਆਂ ਸਪਸ਼ਟ ਹੁੰਦਾ ਹੈ ਕਿ ਸਿੱਖਾਂ ਨੂੰ ਕਾਲ-ਉਸਤਤ / ਦੇਵੀ-ਉਸਤਤ ਨਾਲ ਜੋੜਿਆ ਜਾ ਰਿਹਾ ਹੈ) ੩ ਸਵੈਯੇ ਅਤੇ ੧ ਦੋਹਰਾ।

**(੧੪) ਪੰਨਾ ੭੧੭ ਤੋਂ ੮੦੮ ਤਕ :** ਸ੍ਰੀ ਸਸਤ੍ਰ ਨਾਮ ਮਾਲਾ ਪੁਰਾਣ ਲਿਖਯਤੇ॥ **ਸ਼ੁਰੂਆਤ ਭਗਉਤੀ ਉਸਤਤ ਨਾਲ ? ਕਿਉਂਕਿ ਇਹ ਸ਼ਸਤ੍ਰ ਦੇਵੀ ਭਗਵਤੀ / ਦੁਰਗਾ ਨੇ ਹੱਥਾਂ ਵਿਚ ਫੜੇ ਹੋਏ ਹਨ (ਵੇਖੋ ਦੁਰਗਾ ਦੀ ਤਸਵੀਰ) । ਸ਼ਸਤ੍ਰਾਂ ਨੂੰ ਪੀਰ ਮੰਨ ਕੇ** ਸ਼ਸਤ੍ਰਾਂ ਦੀ ਉਸਤਤਿ ਕਰਦਿਆਂ 'ਕਾਲ ਤੁਹੀ ਕਾਲੀ ਤੁਹੀ..'ਜਪਣ, ਦੇਵੀ ਪੂਜਾ, ਨਾਲ ਆਤਮਕ ਜੀਵਨ ਉੱਚਾ ਨਹੀ ਹੋਣਾ।

**(੧੫) ਪੰਨਾ ੮੦੯ ਤੋਂ ੧੩੮੮ ਤਕ :**ਅਥ ਪਾਖਯਾਨ ਚਰਿਤ੍ਰ ਲਿਖਯਤੇ॥ ਦੇਵੀ ਪੂਜਕ ਲਿਖਾਰੀ ਨੇ **ਸ਼ੁਰੂਆਤ ਦੇਵੀ ਉਸਤਤ *ਚੰਡੀ ਚਰਿਤ੍ਰ*** ਨਾਲ ਕੀਤੀ।ਪੰਨਾ ੮੧੦ ਤੇ ਲਿਖਿਆ **ਕਾਲ ਦਾ ਸਰੂਪ** ਖ਼ਾਸ ਤੌਰ ਤੇ ਧਿਆਨ ਨਾਲ ਪੜ੍ਹਿਆ ਤੇ ਸਮਝਿਆ ਜਾਵੇ। **ਰਚਨਹਾਰੇ ਕਬਿ ਸਯਾਮ, ਕਬਿ ਰਾਮ, ਕਬਿ ਕਾਲ ਨਾਮਕ ਕਵੀਆਂ ਦੀ ਕਵੀ ਛਾਪ (ਤਖੱਲਸ) ਅਨੇਕਾਂ ਥਾਂਈਂ ਮਿਲਦੀ ਹੈ । ਚਰਿਤ੍ਰ ੨੬੬ ਦਾ ਆਖਰੀ ਦੋਹਰਾ :** ਮਹਾਕਾਲ ਦਾ ਸਿਖ ਛਲ ਕਪਟ ਕਰਕੇ ਭੰਗ ਤੇ ਸ਼ਰਾਬ ਪਿਲਾ ਕੇ ਹੀ ਬਣਾਇਆ ਜਾਂਦਾ ਹੈ। ਆਖਰੀ ਤ੍ਰਿਯਾ ਚਰਿਤ੍ਰ ਨੰ: ੪੦੫ ਦੇ ਅਖੀਰ ਵਿਚ **ਚੋਪਈ ॥ ਹਮਰੀ ਕਰੋ ਹਾਥ ਦੈ ਰਛਾ॥...... ਮਹਾਕਾਲ ਦੇ ਅੱਗੇ ਕੀਤੀ** ਗਈ ਬੇਨਤੀ ਹੈ । ਅਨੇਕਾਂ ਚਰਿਤ੍ਰਾਂ ਵਿਚ ਅਸ਼ਲੀਲ ਭਾਸ਼ਾ, ਨਸ਼ੇ ਪ੍ਰੇਰਕ, ਨਾਜਾਇਜ਼-ਸੰਬੰਧ ਪ੍ਰੇਰਕ ਕਥਾਵਾਂ, ਕੇਸ ਨਾਸ਼ਕ ਤੇਲ ਵਰਤਣ ਦੀ ਵਿਧੀ ਦਸਣ ਵਾਲੀਆਂ ਕਥਾਂਵਾਂ ਉੱਕਾ ਹੀ **ਗੁਰਬਾਣੀ / ਸਿਖ ਸਿਧਾਂਤਾਂ ਦੇ ਵਿਰੁਧ** ਹਨ।

**(੧੬) ਪੰਨਾ ੧੩੮੯ ਤੋਂ ੧੩੯੪ ਤਕ :** ਜ਼ਫ਼ਰਨਾਮਹ॥ ਇਸ ਰਚਨਾ ਵਿਚ ਔਰੰਗਜ਼ੇਬ ਬਾਦਸ਼ਾਹ ਦੀ ਤਾਰੀਫ਼ ਵੀ ਕੀਤੀ ਗਈ ਹੈ ਕਿ ਤੂੰ ਸੁੰਦਰ ਸਰੂਪ ਵਾਲਾ,ਜਲਾਲ ਵਾਲਾ, ਚੰਗੀ ਜ਼ਮੀਰ ਵਾਲਾ, ਦੇਗ ਤੇਗ ਦਾ ਮਾਲਕ, ਬਖ਼ਸ਼ਿਸ਼ ਕਰਨ ਵਾਲਾ ਹੈਂ; ਤੇਰੀਆਂ ਦੇਵਤਿਆਂ ਵਰਗੀਆਂ ਸਿਫ਼ਤਾਂ ਹਨ (ਸ਼ੇਅਰ ੮੯ ਤੋਂ ੯੩ ਤਕ) । ਜ਼ਰਾ ਸੋਚੀਏ, ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਵਰਗੇ ਜ਼ਾਲਮ ਹਾਕਮ ਦੀ ਵਡਿਆਈ ਕਿਉਂ ਕਰਣਗੇ ? ਫਿਰ ਸ਼ੇਅਰ ੪੬ ਅਤੇ ੯੪ ਵਿਚ 'ਧਰਮ ਤੋਂ ਦੂਰ ਹੈਂ' ਕਿਹਾ ਹੈ। ਆਪਾ-ਵਿਰੋਧੀ ਬਿਆਨ ਕਿਵੇਂ ? ਇਸ ਰਚਨਾ ਨੂੰ ਹਿਕਾਯਤ ਨੰ: ੧ ਕਰਕੇ ਲਿਖਿਆ ਹੈ !?

**(੧੭) ਪੰਨਾ ੧੩੯੪ ਤੋ ੧੪੨੮ ਤਕ:** ਹਿਕਾਯਤਾਂ , ( ਜ਼ਫ਼ਰਨਾਮਹ ਨਾਲ ਮਿਲਾ ਕੁਲ ਗਿਣਤੀ ੧੨) **ਮਜ਼ਮੂਨ ਤ੍ਰਿਯਾ ਚਰਿਤ੍ਰ ਹੀ ਹੈ । ਰਚਨਹਾਰਾ ਕਬਿ ਸਯਾਮ ਹੀ ਹੈ ।** ਕਵੀ ਸ਼ਯਾਮ ਫ਼ਾਰਸੀ ਜ਼ਬਾਨ ਜਾਣਦਾ ਹੈ (ਵੇਖੋ ਕ੍ਰਿਸਨਾਵਤਾਰ, ਪੰਨਾ ੪੯੭, ਪ੍ਰਸੰਗ ਕਾਲਜਮਨ ਦੈਤ ਬਧ)। ਹਿਕਾਯਤ ਨੰ: ੫ (ਪੰਨਾ ੧੪੦੬) ਦੀ ਕਹਾਣੀ ਅਤੇ ਚਰਿਤ੍ਰੋ ਪਾਖਯਾਨ ੨੬੭ (ਪੰਨਾ ੧੨੧੦) ਕਹਾਣੀ ਇਕੋ ਜਹੀ ਹੈ ; ਠੀਕ ਇਸੇ ਤਰ੍ਹਾਂ ਹਿਕਾਯਤ ਨੰ: ੧੨ (ਪੰਨਾ ੧੪੨੭) ਦੀ ਕਹਾਣੀ ਚਰਿਤ੍ਰੋ ਪਾਖਯਾਨ ਨੰ:੨੨੧ (ਪੰਨਾ ੧੧੩੧) ਦੀ ਕਹਾਣੀ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। **ਨਸ਼ੇ ਵਰਤਣ ਲਈ ਉਕਸਾਉਣ ਵਾਲੀਆਂ ਰਚਨਾਂਵਾਂ ।**

**ਲਿਖਾਰੀਆਂ ਦੀ ਕਵੀ-ਛਾਪ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਗ੍ਰੰਥ ਦੇ ਰਚਨਹਾਰੇ, ਚਰਿਤ੍ਰੋ ਪਾਖਯਾਨ ਆਦਿਕ ਦੇ ਲਿਖਾਰੀ ਕਵੀ ਸਯਾਮ, ਕਵੀ ਰਾਮ ਆਦਿਕ ਹਨ,ਇਹਨਾਂ ਹਿਕਾਯਤਾਂ ਦੇ ਲਿਖਾਰੀ ਵੀ ਇਹ ਕਵੀ ਹੀ ਹਨ, ਨਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ । ਇਸ਼ਟ ਦਾ ਸਰੂਪ, ਔਰਤ ਬਾਰੇ ਗ਼ਲਤ ਵਿਚਾਰਧਾਰਾ, ਲਿਖਾਰੀ ਭੁਲਣਹਾਰ, ਅਸ਼ਲੀਲ ਸ਼ਬਦਾਵਲੀ, ਭੰਗ-ਸ਼ਰਾਬ ਪੀਣ ਬਾਰੇ ਗੁਰਬਾਣੀ ਵਿਰੁਧ ਉਪਦੇਸ਼ ਆਦਿਕ ਪੱਖਾਂ ਨੂੰ ਵੀਚਾਰਿਆਂ ਸਪਸ਼ਟ ਹੋ ਜਾਂਦਾ ਹੈ ਕਿ ਸਾਰਾ ਗ੍ਰੰਥ ਗੁਰਮਤਿ-ਵਿਰੋਧੀ ਕਵੀਆਂ ਦਾ ਰਚਿਆ ਹੋਇਆ ਹੈ ।**

# ਬਚਿਤ੍ਰ ਨਾਟਕ ਗ੍ਰੰਥ / ਅਖਉਤੀ ਦਸਮ ਗ੍ਰੰਥ ਦਾ ਰਚਨਹਾਰਾ ਕੌਣ ?



**ਦਸਮ ਅੱਖਰ ਲਿਖੇ ਹੋਣ ਤੋਂ ਭੁਲੇਖਾ** ਪੈਂਦਾ ਹੈ ਕਿ ਇਹ ਗ੍ਰੰਥ ਦਸਮ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਰਚਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਕਈ ਸਾਲ ਬਾਦ ਸਿਖ-ਵਿਰੋਧੀਆਂ ਨੇ ਕਈ ਗ੍ਰੰਥ ਸਿਖ ਕੌਮ ਨੂੰ ਗੁਮਰਾਹ ਕਰਣ ਲਈ ਰਚੇ ਜਿੰਨ੍ਹਾਂ ਵਿਚੋਂ ਇਕ ਗ੍ਰੰਥ **ਬਚਿਤ੍ਰ ਨਾਟਕ (Strange Drama)** ਗ੍ਰੰਥ ਕਰਕੇ ਜਾਣਿਆ ਗਿਆ ਜਿਸ ਦੀਆਂ ਰਚਨਾਂਵਾਂ ਦੇ ਸਮਾਪਤੀ-ਸੰਕੇਤ ਸਿਧ ਕਰਦੇ ਹਨ ਕਿ ਇਸ ਗ੍ਰੰਥ ਦਾ ਆਧਾਰ ਤਿੰਨ ਬ੍ਰਾਹਮਣੀ ਗ੍ਰੰਥ ਹਨ :-

**(੧) ਮਾਰਕੰਡੇਯ ਪੁਰਾਣ :-** ਜਿਸ ਦੀ ਨਾਇਕਾ ਦੇਵੀ ਦੁਰਗਾ ਹੈ ਅਤੇ ਉਸਦੇ ਹੋਰ ਸਰੂਪ ਅਥਵਾ ਨਾਂ ਭਵਾਨੀ, ਸ਼ਿਵਾ, ਭਗਉਤੀ, ਕਾਲਕਾ, ਕਾਲ, ਕਾਲੀ, ਮਹਾਕਾਲੀ, ਚੰਡੀ.. ਹਨ ।

**(੨) ਸ੍ਰੀ ਮਦ ਭਾਗਵਤ ਪੁਰਾਣ:-** ਜਿਸ ਦਾ ਨਾਇਕ ਦੇਵਤਾ ਵਿਸ਼ਨੂ ਹੈ ਅਤੇ ਉਸਦੇ ਅਵਤਾਰ ਰਾਮਚੰਦ੍ਰ, ਕ੍ਰਿਸ਼ਨ, ਮੱਛ, ਕੱਛ, ਵਰਾਹ ਆਦਿਕ ੨੪ ਅਵਤਾਰ ਕਹੇ ਜਾਂਦੇ ਹਨ ।

**(੩) ਸ਼ਿਵ ਪੁਰਾਣ :-** ਜਿਸ ਦਾ ਨਾਇਕ ਦੇਵਤਾ ਸ਼ਿਵ ਹੈ ਅਤੇ ਉਸਦੇ ਭਿਆਨਕ ਵਿਨਾਸ਼ਕਾਰੀ ਸਰੂਪ ਮਹਾਕਾਲ, ਸਰਬਕਾਲ ਆਦਿਕ ਹਨ । ਅਸ਼ਲੀਲ ਤ੍ਰਿਯਾ-ਚਰਿਤ੍ਰਾਂ ਦਾ ਆਧਾਰ ਵੀ ਇਹੀ ਪੁਰਾਣ ਹੈ ।

ਬਚਿਤ੍ਰ ਨਾਟਕ ਗ੍ਰੰਥ ਦੀਆਂ ਰਚਨਾਵਾਂ ਚੰਡੀ ਦੀਆਂ ਤਿੰਨ ਵਾਰਾਂ, ਤ੍ਰਿਯਾ ਚਰਿਤ੍ਰੋ ਪਾਖਯਾਨ ਅਤੇ ਹਿਕਾਇਤਾਂ ਆਦਿਕ ਪੜ੍ਹਨ ਤੇ ਸਪਸ਼ਟ ਹੁੰਦਾ ਹੈ ਕਿ ਲਿਖਾਰੀ ਤਾਂਤ੍ਰਿਕ ਮਤ ਦਾ ਧਾਰਨੀ ਹੈ, ਮਹਾਕਾਲੀ ( ਦੇਵੀ ਦੁਰਗਾ ਦਾ ਭਿਆਨਕ ਵਿਨਾਸ਼ਕਾਰੀ ਸਰੂਪ ) ਦਾ ਊਪਾਸਕ ਹੈ। ਰਚਨਹਾਰੇ ਲਿਖਾਰੀ ਦਾ ਨਾਂ ਜਾਣਨ ਲਈ ਇਸ ਗ੍ਰੰਥ ਦੀ ਡੂੰਘੀ ਪੜਚੋਲ ਕਰਣ ਲਈ ਹੇਠ ਲਿਖੇ ਅੰਦਰਲੇ ਪ੍ਰਮਾਣ ਧਿਆਨ ਨਾਲ ਵਾਚਣੇ ਜ਼ਰੂਰੀ ਹਨ :-

**ਸਿਰਲੇਖ 'ਪਾਤਸ਼ਾਹੀ ੧੦' :** ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਪੰਜ ਅਗਲੇ ਸਰੂਪਾਂ ਦੀ ਧੁਰ ਕੀ ਬਾਣੀ ਦਰਜ ਹੈ। ਹਰ ਗੁਰ-ਹਸਤੀ ਲਈ 'ਮਹਲਾ' (ਜਿਸਦਾ ਅਰਥ ਹੈ 'ਸ਼ਰੀਰ') ਵਿਸ਼ੇਸ਼ਣ ਵਰਤਿਆ ਗਿਆ ਹੈ ਜਿਵੇਂ ਕਿ ਮਹਲਾ ੧, ਮਹਲਾ ੨,.., ਮਹਲਾ ੯ ਆਦਿਕ। ਕਿਤੇ ਵੀ 'ਪਾਤਸ਼ਾਹੀ' ਵਿਸ਼ੇਸ਼ਣ ਨਹੀ ਲਿਖਿਆ । ਗੁਰੂ ਕੇ ਸਿਖ ਅਦਬ-ਸਤਕਾਰ ਵਜੋਂ ਗੁਰੂ ਸਾਹਿਬ ਅਗੇ ਅਰਜ਼ ਕਰਦਿਆਂ 'ਪਾਤਸ਼ਾਹ' ਜਾਂ 'ਸੱਚੇ ਪਾਤਸ਼ਾਹ' ਨਿਮਰਤਾ ਸਹਿਤ ਆਖ ਕੇ ਬੇਨਤੀ / ਅਰਦਾਸ ਕਰਦੇ ਸਨ ਅਤੇ ਹੁਣ ਭੀ ਕਰਦੇ ਹਨ। ਨੌਂ ਗੁਰੂਆਂ ਦੀ ਚਲੀ ਆ ਰਹੀ ਪਰੰਪਰਾ ਨੂੰ ਦਸਵੇਂ ਨਾਨਕ ਨੇ ਨਹੀ ਤੋੜਿਆ। ਅਸੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ 'ਆਦਿ ਗ੍ਰੰਥ' ਵਿਚ ਨੌਵੇਂ ਨਾਨਕ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾਈ ਅਤੇ ਹਰ ਸ਼ਬਦ ਦਾ ਸਿਰਲੇਖ 'ਮਹਲਾ ੯' ਲਿਖਵਾਇਆ, ਨ ਕਿ 'ਪਾਤਸ਼ਾਹੀ ੯' ਪਰੰਤੂ ਕਵੀਆਂ ਦੀ ਕੱਚੀ ਰਚਨਾ ਨੂੰ ਪ੍ਰਮਾਣੀਕ ਦਰਸਾਉਣ ਲਈ ਅਤੇ ਗੁਰਸਿਖਾਂ ਨੂੰ ਗੁਮਰਾਹ ਕਰਣ ਲਈ **ਪੰਥ-ਦੋਖੀਆਂ ਨੇ 'ਪਾਤਸ਼ਾਹੀ ੧੦'ਲਿਖ ਦਿੱਤਾ।** ਪੰਥ-ਦੋਖੀਆਂ ਦੀ ਇਹ ਧੋਖਾਧੜੀ ਹੇਠ ਲਿਖੇ ਪ੍ਰਮਾਣਾਂ ਤੋਂ ਪਕੜੀ ਜਾਂਦੀ ਹੈ:-

**ਪੰਨਾ ੧੫੫ :- ੧ੴ ਵਾਹਿਗੁਰੂ ਜੀ ਕੀ ਫਤੇ ॥ ਪਾਤਸ਼ਾਹੀ ੧੦ ॥ ਅਥ ਚੌਬੀਸ ਅਵਤਾਰ ॥**
**ਚਉਪਈ ॥ ਅਬ ਚਉਬੀਸ ਉਚਰੋਂ ਅਵਤਾਰਾ ॥ ਜਿਹ ਬਿਧ ਤਿਨ ਕਾ ਲਖਾ ਅਖਾਰਾ ॥**
**ਸੁਨੀਅਹੁ ਸੰਤ ਸਭੈ ਚਿਤ ਲਾਈ ॥ ਬਰਨਤ 'ਸਯਾਮ' ਜਥਾ ਮਤ ਭਾਈ ॥੧॥**

ਕਵੀ ਸਯਾਮ ਦੀ 'ਕਵੀ ਛਾਪ' ਸਪਸ਼ਟ ਦਸ ਰਹੀ ਹੈ ਕਿ ਇਹ ਲਿਖਤ ਗੁਰੂ ਗੋਬਿੰਦ ਸਿੰਘ ਜੀ ਦੀ ਨਹੀ ।

**ਪੰਨਾ ੬੬੯ :-** ਪੁੰਨ ਕਥਾ ਮੁਨਿ ਨੰਦਨ ਕੀ ਕਹਿ ਕੈ ਮੁਖ ਸੋ **ਕਬਿ ਸਯਾਮ ਬਖਾਨੀ ॥**
ਪੂਰਨ ਧਿਆਇ ਭਯੋ ਤਬ ਹੀ **ਜਯ ਸ੍ਰੀ ਜਗਨਾਥ ਭਵੇਸ ਭਵਾਨੀ ॥ (ਭਵਾਨੀ = ਦੁਰਗਾ)**

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਦੱਤ ਮਹਾਤਮ ਰੁਦ੍ਰ ਅਵਤਾਰ ਪ੍ਰਬੰਧ ਸਮਾਪਤੰ ਸੁਭੰ ਭਵੇਤ ਗੁਰੂ ਚਉਬੀਸ॥੨੪॥

੧ੴ ਅਥ ਪਾਰਸ ਨਾਥ ਰੁਦ੍ਰ ਅਵਤਾਰ ਕਥਨੰ ॥ **ਪਾਤਿਸਾਹੀ ੧੦** ॥ ਚੌਪਈ ॥ ਇਹ ਬਿਧ ਦੱਤ ਰੁਦ੍ਰ ਅਵਤਾਰਾ॥ ਪੂਰਣ ਮਤ ਕੋ ਕੀਨ ਪਸਾਰਾ॥ਅੰਤ ਜੋਤ ਸੋ ਜੋਤਿ ਮਿਲਾਨੀ॥ਜਿਹ ਬਿਧਿ ਸੋ **ਪਾਰਬ੍ਰਹਮ ਭਵਾਨੀ** ॥੧॥**(ਪੰਨਾ ੬੬੯)**

**ਉਪਰੋਕਤ ਪੰਕਤੀਆਂ ਤੋਂ ਸਪਸ਼ਟ** ਹੁੰਦਾ ਹੈ ਕਿ ਕਵੀ ਸਯਾਮ ਦੀ ਲਿਖਤ ਵਿਚ ਪਾਤਸਾਹੀ ੧੦ ਸਿਖਾਂ ਨੂੰ ਧੋਖਾ ਦੇਣ ਦੀ ਨੀਯਤ ਨਾਲ ਦਰਜ ਕੀਤਾ ਗਿਆ ਹੈ ਅਤੇ ਦੇਵੀ ਭਵਾਨੀ (ਦੁਰਗਾ) ਨੂੰ ਪਾਰਬ੍ਰਹਮ ਮੰਨਣ ਵਾਲਾ , ਜਗਤ ਨਾਥ ਆਖਣ ਵਾਲਾ ਦੁਰਗਾ-ਪੂਜਕ ਕੋਈ ਨਕਲੀ ਕਵੀ ਸਯਾਮ ਹੈ, ਨਾ ਕਿ ਦਸਮ ਨਾਨਕ ਗੁਰੂ ਗੋਬਿੰਦ ਸਿੰਘ ਜੀ ।

**ਇਤਿਹਾਸ ਗਵਾਹ ਹੈ** ਕਿ ਗੁਰੂ ਗੋਬਿੰਦ ਸਿੰਘ ਜੀ ਪੰਜ ਸਾਲ ਦੀ ਆਯੂ ਵਿਚ ਪਟਨਾ ਤੋਂ ਪੰਜਾਬ ਆ ਗਏ ਸਨ ਅਤੇ ੩੩ ਸਾਲ ਪੰਜਾਬ ਵਿਚ ਗੁਜ਼ਾਰੇ ਪਰ ਹੈਰਾਨੀ ਦੀ ਗਲ ਹੈ ਇਸ ਅਖਉਤੀ ( so-called) ਦਸਮ ਗ੍ਰੰਥ ਵਿਚ ਪੰਜਾਬੀ ਦੀ ਬਜਾਏ ਬ੍ਰਜ-ਭਾਸ਼ਾ ਅਤੇ ਰਾਜਸਥਾਨ ਦੀ ਡਿੰਗਲ ਸ਼ੈਲੀ ਪ੍ਰਧਾਨ ਹੈ ਅਤੇ ਇਹ ਭਾਸ਼ਾ ਕਵੀ ਸਯਾਮ , ਕਵੀ ਰਾਮ ਦੀ ਹੈ।

ਇਹਨਾਂ ਜਾਅਲੀ ਕਵੀਆਂ ਦੀ ਕਵੀ ਛਾਪ ਇਸ ਗ੍ਰੰਥ ਵਿਚ ਹੇਠ ਲਿਖੇ ਅਨੇਕਾਂ ਪੰਨਿਆਂ ਤੇ ਲਿਖੀ ਮਿਲਦੀ ਹੈ :-

**ਕਵੀ ਸਯਾਮ ਦੀ ਕਵੀ-ਛਾਪ:-** ਪੰਨਾ ਨੰਬਰਾਂ ੧੫੫ - ੧੬੦ - ੨੧੩ - ੨੫੭ - ੨੬੫ - ੨੬੭ - ੨੬੮ - ੨੬੯ - ੨੭੦ - ੨੭੩ - ੨੮੧ - ੨੮੨ - ੨੮੪ - ੨੮੮ - ੨੯੧ - ੨੯੪ - ੨੯੭ - ੨੯੮ - ੩੦੧ - ੩੦੩ - ੩੦੪ - ੩੧੦ - ੩੧੨ - ੩੧੩ - ੩੧੪ - ੩੧੫ - ੩੧੬ - ੩੧੭ - ੩੧੮ - ੩੧੯ - ੩੨੧ ਤੋਂ ੩੩੭ ਤਕ - ੩੩੯ ਤੋਂ ੩੪੩ ਤਕ - ੩੪੬ - ੩੪੯ - ੩੫੦ - ੩੫੨ - ੩੫੩ - ੩੫੪ - ੩੫੬ - ੩੫੭ - ੩੬੦ - ੩੬੧ - ੩੬੩ - ੩੬੬ - ੩੬੭ - ੩੬੮ - ੩੭੧ - ੩੭੨ - ੩੭੩ - ੩੭੪ - ੩੭੮ ਤੋਂ ੩੮੩ - ੩੮੫ - ੩੮੭ ਤੋਂ ੩੯੦ - ੩੯੨ - ੪੦੩ - ੪੦੫ - ੪੦੬ - ੪੦੭ - ੪੦੯ - ੪੧੩ - ੪੧੪ - ੪੧੮ - ੪੨੫ - ੪੩੧ - ੪੩੪ - ੪੩੬ - ੪੩੭ - ੪੬੭ - ੪੭੧ - ੪੭੨ - ੪੭੬ - ੪੭੮ ਤੋਂ ੪੮੨ - ੪੮੪ - ੪੮੫ - ੪੮੭ - ੪੮੮ - ੪੯੧ ਤੋਂ ੪੯੫ - ੪੯੭ ਤੋਂ ੫੦੮ - ੫੧੨ - ੫੧੫ - ੫੧੬ - ੫੧੮ - ੫੧੯ - ੫੨੧ ਤੋਂ ੫੨੪ - ੫੨੬ ਤੋਂ ੫੩੨ - ੫੩੪ ਤੋਂ ੫੩੭ - ੫੩੯ ਤੋਂ ੫੪੬ - ੫੪੮ ਤੋਂ ੫੫੧ - ੫੫੩ - ੫੫੪ - ੫੫੬ - ੫੫੭ - ੫੫੯ - ੫੬੦ - ੫੬੨ ਤੋਂ ੫੬੫ - ੫੬੯ - ੬੬੯ - ੯੮੯ - ੧੧੩੮ - ੧੨੪੫ - ੧੨੯੪ - ੧੩੫੫ ( ਕਈ ਪੰਨਿਆਂ ਤੇ ਦੋ, ਤਿੰਨ ਜਾਂ ਚਾਰ ਵਾਰੀ ਵੀ 'ਕਬਿ ਸਯਾਮ ਭਨੈ' , ਕਹੈ ਕਬਿ ਸਯਾਮ, ਕਬਿ ਸਯਾਮ ਕਹੈ, ਬਰਨਤ ਸਯਾਮ, ਕਬਿ ਸਯਾਮ ਬਖਾਨੀ ਅਤੇ ਕਿਤੇ ਸਿਰਫ਼ 'ਸਯਾਮ' ਆਦਿਕ ਛਾਪ ਲਿਖੀ ਮਿਲਦੀ ਹੈ । )

**ਕਵੀ ਰਾਮ ਦੀ ਕਵੀ-ਛਾਪ :-** ਬਚਿਤ੍ਰ ਨਾਟਕ ਗ੍ਰੰਥ ਦੇ ਪੰਨਾ ਨੰਬਰਾਂ ੪੦੪ - ੪੦੮ - ੪੧੦ - ੪੧੨ - ੪੧੭ - ੪੧੯ - ੪੨੬ - ੪੩੯ - ੪੪੧ - ੪੫੪ - ੪੯੯ - ੮੩੫ - ੮੪੯ - ੮੫੧ - ੮੮੪ ਤੇ ਕਵੀ ਰਾਮ ਦੀ ਛਾਪ ਹੈ। ਨੋਟ ਕੀਤਾ ਜਾਵੇ ਕਿ ਇਹਨਾਂ ਪੰਨਿਆਂ ਦੇ ਆਸ-ਪਾਸ ਦੇ ਪੰਨਿਆਂ ਤੇ ਕਵੀ ਸਯਾਮ ਦੀ ਛਾਪ ਵੀ ਹੈ ਜਿਸਤੋਂ ਸਿਧ ਹੁੰਦਾ ਹੈ ਕਿ ਇਹ ਦੋਂਵੇਂ ਕਵੀ ਇਕੋ ਹੀ ਵਿਚਾਰਧਾਰਾ (ਵਾਮ ਮਾਰਗੀ ਦੇਵੀ ਪੂਜਕ) ਹਨ ਤੇ ਲਿਖਣ-ਸ਼ੈਲੀ ਵੀ ਇਕੋ ਜਹੀ ਹੈ।

**ਕਵੀ ਕਾਲ ਦੀ ਕਵੀ-ਛਾਪ :** ਪੰਨਾ ੧੧੨੮ ਤੇ ਲਿਖਿਆ ਹੈ 'ਸੁ ਕਬਿ ਕਾਲ ਤਬ ਹੀ ਭਯੋ ਪੂਰਨ ਕਥਾ ਪ੍ਰਸੰਗ॥'
**ਸਾਰਾ ਬਚਿਤ੍ਰ ਨਾਟਕ ਗ੍ਰੰਥ ਪੜ੍ਹਿਆਂ ਕਿਤੇ ਵੀ ਕਵੀ-ਛਾਪ (ਤਖ਼ੱਲਸ) ਨਾਨਕ ਲਿਖਿਆ ਨਹੀ ਮਿਲਦਾ ਜੈਸਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਨੌਂਵੇਂ ਨਾਨਕ ਤਕ ਗੁਰੂ ਸਾਹਿਬਾਨ ਨੇ ਲਿਖਿਆ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਬਚਿਤ੍ਰ ਨਾਟਕ ਗ੍ਰੰਥ ਦੇ ਲਿਖਾਰੀ ਅਥਵਾ ਰਚਨਹਾਰ ਗੁਰੂ ਗੌਬਿੰਦ ਸਿੰਘ ਜੀ ਨਹੀ ਹਨ ।**

ਸ਼ਾਕਤ-ਮਤੀਏ ਵਾਮ ਮਾਰਗੀ ਲੋਕਾਂ ਦੀ ਜੀਵਨ-ਜੁਗਤਿ ਵਿਚ ਮਤੱਸਯ(ਮਾਸ-ਮਛੀ), ਮਦਿਰਾ(ਸ਼ਰਾਬ ਅਤੇ ਸਾਰੇ ਨਸ਼ੀਲੇ ਪਦਾਰਥ), ਮੈਥੁਨ (ਪਰ-ਇਸਤ੍ਰੀ , ਪਰ-ਪੁਰਸ਼ ਸੰਬੰਧ) ਛਕਣ / ਭੋਗਣ ਦੀ ਖੁੱਲੀ ਛੂਟ ਹੈ। ਅਸ਼ਲੀਲ ਸ਼ਬਦਾਵਲੀ ਦੀ ਵਰਤੋਂ ਦੀ ਇਹਨਾਂ ਨੂੰ ਪੂਰੀ ਖੁੱਲ ਹੈ। ਆਪਣੀ ਇਸ਼ਟ-ਦੇਵੀ ਮਹਾਕਾਲੀ ਦੀ ਉਪਾਸਨਾ ਕਰਦਿਆਂ ਸ਼ਲੋਕ ਉਚਾਰਦੇ ਹਨ :-
**ਲਿੰਗਸਥਾ ਲਿੰਗਨੀ ਲਿੰਗ-ਰੂਪਿਣੀ ਲਿੰਗ-ਸੁੰਦਰੀ ॥ ਲਿੰਗ-ਗੀਤਿ-ਮਹਾਪ੍ਰੀਤਾ ਭਗ-ਗੀਤਿ-ਮਹਾ-ਸੁਖਾ ॥......**
**ਭਗਲਿੰਗ-ਅੰਮ੍ਰਿਤ-ਪ੍ਰੀਤਾ ਭਗ ਲਿੰਗ ਸਵਰੂਪਿਣੀ ॥ ਭਗਲਿੰਗਸਯ ਰੂਪਾ ਚ ਭਗਲਿੰਗ ਸੁਖਾਵਹਾ ॥.........**
( ਮਹਾਕਾਲੀ ਉਪਾਸਨਾ, ਪੰਨਾ ੭੭, ਲੇਖਕ ਸਵਾਮੀ ਉਗ੍ਰ ਚੰਡੇਸ਼ਵਰ 'ਕਪਾਲੀ' ਕਾਲੀ ਤਾਂਤ੍ਰਿਕ ਸ਼ਮਸ਼ਾਨਵਾਸੀ ;ਪ੍ਰਕਾਸ਼ਕ ਰਣਧੀਰ ਬੁਕ ਸੇਲਜ਼, ਰੇਲਵੇ ਰੋਡ, ਆਰਤੀ ਹੋਟਲ ਕੇ ਪੀਛੇ, ਹਰਿਦਵਾਰ-੨੪੯੪੦੧; ਸਨ ੧੯੯੮ ਵਿਚ ਛਪੀ ਪੁਸਤਕ) ।
ਐਸੀ ਅਸ਼ਲੀਲ ਸ਼ਬਦਾਵਲੀ ਬਚਿਤ੍ਰ ਨਾਟਕ ਗ੍ਰੰਥ ਵਿਚ ਵੀ ਲਿਖੀ ਹੈ :-
**ਪੰਨਾ ੪੬ :- ਪ੍ਰੀਤ ਕਰੇ ਪ੍ਰਭੁ ਪਾਯਤ ਹੈ ਕਿਰਪਾਲ ਨ ਭੀਜਤ ਲਾਂਡ ਕਟਾਏ ॥ਛੰਦ ੧੦੦॥ (ਸ੍ਰੀ ਕਾਲ ਜੀ ਕੀ ਉਸਤਤ ਵਿਚੋਂ)**
ਤ੍ਰਿਯਾ ਚਰਿਤ੍ਰੋ ਪਾਖਯਾਨਾਂ ਵਿਚ ਤਾਂ ਅਸ਼ਲੀਲਤਾ ਸਾਰੇ ਹੱਦ-ਬੰਨੇ ਟਪ ਗਈ ... ਪੰਨਾ ੧੩੫੮, ਚਰਿਤ੍ਰ ਨੰ: ੪੦੪ ...
ਪੋਸਤ ਭਾਂਗ ਅਫ਼ੀਮ ਖਿਲਾਇ ॥ ਆਸਨ ਤਾਂ ਤਰ ਦਿਯੋ ਬਨਾਇ ॥ ਚੁੰਬਨ ਰਾਇ ਅਲਿੰਗਨ ਲਏ ॥ ਲਿੰਗ ਦੇਤ ਤਿਹ ਭਗ ਮੋ ਭਏ ॥੨੪॥ ਭਗ ਮੋ ਲਿੰਗ ਦਿਯੋ ਰਾਜਾ ਜਬ ॥ ਰੁਚਿ ਉਪਜੀ ਤਰੁਨੀ ਕੇ ਜਿਯ ਤਬ॥...... ॥੨੫॥

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵਰਗੀ ਮਹਾਨ ਸ਼ਖ਼ਸੀਅਤ ਨੂੰ ਉਪਰੋਕਤ ਰਚਨਾਂਵਾਂ ਦਾ ਰਚਨਹਾਰ ਮੰਨਣ ਵਾਲੇ ਪੰਥ-ਦੋਖੀ ਹੀ ਹੋ ਸਕਦੇ ਹਨ ; ਅਕਿਰਤਘਣ ਮਨੁਖ ਹੀ ਹੋ ਸਕਦੇ ਹਨ, ਨ ਕਿ ਕੋਈ ਗੁਰੂ-ਖਾਲਸਾ-ਪੰਥ-ਦਰਦੀ । **ਪੂਰੇ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਬਚਿਤ੍ਰ ਨਾਟਕ ਗ੍ਰੰਥ ਦੇ ਰਚਨਹਾਰ / ਲਿਖਾਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਹੀ ਹਨ ਬਲਕਿ ਵਾਮ-ਮਾਰਗੀ ਮਹਾਕਾਲ-ਕਾਲਕਾ-ਪੂਜਕ ਨਕਲੀ ਕਵਿ ਸਯਾਮ, ਕਵਿ ਰਾਮ ਤੇ ਕਵਿ ਕਾਲ ਹੀ ਹਨ ।**
**ਜ਼ਰਾ ਸੋਚੀਏ, ਕੀ ਗੁਰੂ ਗ੍ਰੰਥ ਸਾਹਿਬ ਜੀ ਪੂਰਨ ਗੁਰੂ ਨਹੀ ਹਨ ?** ਅਸੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਧੁਰ ਕੀ ਅੰਮ੍ਰਿਤ-ਮਈ ਬਾਣੀ ਸਾਡਾ ਲੋਕ-ਪਰਲੋਕ ਸੁਹੇਲਾ ਯਕੀਨਨ ਕਰ ਸਕਦੀ ਹੈ ; ਗੁਰੂ ਗ੍ਰੰਥ ਸਾਹਿਬ ਜੀ ਪੂਰਨ ਗੁਰੂ ਹਨ ਜਿਸ ਵਿਚ ੩੫ ਪਰਵਾਨ-ਚੜੇ ਬ੍ਰਹਮਗਿਆਨੀ ਬਾਣੀ ਰੂਪ ਹੋ ਕੇ ਬੈਠੇ ਹਨ ਫਿਰ ਸਾਨੂੰ ਕੀ ਲੋੜ ਹੈ ਕਿਸੇ ਹੋਰ ਗ੍ਰੰਥ ਵਲ ਝਾਂਕਣ ਦੀ। ਚੇਤੇ ਰਖੀਏ, ਪਾਵਨ ਗੁਰਵਾਕ

**ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ ॥ (ਗੁਰੂ ਗ੍ਰੰਥ ਸਾਹਿਬ, ਅੰਗ ੧੩੮੪)**

# ਅਖਉਤੀ ਦਸਮ ਗ੍ਰੰਥ ਦਾ 'ਲਿਖਾਰੀ ਭੁਲਣਹਾਰ' 

ਇਸ ਗ੍ਰੰਥ ਵਿਚ ਦਰਜ ਹੇਠ ਲਿਖੀਆਂ ਪੰਕਤੀਆਂ ਸਿਧ ਕਰਦੀਆਂ ਹਨ ਕਿ ਲਿਖਾਰੀ ਤੋਂ ਕਈ ਭੁਲਾਂ ਹੋ ਗਈਆਂ ਜਿਨ੍ਹਾਂ ਦੀ ਜਿਵੇਂ ਠੀਕ ਲਗੇ, ਪਾਠਕ ਆਪ ਹੀ ਸੁਧਾਈ ਕਰ ਸਕਦਾ ਹੈ ।

ਪੰਨਾ ੧੮੧ :- ਨਿਰਖ ਭੂਲਿ ਕਬਿ ਕਰੋ ਨ ਹਾਸੀ ॥
ਪੰਨਾ ੨੫੪ :- ਤਵਪ੍ਰਸਾਦਿ ਕਰਿ ਗ੍ਰੰਥ ਸੁਧਾਰਾ ॥ ਭੂਲ ਪਰੀ ਲਹੁ ਲੇਹੁ ਸੁਧਾਰਾ ॥
ਪੰਨਾ ੩੧੦ :- ਕ੍ਰਿਸਨ ਜਥਾ ਮਤ ਚਰਿਤ੍ਰ ਉਚਾਰੋ ॥ ਚੂਕ ਹੋਇ ਕਬਿ ਲੇਹੁ ਸੁਧਾਰੋ ॥
ਪੰਨਾ ੩੫੪ :- ਸਤ੍ਰਹ ਸੌ ਪੈਤਾਲ ਮਹਿ ਕੀਨੀ ਕਥਾ ਸੁਧਾਰ ॥
ਚੂਕ ਹੋਇ ਜਹ ਤਹ ਸੁ ਕਬਿ ਲੀਜਹੁ ਸਕਲ ਸੁਧਾਰ ॥
ਪੰਨਾ ੩੮੬ :- ਖੜਗਪਾਨ ਕੀ ਕ੍ਰਿਪਾ ਤੇ ਪੋਥੀ ਰਚੀ ਬਿਚਾਰ ॥
ਭੂਲ ਹੋਇ ਜਹਂ ਤਹਂ ਸੁ ਕਬਿ ਪੜੀਅਹੁ ਸਭੈ ਸੁਧਾਰ ॥
ਪੰਨਾ ੫੭੦ :- ਤਾਂ ਤੇ ਥੋਰੀਯੈ ਕਥਾ ਕਹਾਈ ॥ ਭੂਲ ਦੇਖ ਕਬ ਲੈਹੁ ਬਨਾਈ ॥
ਪੰਨਾ ੧੨੭੩:- ਤਾ ਤੇ ਥੋਰੀ ਕਥਾ ਉਚਾਰੀ ॥ ਚੂਕ ਹੋਇ ਕਬਿ ਲੇਹੁ ਸੁਧਾਰੀ ॥

ਲਿਖਾਰੀ ਕਵਿ ਖੜਗਪਾਨ ਦਾ ਪੁਜਾਰੀ ਹੈ ਅਤੇ ਆਖਦਾ ਹੈ ਕਿ ਉਸੇ ਦੀ ਕਿਰਪਾ ਸਦਕਾ ਇਹ ਗ੍ਰੰਥ ਲਿਖਦਾ ਹਾਂ । ਮਹਾਂਕਾਲ, ਸਰਬਕਾਲ, ਖੜਗਪਾਨ, ਖੜਗਕੇਤ, ਅਸਿਕੇਤ, ਅਸਿਧੁਜ ਆਦਿਕ ਇਕੋ ਹੀ ਦੇਵਤੇ ਦੇ ਕਈ ਨਾਮ ਹਨ ਜਿਸਦੀ ਕਥਾ ਸ਼ਿਵ ਪੁਰਾਣ ਵਿਚ ਦਵਾਦਸ਼ਲਿੰਗਮ (੧੨ ਲਿੰਗਾਂ) ਦੀ ਕਥਾ ਕਰਕੇ ਮਸ਼ਹੂਰ ਹੈ। ਮਹਾਕਾਲ ਦਾ ਮੰਦਿਰ ਉਜੈਨ ਸ਼ਹਰ (ਮਧ ਪ੍ਰਦੇਸ਼) ਵਿਚ ਹੈ । ਉਪਰ ਲਿਖੀਆਂ ਪੰਕਤੀਆਂ ਦੇ ਆਸ-ਪਾਸ ਦੇ ਪੰਨਿਆਂ ਤੇ ਪੜ੍ਹ ਕੇ ਪਤਾ ਲਗਦਾ ਹੈ ਕਿ ਲਿਖਾਰੀਆਂ ਦੇ ਨਾਂ ਕਵਿ ਸ਼ਯਾਮ, ਕਵਿ ਰਾਮ, ਕਵਿ ਕਾਲ ਆਦਿਕ ਹਨ । ਮਹਾਕਾਲ ਦੇ ਪੁਜਾਰੀ ( ਤਾਂਤ੍ਰਿਕ ਮਤ ਦੇ ਧਾਰਨੀ ) ਭੰਗ, ਸ਼ਰਾਬ, ਨਸ਼ੇ ਆਦਿਕ ਵਰਤੋਂ ਰਜ ਕੇ ਕਰਦੇ ਹਨ ਕਿਉਂਕਿ ਮਹਾਕਾਲ ਦੇ ਮੰਦਿਰ ਵਿਚੋਂ ਪਰਸ਼ਾਦ ਹੀ ਇਹੀ ਮਿਲਦਾ ਹੈ ।

ਲਿਖਾਰੀ ਕਵੀ ਮੰਨਦਾ ਹੈ ਕਿ ਉਸਦੀ ਮਤ ਹਰ ਸਮੇ ਟਿਕਾਣੇ ਹੋਵੇ, ਜਰੂਰੀ ਨਹੀ । ਪੰਨਾ ੫੭੧ ਤੇ ਕਵੀ ਲਿਖਦਾ ਹੈ :- ਅਬ ਮੈ ਮਹਾ ਸ਼ੁਧ ਮਤਿ ਕਰਿ ਕੈ ॥ ਕਹੌ ਕਥਾ ਚਿਤ ਲਾਇ ਬਿਚਰ ਕੈ ॥

ਲਿਖਾਰੀ ਕਵੀ ਨੇ ਅਪਣੀ ਮਤਿ ਨੂੰ ਮਹਾਂ ਸ਼ੁਧ ਕਿਵੇਂ ਕੀਤਾ ? ਲਿਖਾਰੀ ਹੀ ਜਾਣੇ ।

ਉਪਰ ਲਿਖੇ ਪ੍ਰਮਾਣਾਂ ਰਾਹੀਂ ਲਿਖਾਰੀ ਨੇ ਸਪਸ਼ਟ ਕਰ ਦਿਤਾ ਕਿ ਪਾਠਕ ਲਿਖਾਰੀ ਦੀਆਂ ਭੁਲਾਂ, ਗਲਤੀਆਂ ਨੂੰ ਸੁਧਾਰ ਸਕਦਾ ਹੈ, ਲਿਖਾਰੀ ਨੂੰ ਕੋਈ ਇਤਰਾਜ਼ ਨਹੀ। ਪਰ ਗੁਰਬਾਣੀ ਸੋਧਣ ਦਾ ਹੱਕ ਦਸ ਗੁਰੂ ਸਾਹਿਬਾਨ ਨੇ ਕਿਸੇ ਨੂੰ ਨਹੀਂ ਦਿੱਤਾ । ਇਸ ਪੱਖੋਂ ਸਿਧ ਹੋਇਆ ਕਿ ਇਹ ਗ੍ਰੰਥ ਗੁਰੂ-ਰਚਿਤ-ਗੁਰਬਾਣੀ ਨਹੀ ।
ਅਰਦਾਸ ਦੀ ਸ਼ੁਰੂਆਤ ਜੇਕਰ 'ਪ੍ਰਿਥਮ ਭਗਉਤੀ ਸਿਮਰ ਕੇ.. ' ਦੀ ਥਾਂਵੇਂ 'ਪ੍ਰਿਥਮ ਵਾਹਿਗੁਰੂ ਸਿਮਰ ਕੇ ..' ਕੀਤੀ ਜਾਵੇ ਅਤੇ ਸਿਰਲੇਖ 'ਵਾਰ ਸ੍ਰੀ ਭਗਉਤੀ ਜੀ ਕੀ ॥ ਪਾਤਸ਼ਾਹੀ ੧੦॥' ਹਟਾ ਕੇ ਕੁਝ ਬੇਹਤਰ ਹੋਵੇਗਾ । ਗੁਰੂ-ਪੰਥ ਅਗੇ ਬੇਨਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਧੁਰ ਕੀ ਬਾਣੀ ਤੋਂ ਸੇਧ ਲੈ ਕੇ ਪੰਥ ਨੂੰ ਦੇਵੀ-ਪੂਜਕ ਬਣਨ ਤੋਂ ਬਚਾਵੇ। ਉਪਰਲੀ ਪੰਕਤੀ ਵਿਚ ਭਗਉਤੀ ਦਾ ਅਰਥ ਦੇਵੀ ਚੰਡੀ, ਦੁਰਗਾ, ਕਾਲਕਾ, ਕਾਲੀ, ਮਹਾਕਾਲ ਹੀ ਹੈ (ਵੇਖੋ, ਮਹਾਨ ਕੋਸ਼, ਭਾਈ ਕਾਨ੍ਹ ਸਿੰਘ) ਕਿਉਂਕਿ ਇਸ ਵਾਰ ਦੀ ਅਖੀਰਲੀ ਪਉੜੀ 'ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥' ਸਪਸ਼ਟ ਕਰਦੀ ਹੈ ਕਿ ਇਹ ਵਾਰ ਦੇਵੀ ਦੁਰਗਾ ਦੀ ਉਸਤਤਿ ਵਿਚ ਉਚਾਰੀ ਗਈ 'ਚੰਡੀ ਦੀ ਵਾਰ' ਹੈ ਜਿਸਦਾ ਆਧਾਰ-ਗ੍ਰੰਥ ਮਾਰਕੰਡੇਯ ਪੁਰਾਣ ਹੈ।

ਅਸੀ ਜਾਣਦੇ ਹਾਂ ਕਿ ਗੁਰੂ ਸਾਹਿਬਾਨ ਗੁਰਬਾਣੀ ਦਾ ਇਕ ਵੀ ਅੱਖਰ ਬਦਲਣ ਦੀ ਇਜਾਜਤ ਨਹੀ ਦਿੰਦੇ । ਬਾਬਾ ਰਾਮਰਾਇ ਜੀ ਨੇ ਗੁਰਬਾਣੀ ਦਾ ਇਕ ਅਖਰ ' ਮਿਟੀ ਮੁਸਲਮਾਨ ਕੀ...' ਪੰਕਤੀ ਵਿਚ ਮੁਸਲਮਾਨ ਦੀ ਥਾਂ 'ਬੇਈਮਾਨ' ਬਦਲ ਦਿਤਾ ਤਾਂ ਗੁਰੂ ਹਰਿ ਰਾਇ ਸਾਹਿਬ ਨੇ ਬਾਬਾ ਰਾਮਰਾਇ ਜੀ ਨੂੰ ਸਿਖ ਪੰਥ ਵਿਚੋਂ ਛੇਕ ਦਿਤਾ ਸੀ ।
ਗੁਰੂ ਗ੍ਰੰਥ ਸਾਹਿਬ ਜੀ ਦਾ ਫੈਸਲਾ ਹੈ :- ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥ (ਅੰਗ ੬੧)
ਮਨੁਖ ਭੁਲਣਹਾਰ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਭੁਲਣਹਾਰ ਨਹੀ । ਸ੍ਰਿਸ਼ਟੀ ਦੀ ਰਚਨਾ ਬਾਰੇ, ਇਸਤ੍ਰੀ ਬਾਰੇ (ਭੰਡਿ ਜਮੀਐ.. ), ਨਸ਼ੀਲੇ ਪਦਾਰਥਾਂ ਦੀ ਵਰਤੋਂ ਬਾਰੇ, ਗ਼ਲਤ ਇਤਿਹਾਸਕ ਤੱਥ (......ਲਿਖਿਆ ਹੈ ਕਿ ਭਗਤ ਰਾਮਾਨੰਦ ਜੀ ਪਹਿਲੋਂ ਆਏ ਤੇ ਹਜ਼ਰਤ ਮੁਹੰਮਦ ਬਾਦ ਵਿਚ ਆਏ, ਜੋ ਕਿ ਗ਼ਲਤ ਹੈ) , ਮਿਥਿਹਾਸਕ ਗਪੋੜ ਅਤੇ ਗੁਰਮਤਿ ਸਿਧਾਂਤਾਂ ਦੇ ਉਲਟ ਲਿਖ ਕੇ ਲਿਖਾਰੀ-ਕਵੀਆਂ ਨੇ ਭੁਲਣਹਾਰ ਹੋਣ ਦਾ ਪੂਰਾ ਸਬੂਤ ਦਿਤਾ ਹੈ ।

ਸਪਸ਼ਟ ਹੈ ਕਿ ਬਚਿਤ੍ਰ ਨਾਟਕ (Strange Drama) ਗ੍ਰੰਥ / ਅਖਉਤੀ (so-called)ਦਸਮ ਗ੍ਰੰਥ ਦੇ ਲਿਖਾਰੀ ਅਰਥਾਤ ਰਚਨਹਾਰ 'ਅਭੁਲ' ਗੁਰੂ ਗੋਬਿੰਦ ਸਿੰਘ ਜੀ ਨਹੀ । ਇਸ ਗ੍ਰੰਥ ਦੀ ਰਚਨਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਬਦਨਾਮ ਕਰਣ ਦੀ ਮਾੜੀ ਨੀਯਤ ਨਾਲ ਪੰਥ-ਦੋਖੀਆਂ ਨੇ ਕੀਤੀ ਹੈ ।

# ਅਖਉਤੀ ਦਸਮ ਗ੍ਰੰਥ ਦੀ ਬ੍ਰਾਹਮਣੀ-ਗ੍ਰੰਥਾਂ ਨਾਲ ਤੁਲਨਾ

**ਬਚਿਤ੍ਰ ਨਾਟਕ ਗ੍ਰੰਥ / ਅਖਉਤੀ ਦਸਮ ਗ੍ਰੰਥ ਦਾ ਪੰਜਾਬੀ ਅਨੁਵਾਦ (ਜਿਸਦੀ ਇਸ ਗ੍ਰੰਥ ਦੇ ਇਸ਼ਟ ਨੂੰ ਮੁਖ ਰੱਖ ਕੇ ਕੁਝ ਥਾਂਈਂ ਪੁਨਰ-ਵੀਚਾਰ ਜ਼ਰੂਰੀ ਹੈ) ਗੋਬਿੰਦ ਸਦਨ, ਮਹਰੋਲੀ, ਦਿੱਲੀ ਵਾਲਿਆਂ ਨੇ ਡਾ: ਰਤਨ ਸਿੰਘ ਜੱਗੀ (ਪਟਿਆਲਾ) ਤੋ ਕਰਵਾ ਕੇ ਪੰਜ ਪੋਥੀਆਂ ਵਿਚ ਛਪਵਾਇਆ। ਪਹਿਲੀ ਪੋਥੀ ਵਿਚ ਲਿਖੀ ਭੂਮਿਕਾ ਸਿਧ ਕਰਦੀ ਹੈ ਕਿ ਇਹ ਗ੍ਰੰਥ ਪ੍ਰਮਾਣੀਕ ਗ੍ਰੰਥ ਨਹੀ । ਕਈ ਥਾਂਈ ਪਾਠ-ਅੰਤਰ ਹਨ। ਇਹ ਗ੍ਰੰਥ ਹੇਠ ਲਿਖੇ ਬ੍ਰਾਹਮਣੀ-ਗ੍ਰੰਥਾਂ ਤੇ ਆਧਾਰਿਤ ਹੈ ਜਿਨ੍ਹਾਂ ਦੇ ਹਿੰਦੀ-ਅਨੁਵਾਦ ਨਾਲ ਕੀਤੀ ਤੁਲਨਾ ਇਸ ਪ੍ਰਕਾਰ ਹੈ:**

**(੧) ਸ਼੍ਰੀ ਮਾਰਕੰਡੇਯ ਪੁਰਾਣ (ਭਾਸ਼ਾ) ; ਸੰਪਾਦਕ ਪੰਡਿਤ ਰਾਮ ਜੀ ਸ਼ਰਮਾ; ਪ੍ਰਕਾਸ਼ਕ ਸ਼੍ਰੀ ਦੁਰਗਾ ਪੁਸਤਕ ਭੰਡਾਰ, ੫੨੭, ਏ/੨, ਕੱਕੜ ਨਗਰ, ਇਲਾਹਾਬਾਦ ;ਮੁਦ੍ਰਕ ਪੰਚੁਅਲ ਪ੍ਰਿੰਟਿੰਗ ਪ੍ਰੈਸ, ਇਲਾਹਾਬਾਦ (ਕੀਮਤ ੧੫੦ ਰੁਪਏ)। ਕੁਲ ੫੧੨ ਪੰਨੇ ।**

**ਇਸ ਪੁਰਾਣ ਵਿਚ ਦੁਰਗਾ ਦੇਵੀ** ਦੇ ਅਵਤਾਰ ਚਰਿਤ੍ਰਾਂ ਦਾ ਵਰਣਨ ਹੈ। ਇਸ ਪੁਸਤਕ ਵਿਚ ਪੰਨਾ ੨੯੯ ਤੋਂ ੩੫੩ ਤਕ ਦੇਵੀ ਦੁਰਗਾ ਦੇ ਮਧੁ-ਕੈਟਭ, ਮਹਿਸ਼ਾਸੁਰ,ਧੂਮ੍ਰਲੋਚਨ,ਚੰਡ, ਮੁੰਡ,ਰਕਤਬੀਜ,ਨਿਸ਼ੁੰਭ,ਸ਼ੁੰਭ ਦੈਂਤਾਂ ਨਾਲ ਹੋਏ ਜੁਧਾਂ ਦਾ ਵਰਣਨ ਹੈ । ਇਹਨਾਂ ਦੈਂਤਾਂ ਨੂੰ ਮਾਰ ਕੇ ਦੇਵੀ ਨੇ ਦੇਵਰਾਜ ਇੰਦਰ ਦਾ ਖੁਸਿਆ ਰਾਜ ਦੈਂਤਾਂ ਤੋਂ ਵਾਪਸ ਦੁਆਇਆ। ਇੰਦਰ ਅਤੇ ਹੋਰ ਸਾਰੇ ਦੇਵਤਿਆਂ ਨੇ ਦੇਵੀ ਦੀ ਉਸਤਤਿ ਕੀਤੀ ; ਦੇਵੀ ਨੇ ਪ੍ਰਸੰਨ ਹੋ ਕੇ ਦੇਵਤਿਆਂ ਨੂੰ ਵਰ ਦਿੱਤੇ। ਪੰਨਾ ੩੫੩ ਤੋ ੩੫੭ ਤਕ ਦੇਵੀ ਚਰਿਤ੍ਰਾਂ ਦੇ ਪਾਠ ਦਾ ਮਹਾਤਮ ਲਿਖਿਆ ਹੈ ।

**ਬਚਿਤ੍ਰ ਨਾਟਕ ਗ੍ਰੰਥ ਦੇ ਪੰਨਾ ੭੪ ਤੋਂ ੯੯** ਤਕ ਅਥ ਚੰਡੀ ਚਰਿਤ੍ਰ ਉਕਤਿ ਬਿਲਾਸ ਹੂ-ਬ-ਹੂ ਇਸੇ ਤਰਤੀਬ ਵਿਚ ਲਿਖਿਆ ਹੈ ; **ਫਿਰ ਪੰਨਾਂ ੯੯ ਤੋਂ ੧੧੯** ਤਕ ਇਸੇ ਪ੍ਰਸੰਗ ਨੂੰ ਦੁਹਰਾਇਆ ਗਿਆ ਹੈ ਅਤੇ **ਫਿਰ ਤੀਜੀ ਵਾਰੀ ਇਹੀ ਪ੍ਰਸੰਗ ਪੰਨਾ ੧੧੯ ਤੋਂ ੧੨੭ ਤਕ ਵਾਰ ਸ੍ਰੀ ਭਗਉਤੀ ਜੀ ਕੀ ਸਿਰਲੇਖ ਹੇਠ ਲਿਖਿਆ ਹੈ (ਵੇਖੋ : ਅੰਤਿਕਾ ਨੰ: ੧ )** । ਡਾ: ਰਤਨ ਸਿੰਘ ਜੱਗੀ, ਜਿਨ੍ਹਾਂ ਨੇ ਅਖਉਤੀ ਦਸਮ ਗ੍ਰੰਥ ਦੇ ਪੰਜ ਪੋਥੀਆਂ ਵਿਚ ਅਰਥ ਕੀਤੇ ਹਨ, ਲਿਖਦੇ ਹਨ ਕਿ ਇਸ ਵਾਰ ਦਾ ਪਹਿਲੋਂ **ਸਿਰਲੇਖ ਵਾਰ ਦੁਰਗਾ ਕੀ ਸੀ** (ਪੰਨਾ ੩੧੪, ਭਾਗ ਪਹਿਲਾ)। ਕਿਸੇ ਅਗਿਆਨੀ ਜਾਂ ਪੰਥ-ਦੋਖੀ ਨੇ ਬਾਦ ਵਿਚ ਇਸਦਾ **ਸਿਰਲੇਖ ਬਦਲ ਕੇ ਵਾਰ ਸ੍ਰੀ ਭਗਉਤੀ ਜੀ ਕੀ** ਲਿਖ ਦਿੱਤਾ; ਸਮਾਪਤੀ ਸੰਕੇਤ **'ਇਤਿ ਸ੍ਰੀ ਦੁਰਗਾ ਕੀ ਵਾਰ ਸਮਾਪਤੰਸਤ ..॥** ਅਖਉਤੀ ਦਸਮ ਗ੍ਰੰਥ ਦੇ ਟੀਕਾਕਾਰ ਡਾ: ਰਤਨ ਸਿੰਘ ਜੱਗੀ ਨੇ ਪੋਥੀ ਪਹਿਲੀ ਦੇ **ਪੰਨਾ ੩੩੪** ਤੇ ਸਪਸ਼ਟ ਲਿਖਿਆ ਹੈ। ਅਨੇਕਾਂ ਥਾਂਈਂ ਲਿਖੇ ਮੰਗਲਾਚਰਨ ਸ੍ਰੀ ਭਗਉਤੀ ਜੀ ਸਹਾਇ ॥... ਸ੍ਰੀ ਭਗੌਤੀ ਏ ਨਮਹ॥.. **ਸਿਧ ਕਰਦੇ ਹਨ ਕਿ ਅਖਉਤੀ ਦਸਮ ਗ੍ਰੰਥ ਦੇ ਲਿਖਾਰੀ ਯਕੀਨਨ ਕੋਈ ਦੇਵੀ-ਪੂਜਕ ਸ਼ਾਕਤ-ਮਤੀਏ ਤਾਂਤ੍ਰਿਕ ਹੀ ਹਨ ; ਗੁਰੂ ਗੋਬਿੰਦ ਸਿੰਘ ਸਾਹਿਬ ਨਹੀ ਹਨ । ਇਸ ਮਾਰਕੰਡੇਯ ਪੁਰਾਣ** ਦੇ ਪੰਨਾ ੪੫੧ ਤੋਂ ਅਖੀਰਲੇ ਪੰਨੇ ੫੧੨ ਤਕ ਅਨੇਕਾਂ ਤਰ੍ਹਾਂ ਦੀ ਦੁਰਗਾਪਾਠ ਦੀ ਵਿਧੀ ਦੱਸੀ ਗਈ ਹੈ। ਮਾਰਕੰਡੇਯ ਉਵਾਚ (ਪੰਨਾ ੪੬੨ ਤੋਂ ੪੬੫ ਤਕ) ਦੁਰਗਾ-ਉਸਤਤਿ ਦੇ ਕੁਝ ਅੰਸ਼ ਇਸ ਪ੍ਰਕਾਰ ਹਨ :-

ਓਮ ਜਯੰਤੀ ਮੰਗਲਾ **ਕਾਲੀ** ਭਦ੍ਰਕਾਲੀ ਕਪਾਲਿਨੀ । **ਦੁਰਗਾ ਛਿਮਾ ਸ਼ਿਵਾ** ਧਾਤ੍ਰੀ ਸਵਾਹਾ ਸਵਧਾ ਨਮੋਸਤੁ ਤੇ॥੧॥......

**ਰਕਤਬੀਜ ਵਧੇ ਦੇਵਿ ਚੰਡ ਮੁੰਡ ਵਿਨਾਸ਼ਿਨੀ।..ਸ਼ੁੰਭਸਯੈਵ ਨਿਸ਼ੁੰਭਸਯ ਧੂਮ੍ਰਾਛਸਯ ਚ ਮਰਦਿਨਿ॥** ਰੂਪੰ ਦੇਹਿ ਜਯੰ ਦੇਹਿ ਯਸ਼ੋ ਦੇਹਿ .. ਇਦੰ ਸਤੋਤ੍ਰੰ ਪਠਿਤਵਾ ਤੁ ਮਹਾਸਤੋਤ੍ਰੰ ਪਠੇਂਨਰ:॥ਸ ਤੁ ਸਪਤਸ਼ਤੀ ਸੰਖਯਾਵਰ ਮਾਪਨੋਤਿ ਸੰਪਦਾਮ੍॥੨੫॥

ਇਸੇ ਸ਼ਬਦਾਵਲੀ ਵਿਚ **ਦੇਵੀ ਉਸਤਤਿ ਅਖਉਤੀ ਦਸਮ ਗ੍ਰੰਥ** ਦੇ ਪੰਨਾ ੮੦੯ ਤੇ ਦੇਵੀ-ਪੂਜਕ ਲਿਖਾਰੀ ਨੇ ਲਿਖੀ ਹੈ।

**ਸਪਸ਼ਟ ਹੈ ਕਿ ਅਖਉਤੀ ਦਸਮ ਗ੍ਰੰਥ ਵਿਚ ਮਾਰਕੰਡੇਯ ਪੁਰਾਣ ਦਾ ਅਨੁਵਾਦ ਹੀ ਹੈ ਜੋ ਸਿਧਾਂਤਕ ਤੌਰ (ਦੇਵੀ ਦੇਵਤਿਆਂ ਦੀ ਪੂਜਾ ਮਨ੍ਹਾ ਹੈ) ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਉੱਕਾ ਹੀ ਮੇਲ ਨਹੀ ਖਾਂਦਾ।**

**(੨) ਸ਼੍ਰੀਮਦ ਭਾਗਵਤ-ਭਾਸ਼ਾ ਸੁਖ ਸਾਗਰ, ਬਾਰਹ ਸਕੰਧ,ਅਨੁਵਾਦ-ਕਰਤਾ ਕਵਿ-ਭੂਸ਼ਣ ਮੁਕੰਦ, ਸਪੈਸ਼ਲ ਸੰਸਕਰਣ ੧੯੯੮;ਮੁੱਲ ੩੦੦ ਰੁਪਏ; ਨਯੂ ਸਟੈਂਡਰਡ ਪਬਲੀਕੇਸ਼ਨਜ਼, ੧੯੧੩ ,ਚੰਦ੍ਰਾਵਲ ਰੋਡ, ਦਿੱਲੀ - ੧੧੦੦੦੭, ਕੁਲ ੮੮੦ ਪੰਨੇ ।**

**ਇਸ ਪੁਰਾਣ ਵਿਚ ੧੨ ਸਕੰਧ** (ਮੁਖ-ਅਧਿਆਇ) ਹਨ ਜਿਨ੍ਹਾਂ ਵਿਚ ਵਿਸ਼ਨੂੰ ਦੇ ਅਵਤਾਰਾਂ ਦਾ ਜ਼ਿਕਰ ਹੈ । ਦੂਜੇ ਸਕੰਧ ਦੇ ਸਤਵੇਂ ਅਧਯਾਯ ( ਸੰਖੇਪ ਵਿਚ, ੨/੭) ਵਿਸ਼ਨੂੰ ਜੀ ਦੇ ੨੪ ਅਵਤਾਰਾਂ ਦੀ ਲਿਸਟ ਬ੍ਰਹਮਾ ਜੀ ਨੇ ਲਿਖੀ ਹੈ । ਸਤਵੇਂ, ਅਠਵੇਂ ਅਤੇ ਨੋਵੇਂ ਸਕੰਧਾਂ ਵਿਚ ਵਿਸ਼ਨੂੰ ਦੇ ੨੦ ਅਵਤਾਰਾਂ ( ਰਾਮ ਅਵਤਾਰ ਤਕ ) ਦਾ ਜ਼ਿਕਰ ਹੈ ਅਤੇ **ਅਖਉਤੀ ਦਸਮ ਗ੍ਰੰਥ ਦੇ ਪੰਨਾ**

**੧੫੫ ਤੋਂ ੨੫੪ ਤਕ ਅਥ ਚੌਬੀਸ ਅਵਤਾਰ ਕਥਨੰ ਸਿਰਲੇਖ ਹੇਠ ਲਿਖੇ ਹਨ । ਦਸਮ ਸਕੰਧ (ਪੰਨਾ ੪੯੮ ਤੋਂ ੮੨੨ ) ਵਿਚ ਕ੍ਰਿਸ਼ਨਾਵਤਾਰ ਦੀਆਂ ਕਥਾਵਾਂ ਉਸੇ ਤਰਤੀਬ ਵਿਚ ਲਿਖੀਆਂ ਹਨ ਜਿਹਾ ਕਿ ਅਖਉਤੀ ਦਸਮ ਗ੍ਰੰਥ ਵਿਚ ਪੰਨਾ ੨੫੪ ਤੋਂ ੫੭੦ ਤਕ (ਵੇਖੋ ਅੰਤਿਕਾ ਨੰ: ੨)** ।( ਨੋਟ ; ਬਚਿਤ੍ਰ ਨਾਟਕ ਗ੍ਰੰਥ ਦੇ ਲਿਖਾਰੀ ਨੇ ਵਿਸ਼ਨੂੰ ਦੇ ੨੩ਵੇਂ (ਬੁੱਧ ),**੨੪ਵੇਂ (ਹਰਿ ਜੂ ਅਰਥਾਤ ਨਿਹਕਲੰਕੀ, ਸ਼ੁਦ੍ਰਾਂ ਨੂੰ ਮਾਰਣ ਵਾਲਾ ਹੈ !? ਪਰ ਗੁਰੂ ਗੋਬਿੰਦ ਸਿੰਘ ਸਾਹਿਬ ਸ਼ੂਦਰਾਂ ਨੂੰ ਬਚਾਉਣ ਵਾਲੇ ਅਤੇ ਸਰਦਾਰੀਆਂ ਬਖਸ਼ਣ ਵਾਲੇ ਹਨ ਜਿਸਤੋਂ ਸਾਬਤ ਹੁੰਦਾ ਹੈ ਕਿ ਲਿਖਾਰੀ ਗੁਰੂ ਸਾਹਿਬ ਨਹੀ )** ਅਤੇ ੨੫ਵੇਂ ਮਹਿਦੀ ਮੀਰ (ਹਜ਼ਰਤ ਮੁਹੰਮਦ ?) ਦੀ ਕਥਾ, ਜੋ ਭਾਗਵਤ-ਪੁਰਾਣ ਵਿਚ ਨਹੀ, ਕਿਥੋਂ ਲਈ ਹੈ ਲਿਖਾਰੀ-ਕਵੀ-ਸ਼ਯਾਮ ਹੀ ਜਾਣੇ ।

## (੩) ਸ਼੍ਰੀ ਸ਼ਿਵ ਮਹਾਪੁਰਾਣ, ਸੰਪਾਦਕ ਪੰਡਿਤ ਰਾਜ ਕੁਮਾਰ ਪਾਂਡੇਯ, ਤਿਲੋਈ (ਰਾਯ-ਬਰੇਲੀ), ਪ੍ਰਕਾਸ਼ਕ ਨਯੂ ਸਟੈਂਡਰਡ ਪਬਲੀਕੇਸ਼ਨਜ਼, ਚੰਦ੍ਰਾਵਲ ਰੋਡ, ਮਲਕਾ ਗੰਜ, ਦਿੱਲੀ-੭ ; ਮੁਲ ੧੩੦ ਰੁਪਏ।੭੭੦ ਪੰਨੇ।

**ਇਸ ਪੁਰਾਣ ਵਿਚ ਸ਼ਿਵ ਦੇ ਅਵਤਾਰਾਂ ਦਾ ਜ਼ਿਕਰ ਹੈ।**ਪੰਨਾ ੪੫੪ ਤੇ ਦਵਾਦਸ਼ ਜਯੋਤੀਰਲਿੰਗ ਦੀ ਕਥਾ(ਸ਼ਿਵ ਦੇ ੧੨ ਅਵਤਾਰਾਂ ਦੀ ਕਥਾ) ਮੁਤਾਬਿਕ ਉਜੈਨ (ਮੱਧ ਪ੍ਰਦੇਸ਼, ਨਰਮਦਾ ਨਦੀ ਦੇ ਕੰਡੇ) ਵਿਚ ਮਹਾਕਾਲ ਦਾ ਬਹੁਤ ਵੱਡਾ ਮੰਦਿਰ ਹੈ । ਪੰਨਾ ੪੮੭ ਤਕ **ਮਹਾਕਾਲ ਦੀ ਉਤਪਤੀ** (ਨੋਟ : ਅਖਉਤੀ ਦਸਮ ਗ੍ਰੰਥ ਵਿਚ ਲਿਖਾਰੀ ਕਵੀ ਸਯਾਮ ਆਦਿਕ ਹਰ-ਹੀਲੇ ਸਾਰੇ ਦੇਵਤਿਆਂ , ਅਵਤਾਰਾਂ , ਮਹਾਪੁਰਖਾਂ, ਮਨੁਖਾਂ ਨੂੰ ਮਹਾਕਾਲ ਦਾ ਉਪਾਸਕ ਬਣਾਉਣਾ ਚਾਹੁੰਦਾ ਹੈ ; ਪੜੋ ਜੀ, ਚਰਿਤ੍ਰੋ ਪਾਖਯਾਨ ਨੰ: ੨੬੬, ਬਚਿਤ੍ਰ ਨਾਟਕ ਗ੍ਰੰਥ / ਦਸਮ ਗ੍ਰੰਥ ਦਾ ਪੰਨਾ ੧੨੧੦)

ਇਸ ਸ਼ਿਵ ਪੁਰਾਣ ਵਿਚ ਪੰਨਾ ੨੮ ਤੇ **ਸ਼੍ਰੀ ਸ਼ਿਵ-ਸਹਸਤ੍ਰਨਾਮਾ (੧੦੦੦ ਨਾਮ, ਸੰਸਕ੍ਰਿਤ ਵਿਚ)** ਵਿਸ਼ਨੂੰ-ਉਵਾਚ ਦੇ ਅਰਥ (ਭਾਸ਼ਾ-ਅਨੁਵਾਦ ) **ਪੰਨਾ ੫੧੮ ਤੋਂ ੫੨੮ ਤਕ** ਲਿਖੇ ਹਨ, ਜਿਸ ਵਿਚ ਵਰਤੇ ਗੁਣ-ਵਾਚਕ ਕੁਝ ਲਫ਼ਜ਼ / ਅਰਥ ਇਹ ਹਨ :- **ਸੁਖ ਕੇ ਦਾਤਾ, ਪਾਰਬ੍ਰਹਮ, ਪਰਮਾਤਮਾ, ਵਿਸ਼ਵ-ਪਾਲਕ, ਅਵਿਨਾਸ਼ੀ, ਦੇਵਾਧਿਦੇਵ, ਸਾਰੇ ਦੇਵੋਂ ਮੇ ਬੜੇ, ਕਾਲੋਂ ਕੇ ਕਾਲ (ਕਾਲਕਾਲ:), ਤੇਜੋਮਯ, ਅੰਮ੍ਰਿਤਮਯ, ਸਰਵੇਸ਼ਵਰ, ਓਂਕਾਰ ਸਰੂਪ, ਆਦਿ ਅੰਤ ਏਵੰ ਮੱਧ ਸੇ ਰਹਿਤ, ਨੀਲਕੰਠ, ਪਰਮ ਚਤੁਰ, ਸਰਵ ਵਿਆਪਕ, ਸਰਵ-ਸਮਰਥ, ਸ੍ਰਿਸ਼ਟੀ-ਕਰਤਾ, ਮ੍ਰਿਤੂ-ਰਹਿਤ (ਅਕਾਲੇ), ਚੰਦ੍ਰ ਰੂਪ, ਸਵਯੰ ਪ੍ਰਕਾਸ਼ (ਸੈਭੰ) ,ਸਬ ਕੇ ਨਾਥ, ਸਰਵ-ਗਿਆਤਾ, ਸ੍ਰਿਸ਼ਟੀ-ਰਚਇਤਾ, ਸੰਸਾਰ ਚਲਾਨੇ ਵਾਲੇ, ਅਭਯ, ਸ਼ਤਰੂ ਵਿਨਾਸ਼ਕ, ਅਮਰ, ਪਰਮ ਗਿਆਨੀ , ਸਬਸੇ ਪ੍ਰਥਮ, ਪਰਮਾਤਮਾ , ਲੋਕ ਪਾਲਕ, ਅੰਤਰਯਾਮੀ, ਜਗਤ ਕੇ ਪਿਤਾ, ਸਰਵ-ਵਿਆਪਕ, ਸਭ ਕੇ ਤਾਰਕ, ਸਰਵੇਸ਼ਵਰ, ਅਜਨਮਾ, ਲੋਕ ਨਾਥ, ਨਿਤਯ ਅੰਮ੍ਰਿਤਮਯ, ਸ਼ਾਂਤ-ਰੂਪ, ਤੇਜੋਂ ਕੇ ਭੀ ਤੇਜਰੂਪ (ਜਾਪ,ਨਮੋ ਤੇਜ ਤੇਜੇ), ਉਂਕਾਰ, ਅਕਸ਼ਰ-ਰੂਪ, ਸਰਵ-ਮਹਾਨ, ਅਜੇਯ, ਪਾਪ-ਨਾਸ਼ਕ, ਸਰਵ-ਕਰਤਾ, ਇੰਦ੍ਰ-ਰੂਪ, ਮੁਕਤੀ-ਦਾਤਾ, ਨਿਰਭਯ, ਵਿਸ਼ਵ-ਪਾਲਕ, ਜਨਮ ਮਰਣ ਰਹਿਤ, ਵਿਸ਼ਵ-ਵਯਾਪੀ, ਅਘ-ਨਾਸ਼ਕ, ਅਗੰਮਯ, ਸ਼ਤਰੂ-ਵਿਨਾਸ਼ਕ, ਵਿਸ਼ਵ ਕੋ ਭੋਜਨ ਦਾਤਾ, ਅਹੰਕਾਰ-ਸਰੂਪ, ਦੈਤਯ-ਸ਼ਤਰੂ, ਦੇਵੋਂ ਕੇ ਰਾਜਾ, ਮੁੰਡਿਤ-ਸਿਰ, ਸੁੰਦਰ-ਸਰੂਪ, ਸ਼ਬਦ-ਰੂਪ, ਦੇਵ-ਦਾਨਵ-ਮਿਤ੍ਰ, ਈਸ਼ਵਰ, ਸ੍ਰੀ ਪਾਰਵਤੀ ਕੇ ਪ੍ਰੇਮੀ, ਬ੍ਰਹਮਚਾਰੀ ਸਰੂਪ, ਅੰਤ-ਰਹਿਤ, ਨਗਨ ਰਹਨੇ ਵਾਲੇ, ਲਿੰਗ ਸਵਾਮੀ, ਕਪਟ ਰੂਪ ਧਾਰਕ, ਮੂਰਤੀ ਆਕਾਰ ਸੇ ਰਹਿਤ, ਅੰਧਕ-ਅਸੁਰ ਸ਼ਤਰੂ (ਨਮੋ ਅੰਧਕਾਰੇ॥ ਅੰਧਕ ਦਾ ਹਤਿਆਰਾ), ਦੋਸ਼-ਰਹਿਤ, ਪਵਿਤ੍ਰ, ਭਕਤੋਂ ਕੇ ਪ੍ਰੇਮੀ, ਧਤੂਰੇ ਕੇ ਸੇਵਨ-ਕਰਤਾ, ਕਲਾਧਾਰੀ ਮਹਾਕਾਲ-ਰੂਪ, ਅਜੇਯ, ਜਗੰਨਾਥ ਨਿਰਾਕਾਰ, ਤ੍ਰਿਲੋਕੀ-ਨਾਥ, ਪ੍ਰਕਾਸ਼ਮਯ, ਪ੍ਰਿਥਵੀ-ਨਾਥ, ਬ੍ਰਹਮਰੂਪ, ਵਾਮਦੇਵ, ਨਿਤਯ-ਅਨੰਦ-ਰੂਪ, ਸਰਵ-ਆਤਮਾ, ਸਰਵਗਯ, ਸਦਾ-ਸ਼ਾਂਤ-ਰੂਪ (ਨਮੋ ਸ਼ਾਂਤ ਰੂਪੇ), ਸਰਪ ਕੇ ਕੁੰਡਲੋਂ ਵਾਲੇ, ਸਦਾ ਅਮਰ, ਸ਼ਰੀਰਧਾਰੀ , ਸਮਯ ਕਾਲ ਕੇ ਭੀ ਕਾਲ (ਨਮੋ ਕਾਲ ਕਾਲੇ), ਨਿਸ਼-ਕਲੰਕ, ਸੰਤਾਨ-ਰਹਿਤ, ਸ਼ਾਂਤ-ਬੁੱਧਿ, ਰਾਤ੍ਰੀ ਕੇ ਸਵਾਮੀ, ਪ੍ਰਿਥਵੀ ਸਵਾਮੀ, ਰਕਸ਼ਕ, ਵਿਦਵਾਨੋ ਪਰ ਦਯਾਲੂ , ਪਾਰਵਤੀ ਜੀ ਕੇ ਸਾਥ ਰਹਨੇ ਵਾਲੇ, ਵੀਰਯ-ਦਾਤਾ ਭਗਵਾਨ ਸ਼ੰਕਰ ਸਦਾਸ਼ਿਵ ਮੇਰੀ ਰਕਸ਼ਾ ਕਰੋ। ਇਸ ਤਰ੍ਹਾਂ ਵਿਸ਼ਨੂੰ ਭਗਵਾਨ ਨੇ ਸ਼ਿਵ ਪੂਜਨ ਕੀਤਾ ।**

**(ਨੋਟ: ਐਸੀ ਗੁਣ-ਵਾਚਕ ਉਪਮਾ ਜਾਪ ਵਿਚ ਵੀ ਲਿਖੀ ਹੈ ਜਿਸਤੋਂ ਲਗਦਾ ਹੈ ਕਿ ਜਾਪੁ ਵਿਚ ਸ਼ਿਵ / ਮਹਾਕਾਲ ਦੀ ਉਸਤਤਿ ਕੀਤੀ ਗਈ ਹੈ, ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਬਾਣੀ ਦੇ ਵਿਰੁਧ ਹੈ)।**

ਸ਼ਿਵ ਪੁਰਾਣ ਦੇ ਪੰਨਾ ੧੬ ਤੇ **ਅਥ ਸ਼੍ਰੀ ਸ਼ਿਵ ਭੁਜੰਗ ਪ੍ਰਯਾਤ ਸਤੋਤ੍ਰਮ** (ਦਸਮ ਗ੍ਰੰਥ ਵਿਚ, ਭੁਜੰਗ ਪ੍ਰਯਾਤ ਛੰਦ) ਵਿਚ ਪਾਰਬ੍ਰਹਮ-ਰੂਪੰ ਜਾਣ ਕੇ ਸ਼ਿਵ-ਉਸਤਤਿ ਕੀਤੀ ਹੈ। ਪੰਨਾ ੨੧ ਤੇ **ਕਾਲਕਾਲੰ ਨਮੋਸਤੁ ਤੇ** (ਨਮੋ ਕਾਲ ਕਾਲੇ ॥..ਜਾਪ ਵਿਚ)। ਪੰਨਾ ੧੬ ਤੋਂ ੨੩ ਤਕ ਵਖ ਵਖ ਉਪਾਸਕਾਂ ਦੇ ਸ਼ਿਵ-ਸਤੋਤ੍ਰਮ ਨਕਲ (scanning) ਕਰਕੇ ਸੰਸਕ੍ਰਿਤ ਵਿਚ ਇਸ ਪੁਸਤਕ ਦੇ ਅਖੀਰ ਵਿਚ ਪਾਠਕ ਪੜ੍ਹ ਸਕਦੇ ਹਨ । ਸ਼ਿਵ ਸਹਸਤ੍ਰ-ਨਾਮਾ ਇਸੇ ਸ਼ਿਵ ਪੁਰਾਣ ਦੇ ਪੰਨਾ ੫੧੮ ਤੋਂ ੫੨੮ ਤਕ ਨਕਲ (scanning) ਕਰਕੇ ਇਸ ਪੁਸਤਕ ਵਿਚ ਅਖੀਰ ਤੇ ਜੋੜ ਦਿੱਤੇ ਹਨ ਅਤੇ ਪਾਠਕ ਤਸੱਲੀ ਕਰ ਲੈਣ ਕਿ ਬਚਿਤ੍ਰ ਨਾਟਕ ਗ੍ਰੰਥ ਦੀ ਪਹਿਲੀ ਰਚਨਾ "ਜਾਪ" ਸ਼ਿਵ (ਮਹਾਕਾਲ) ਦੇ ਹਜ਼ਾਰ-ਨਾਵਾਂ ਵਿਚੋਂ ਚੁਣ ਕੇ ਲਿਖਾਈ ਹੈ । ਇਹਨਾਂ ਹਜ਼ਾਰ-ਨਾਵਾਂ ਵਿਚੋਂ ਕੁਝ ਨਾਂ ਉਪਰ ਵੀ ਲਿਖੇ ਹਨ । ਨੋਟ ਕੀਤਾ ਜਾਵੇ ਕਿ 'ਜਾਪ' ਰਚਨਾ ਦਾ ਸਮਾਪਤੀ-ਸੰਕੇਤ ਅਖੌਤੀ ਦਸਮ ਗ੍ਰੰਥ ਵਿਚ ਨਹੀ ਲਿਖਿਆ ; ਹੋ ਸਕਦਾ ਹੈ ਕਿ ਸੋਧਕ ਕਮੇਟੀ ਨੇ ਇਸ ਰਚਨਾ ਦੇ ਅਖੀਰ ਤੇ ਲਿਖੇ ਪਹਿਲੀ-ਨਜ਼ਰੇ ਇਤਰਾਜ਼-ਯੋਗ ਦਿਸਣ ਵਾਲੇ ਨਾਂ ਹਟਾ ਦਿੱਤੇ ਹੋਣ।

**ਇਸੇ ਸ਼ਿਵ ਪੁਰਾਣ ਦੇ ਪੰਨਾ ੫੮੧ - ੫੮੨ (ਨਕਲ ਇਸ ਪੁਸਤਕ ਦੇ ਅਖੀਰ ਵਿਚ ਪਾਠਕ ਪੜ ਸਕਦੇ ਹਨ) ਤੇ ਇਸਤ੍ਰੀਯੋਂ ਕੇ ਸਵਭਾਵ (nature) ਕਾ ਵਰਣਨ ਕਰਦਿਆਂ**, (ਨਾਰਦ ਅਤੇ ਅਪਸਰਾ ਪੰਚਚੂੜਾ ਦੀ ਵਾਰਤਾਲਾਪ) ਔਰਤਾਂ ਨੂੰ ਕਾਮੀ, ਕੁਟਿਲ, ਵਿਭਚਾਰਨ, ਪਾਪ ਵਿਚ ਲਿਪਤ ਹੋਣ ਵਾਲੀ, ਚਾਲਬਾਜ਼ ਆਦਿਕ ਅਨੇਕਾਂ ਦੋਸ਼ਾਂ ਨਾਲ ਭਰੀਆਂ ਦਸਿਆ ਹੈ। ਅਖਉਤੀ ਦਸਮ ਗ੍ਰੰਥ ਵਿਚ ਲਿਖੇ ਤ੍ਰਿਯਾ-ਚਰਿਤ੍ਰ (੪੦੪ ਚਰਿਤ੍ਰੋ ਪਾਖਯਾਨ ਕਵਿ ਸ਼ਯਾਮ,ਕਵਿ ਰਾਮ ਨੇ ਇਸੇ ਤੋਂ ਸੇਧ ਲੈਕੇ ਲਿਖੇ ਲਗਦੇ ਹਨ।

ਇਸੇ ਸ਼ਿਵ ਪੁਰਾਣ ਦੇ ਪੰਨਾ ੬੧੫ ਤੋਂ ੬੨੧ (ਨਕਲ, Scan ,ਇਸ ਪੁਸਤਕ ਦੇ ਅਖੀਰ ਪਾਠਕ ਪੜ ਸਕਦੇ ਹਨ) ਤਕ ਮਧੁ-ਕੈਟਭ ਵਧ, ਮਹਾਕਾਲੀ ਕਾ ਵਰਣਨ, ਮਹਿਖਾਸੁਰ, ਧੂਮ੍ਰਲੋਚਨ, ਚੰਡ,ਮੁੰਡ,ਰਕਤਬੀਜ, ਨਿਸ਼ੁੰਭ, ਸ਼ੁੰਭ ਦੈਂਤਾਂ ਦਾ ਦੇਵੀ ਚੰਡਿਕਾ (ਮਹਾਕਾਲੀ) ਨੇ ਵਧ ਕੀਤਾ। ਦੁਰਗਾ-ਸਪਤਸ਼ਤੀ ਦੀ ਇਹ ਕਥਾ ਉਪਰ ਬਿਆਨ ਕੀਤੇ ਮਾਰਕੰਡੇਯ ਪੁਰਾਣ ਦੀ ਹੈ ; ਤਿੰਨ ਵਾਰੀ ਇਹ ਕਥਾ ਕਵਿ ਸ਼ਯਾਮ ਆਦਿਕ ਕਵੀਆਂ ਨੇ ਦਸਮ ਗ੍ਰੰਥ ਵਿਚ ਲਿਖੀ ਹੈ ।

**(੪) ਮਹਾਕਾਲੀ ਉਪਾਸਨਾ ; ਲੇਖਕ ਪੰਡਿਤ ਵਾਈ. ਐਨ. ਝਾ,ਟਾਂਡਾ ਰੋਡ,ਟੋਬਰੀ ਮੁਹੱਲਾ, ਮਕਾਨ ਨੰ: ੬੧, ਜਲੰਧਰ ਸਿਟੀ (ਪੰਜਾਬ) ਪ੍ਰਕਾਸ਼ਕ ਅਮਿਤ ਪਾਕਟ ਬੁਕਸ, ਗਿਆਨ ਮਾਰਕਿਟ, ਨਜ਼ਦੀਕ ਚੌਕ ਅੱਡਾ ਟਾਂਡਾ, ਜਲੰਧਰ (ਪੰਜਾਬ)। ਕੀਮਤ ੩੦ ਰੁਪਏ। ਕੁਲ ੧੨੦ ਪੰਨੇ ।**

ਸ਼ਿਵ-ਪਾਰਵਤੀ ਦੇ ਜੁੜਵੇਂ ਰੂਪ, ਜਿਸਦਾ ਸੱਜੇ ਹਥ ਵਾਲਾ ਹਿੱਸਾ ਮਰਦ (ਸ਼ਿਵ) ਦਾ ਦਸਿਆ ਹੈ ਅਤੇ ਖੱਬੇ (ਵਾਮ) ਹਥ ਵਾਲਾ ਹਿੱਸਾ ਔਰਤ(ਪਾਰਵਤੀ) ਦਾ ਦਸਿਆ ਹੈ,ਨੂੰ ਅਰਧ-ਨਾਰੀਸ਼ਵਰ ਦਸਿਆ ਗਿਆ ਹੈ । ਖੱਬੇ ਹਿੱਸੇ ਦੇ ਉਪਾਸਕ ਦੇਵੀ-ਪੂਜਕ ਅਥਵਾ ਵਾਮ-ਮਾਰਗੀ ਅਥਵਾ ਸ਼ਾਕਤ-ਮਤੀਏ ਅਥਵਾ ਤਾਂਤ੍ਰਿਕ ਕਹੇ ਜਾਂਦੇ ਹਨ। ਦੇਵੀ-ਪੂਜਾ ਜਾਨਵਰ ਦੀ ਬਲੀ ਦੇ ਕੇ,ਸ਼ਰਾਬ ਭੇਟਾ ਕਰਕੇ ਕਰਦੇ ਹਨ ; ਦੇਵੀ-ਸ਼ਰਧਾਲੂਆਂ ਨੂੰ ਮਾਸ ਦੀ ਬੋਟੀ ਅਤੇ ਸ਼ਰਾਬ ਦਾ ਘੁੱਟ ਪਰਸ਼ਾਦ ਵਜੋਂ ਦਿੱਤਾ ਜਾਂਦਾ ਹੈ । ਦੇਵੀ ਭਗਵਤੀ ਦੇ ਕਾਲੀ , ਆਦਿ-ਸ਼ਕਤੀ, ਕਾਲਕਾ, ਸ਼ਿਵਾ, ਚੰਡੀ, ਭਵਾਨੀ, ਦੁਰਗਾ ਆਦਿਕ ਨਾਂ ਮਾਰਕੰਡੇਯ ਪੁਰਾਣ ਵਿਚ ਲਿਖੇ ਹਨ ਜਿਸਦਾ ਉਗ੍ਰ (ਅਤੀ ਡਰਾਉਣਾ) ਰੂਪ ਮਹਾਕਾਲੀ ਦਾ ਸਰੂਪ ਹੈ। ਵਖ ਵਖ ਸਮੇ ਅਲਗ ਅਲਗ ਹਾਲਾਤਾਂ ਵਿਚ ਪ੍ਰਗਟ ਹੋਈ ਦਸੀ ਹੈ। ਸ਼ਿਵ ਦੀ ਜਟਾ ਵਿਚੋਂ ਵੀ ਪ੍ਰਗਟ ਹੋਈ (ਦਕਸ਼ ਯੱਗ ਕਥਾ ਵਿਚ, ਸ਼ਿਵ ਪੁਰਾਣ) ਦਸੀ ਜਾਂਦੀ ਹੈ ।

ਸ਼੍ਰੀ ਕਾਲੀ ਕਾਸ਼ਟਕਮ੍ (ਪੰਨਾ ੪੭) ਤੇ ਲਿਖਿਆ ਹੈ --- ਜਿਨਕੇ ਕੰਠ ਮੇਂ ਰਹਨੇ ਵਾਲੀ ਮੁੰਡਮਾਲਾ ਸੇ ਨਿਰੰਤਰ ਰਕਤਸ੍ਰਾਵ ਹੋ ਰਹਾ ਹੈ, ਜੋ ਮਹਾਘੋਰ ਸ਼ਬਦ ਕਰਨੇ ਵਾਲੀ ਔਰ ਬੜੇ ਬੜੇ ਦਾਂਤ ਸੇ ਅਤਯੰਤ ਭੀਸ਼ਣ ਹੈਂ, ਨੰਗੀ, ਸ਼ਮਸ਼ਾਨ ਮੇ ਨਿਵਾਸ ਕਰਨੇ ਵਾਲੀ, ਬਿਖਰੇ ਬਾਲੋਂ ਵਾਲੀ ਏਵੰ **ਮਹਾਕਾਲ ਸੇ ਰਤਿ ਕੇ ਲਿਏ ਸਰਵਥਾ ਵਯਗ੍ਰ ਰਹਤੀ ਹੈਂ, ਵਹੀ ਕਾਲਿਕਾ ਕੇ ਨਾਮ ਸੇ ਵਿਖਯਾਤ ਹੈਂ। ਹੂ-ਬ-ਹੂ ਐਸਾ ਹੀ ਕਾਲ ਦਾ ਸਰੂਪ ਅਖਉਤੀ ਦਸਮ ਗ੍ਰੰਥ ਦੇ ਪੰਨਾ ੮੧੦ ਤੇ ਲਿਖਿਆ ਹੈ ਮੁੰਡ ਕੀ ਮਾਲ ਦਿਸਾਨ ਕੇ ਅੰਬਰ ਬਾਮ ਕਰਯੋ ਗਲ ਮੈ ਅਸਿ ਭਾਰੋ॥ ਲੋਚਨ ਲਾਲ ਕਰਾਲ ਦਿਪੈ ਦੋਊ ਭਾਲ ਬਿਰਾਜਤ ਹੈ ਅਨਿਯਾਰੋ ॥ ਛੁਟੇ ਹੈਂ ਬਾਲ ਮਹਾਬਿਕਰਾਲ ਬਿਸਾਲ ਲਸੈ ਰਦ ਪੰਤਿ ਉਜਯਾਰੋ॥ ਛਾਡਤ ਜਵਾਲ ਲਏ ਕਰ ਬਯਾਲ ਸੁ ਕਾਲ ਸਦਾ ਪ੍ਰਤਿਪਾਲ ਤਿਹਾਰੋ ॥**

ਇਸ ਪੁਸਤਕ 'ਮਹਾਕਾਲੀ ਉਪਾਸਨਾ' ਦੇ ਲੇਖਕ ਨੇ ਪੰਨਾ ੨੩-੨੪ ਤੇ "ਸ਼੍ਰੀ ਦੁਰਗਾ ਜੀ ਔਰ ਮਹਾਕਾਲੀ ਜੀ ਕੇ ਉਪਾਸਕ" ਸਿਰਲੇਖ ਹੇਠ ਲਿਖਿਆ ਹੈ ਕਿ 'ਛਤ੍ਰਪਤਿ ਗੁਰੂ ਗੋਬਿੰਦ ਸਿੰਘ' ਤਥਾ 'ਸ਼ਿਵਾਜੀ' ਮਹਾਰਾਜ :- ਜਿੰਹੋਨੇ ਅਤਯੰਤ ਸੰਕਟ ਕਾਲ ਮੇਂ ਹਿੰਦੂ ਜਾਤਿ ਕੀ ਰਕਸ਼ਾ ਕੀ, ਅਨਯਥਾ ਨਰਾਧਮ ਔਰੰਗਜ਼ੇਬ ਬਾਦਸ਼ਾਹ ਕੇ ਅਤਯਾਚਾਰ ਕਾਲ ਮੇ ਹਿੰਦੂ ਜਾਤਿ ਕਾ ਲੇਸ਼ਮਾਤ੍ਰ ਭੀ ਨਹੀ ਬਚਤਾ।ਆਜ ਹਮ ਆਪ ਜੋ ਸ਼ਿਖਾ-ਯੁਕਤ ਔਰ ਜਨੇਉ-ਯੁਕਤ ਦਿਖਾਈ ਪੜ ਰਹੇ ਹੈਂ, ਯਹ ਇਨਹੀ ਦੋ ਮਹਾਨ ਵੀਰੋਂ ਕੇ ਕਾਰਯ ਕਾ ਫਲ ਹੈ। ਇਨ ਦੋਨੋ ਮਹਾਪੁਰਸ਼ੋਂ ਕੋ 'ਜਗਦੰਬਾ' ਜੀ ਨੇ ਆਜ ਸੇ ੫੦੦ ਵਰਸ਼(ਗਲਤ ਬਿਆਨੀ....੩੦੦ ਸਾਲ) ਪਹਲੇ ਸਾਕਸ਼ਾਤ ਦਰਸ਼ਨ ਭੀ ਦਿਯਾ ਥਾ ਜਿਨਕੇ ਪਰਿਣਾਮ-ਸਰੂਪ ਇਤਨੇ ਬੜੇ ਕਾਰਯ ਕੋ ਕਰ ਸਕੇ ।.........

ਪਾਠਕ ਅੰਦਾਜ਼ਾ ਲਾ ਸਕਦੇ ਹਨ ਕਿ ਪੰਡਿਤ ਵਾਈ. ਐਨ. ਝਾ ਵਰਗੇ ਬ੍ਰਾਹਮਣ-ਵਾਦੀ ਲੋਕ ਅਤੇ ਸਿਖੀ-ਸਰੂਪ-ਵਾਲੇ-ਬ੍ਰਾਹਮਣ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ-ਪੂਜਕ ਸਿਧ ਕਰਣ ਲਈ ਪੂਰਾ ਜ਼ੋਰ ਲਾ ਰਹੇ ਹਨ।

**ਇਹ ਪੁਸਤਕ ਲਿਖਣ ਦਾ ਇਕੋ ਹੀ ਮਕਸਦ ਹੈ ਕਿ ੧ੴ ਸਤਿਨਾਮੁ ਦੇ ਉਪਾਸਕ ਅਪਣੇ ਧਰਮ-ਪਿਤਾ ਸਰਬੰਸ-ਦਾਨੀ, ਮਹਾਨ ਜੋਧੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਨੂਰਾਨੀ ਤੇ ਲਾਸਾਨੀ ਸ਼ਖ਼ਸੀਅਤ ਨੂੰ ਦੇਵੀ-ਪੂਜਕ ਦਾ ਲੇਬਲ ਨ ਲਗਣ ਦੇਈਏ। ਅਗਲੇ ਪੰਨਿਆਂ ਤੇ ਲਿਖੀ ਡੂੰਘੀ ਪੜਚੋਲ ਸਾਬਤ ਕਰਦੀ ਹੈ ਕਿ ਇਹ ਗ੍ਰੰਥ ਦੇਵੀ-ਪੂਜਕਾਂ ਦਾ 'ਮਹਾਕਾਲ-ਕਾਲਕਾ ਗ੍ਰੰਥ' ਹੈ ।**

**ਹਰ ਗੁਰਸਿਖ ਦਾ ਫ਼ਰਜ਼ ਹੈ ;**

**ਸਾਹਿਬੁ ਸੰਕਟਵੈ ਸੇਵਕੁ ਭਜੈ ॥ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥ (ਗੁਰ ਗ੍ਰੰਥ ਸਾਹਿਬ, ਅੰਗ ੧੧੯੫) ਅਰਥਾਤ, ਗੁਰੂ ਤੇ ਹਮਲਾ ਹੋਵੇ / ਸੰਕਟ ਆਵੇ ਅਤੇ ਸਿਖ ਦੋੜ ਜਾਵੇ, ਐਸਾ ਸਿਖ ਅਤੇ ਉਸਦੀ ਔਲਾਦ ਬਹੁਤਾ ਚਿਰ ਨਹੀ ਜੀ ਸਕਦੇ ; ਜੇ ਜੀਉਂਦੇ ਹਨ ਤਾਂ ਬੁਜ਼ਦਿਲ ਦੀ ਸ਼ਰਮਿੰਦਗੀ ਅਤੇ ਜ਼ਿੱਲਤ-ਭਰੀ ਜ਼ਿੰਦਗੀ । ਦਸਮ-ਗ੍ਰੰਥ-ਰੂਪੀ ਹਥਿਆਰ ਨਾਲ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਤੇ ਹਮਲਾ ਜਾਰੀ ਹੈ ।**

# ਅੰਤਿਕਾ ਨੰਬਰ ੧

**ਬਚਿਤ੍ਰ ਨਾਟਕ ਗ੍ਰੰਥ ਵਿਚ ਦਰਜ ਚੰਡੀ ਦੀਆਂ ਤਿੰਨਾਂ ਵਾਰਾਂ ਦੇ ਪ੍ਰਸੰਗ ਮਾਰਕੰਡੇਯ ਪੁਰਾਣ ਵਿਚੋਂ ਹੂ-ਬ-ਹੂ ਨਕਲ ਮਾਰ ਕੇ ਲਿਖੇ ਗਏ ਹਨ । ਹੇਠ ਲਿਖੀ ਤਾਲਿਕਾ (Table) ਨੂੰ ਪਾਠਕ ਧਿਆਨ ਨਾਲ ਵੇਖਣ :**

**ਤੁਲਨਾ : ਚੰਡੀ ਚਰਿਤ੍ਰ ਮਾਰਕੰਡੇ ਪੁਰਾਣ ਅਤੇ ਚੰਡੀ ਚਰਿਤ੍ਰ ਉਕਤਿ ਬਿਲਾਸ ਬਚਿਤ੍ਰ ਨਾਟਕ ਗ੍ਰੰਥ ਵਿਚ**

| ਪੰਨਾ ਮਾਰਕੰਡੇ ਪੁਰਾਣ | ਪੰਨਾ ਬਚਿਤ੍ਰ ਨਾਟਕ ਗ੍ਰੰਥ | ਅਖੀਰ ਤੇ ਲਿਖੇ 'ਸਮਾਪਤੀ ਸੰਕੇਤ' |
|---|---|---|
| ੩੦੬ - ੩੦੭ | ੭੪ - ੭੫ | ਇਤਿ ਸ੍ਰੀ ਮਾਰਕੰਡੇ ਪੁਰਾਨੇ ਉਕਤਿ ਬਿਲਾਸ ਮਧਕੈਟਭ ਬਧਹਿ ਪ੍ਰਥਮ ਧਯਾਇ ॥੧॥ |
| ੩੦੭ - ੩੧੮ | ੭੫ - ੭੯ | ਇਤਿ ਸ੍ਰੀ ਮਾਰਕੰਡੇ ਪੁਰਾਨੇ..............ਮਹਖਾਸੁਰ ਬਧਹਿ.................॥੨॥ |
| ੩੩੧ - ੩੩੩ | ੭੯ - ੮੩ | ਇਤਿ ਸ੍ਰੀ ਮਾਰਕੰਡੇ ਪੁਰਾਨੇ........... ਧੂਮ੍ਰਲੋਚਨ / ਧੂਮ੍ਰਨੈਨ ਬਧਹਿ ....... ॥੩॥ |
| ੩੩੩ - ੩੩੬ | ੮੩ - ੮੫ | ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਚੰਡੀ ਚਰਿਤ੍ਰੇ ਚੰਡ ਮੁੰਡ ਬਧਹਿ............ ॥੪॥ |
| ੩੩੬ - ੩੪੧ | ੮੫ - ੯੧ | ਇਤਿ ਸ੍ਰੀ ਮਾਰਕੰਡੇ ਪੁਰਾਨੇ..... ਰਕਤਬੀਜ ਬਧਹਿ....................... ॥੫॥ |
| ੩੪੧ - ੩੪੫ | ੯੧ - ੯੫ | ਇਤਿ ਸ੍ਰੀ ਮਾਰਕੰਡੇ ਪੁਰਾਨੇ........ਨਿਸੁੰਭ ਬਧਹਿ ........................ ॥੬॥ |
| ੩੪੫ - ੩੪੮ | ੯੫ - ੯੮ | ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰੇ ਸੁੰਭ ਭਧਹਿ...................... ॥੭॥ |
| ੩੪੮ - ੩੫੩ | ੯੮ - ੯੯ | .............. ਦੇਵੀ ਉਸਤਤਿ ........ |
| ੩੪੮ - ੩੫੩ | ੧੧੫-੧੧੯ | ਦੇਵੀ ਜੂ ਕੀ ਉਸਤਤ / ਚੰਡੀ ਚਰਿਤ੍ਰ ਉਸਤਤ |

**ਤੁਲਨਾ : ਚੰਡੀ ਚਰਿਤ੍ਰ ਮਾਰਕੰਡੇ ਪੁਰਾਣ ਵਿਚ ਅਤੇ 'ਚੰਡੀ ਚਰਿਤ੍ਰ ਦੂਜਾ' ਬਚਿਤ੍ਰ ਨਾਟਕ ਗ੍ਰੰਥ ਵਿਚ**

ਬਚਿਤ੍ਰ ਨਾਟਕ ਗ੍ਰੰਥ ਵਿਚ ਪੰਨਾ ੧੦੦ ਉੱਤੇ '੧ਓ ਅਥ ਚੰਡੀ ਚਰਿਤ੍ਰ ਲਿਖਯਤੇ' ਦੂਜੀ ਵਾਰੀ ਫਿਰ ਲਿਖਿਆ ਹੈ । ਇਸ ਵਿਚ ਮਹਖਾਸੁਰ ਬਧਹਿ ਪ੍ਰਥਮ ਧਿਆਇ ਪੰਨਾ ੧੦੦ ਤੋਂ ੧੦੨ ਤਕ ,
ਧੂਮ੍ਰਨੈਣ/ਧੂਮ੍ਰਲੋਚਨ ਬਧਹ ਪੰਨਾ ੧੦੨ ਤੋਂ ੧੦੪ ਤਕ, ਚੰਡ ਮੁੰਡ ਬਧਹ ਧਿਆਇ ਪੰਨਾ ੧੦੪ ਤੋਂ ੧੦੫ ਤਕ ,
ਰਕਤਬੀਜ ਬਧਹ ਧਿਆਯ ਪੰਨਾ ੧੦੫ ਤੋਂ ੧੦੮ ਤਕ, ਨਿਸੁੰਭ ਬਧਹ ਧਿਆਇ ਪੰਨਾ ੧੦੮ ਤੋਂ ੧੧੧ ਤਕ,
ਸੁੰਭ ਬਧਹ ਧਿਅਇ ਪੰਨਾ ੧੧੧ ਤੋਂ ੧੧੫ ਤਕ ਅਤੇ ਪੰਨਾ ੧੧੫ ਤੋਂ ੧੧੯ ਤਕ ਦੇਵੀ ਜੂ ਕੀ ਉਸਤਤ / ਚੰਡੀ ਚਰਿਤ੍ਰ ਉਸਤਤ ਬਰਨਨੰ ਮਾਰਕੰਡੇ ਪੁਰਾਣ ਵਿਚ ਪੰਨਾ ੩੪੮ - ੩੫੩ ਤਕ ਲਿਖੀ ਹੈ ।
ਪੰਨਾ ੧੧੯ ਤੇ ਲਿਖਿਆ ਸਮਾਪਤੀ ਸੰਕੇਤ ਇਉਂ ਹੈ , " ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰ ਉਸਤਤ ਬਰਨਨੰ ਨਾਮ ਅਸਟਮੋ ਧਿਆਯ ਸੰਪੂਰਣਮਸਤ ਸੁਭਮਸਤ ॥੮॥ ਅਫਜੂ ॥

---

**ਚੰਡੀ ਦੀ ਵਾਰ ਤੀਜੀ ਵਾਰੀ : ਸਿਰਲੇਖ ਇਉਂ ਹੈ :- (ਪੰਨਾ ੧੧੯)**

**੧ਓ ਵਾਹਿਗੁਰੂ ਜੀ ਕੀ ਫਤੇ ॥ ਸ੍ਰੀ ਭਗਉਤੀ ਜੀ ਸਹਾਇ ॥ ਵਾਰ ਸ੍ਰੀ ਭਗਉਤੀ ਜੀ ਕੀ ॥**

ਇਸ ਵਾਰ ਵਿਚ ਉਪਰ-ਲਿਖੇ ਦੈਂਤਾਂ ਨਾਲ ਦੇਵੀ ਚੰਡੀ / ਕਾਲਕਾ / ਦੁਰਗਾ ਦੇ ਜੁਧਾਂ ਦਾ ਹੀ ਜ਼ਿਕਰ ਹੈ । ਇਸ ਵਾਰ ਦੀ ਸ਼ੁਰੂਆਤ 'ਪ੍ਰਿਥਮ ਭਗਉਤੀ ਸਿਮਰ ਕੇ ਗੁਰ ਨਾਨਕ ਲਈ ਧਿਆਇ ॥.. (ਪਹਿਲੀ ਪਉੜੀ) ਅਤੇ ਅਖੀਰਲੀ ਪਉੜੀ ਨੰ: ੫੫ "ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥ " ਸਿਧ ਕਰਦੀ ਹੈ ਕਿ ਇਸ ਸਿਰਲੇਖ"ਵਾਰ ਦੁਰਗਾ ਕੀ" ਹੀ ਹੈ । ਪੰਨਾ ੧੨੧ ਤੇ ਮਹਿਖਾਸੁਰ ਨਾਲ ਜੰਗ, ਪੰਨਾ ੧੨੨ ਤੇ ਧੂਮਰਨੈਣ ਸੰਘਾਰੇ , ਪੰਨਾ ੧੨੩ ਤੇ ਚੰਡ ਮੁੰਡ ਦਾ ਵਧ, ਪੰਨਾ ੧੨੪ - ੧੨੫ ਤੇ ਸ੍ਰਣਵਤਬੀਜ (ਰਕਤਬੀਜ) ਨਾਲ ਜੰਗ, ਪੰਨਾ ੧੨੬ ਤੇ ਨਿਸੁੰਭ ਨਚਾਇਆ , ਪੰਨਾ ੧੨੭ ਤੇ ਸੁੰਭ ਦਾ ਮਾਰਿਆਂ ਜਾਣਾ । ਸੰਖੇਪ ਵਿਚ ਲਿਖੀ ਤੀਜੀ ਚੰਡੀ ਦੀ ਵਾਰ / ਵਾਰ ਦੁਰਗਾ ਕੀ / ਵਾਰ ਸ੍ਰੀ ਭਗਉਤੀ ਜੀ ਕੀ ਉਪਰ-ਲਿਖੇ ਸ਼ਿਵ ਪੁਰਾਣ ਵਿਚੋਂ ਪੰਨਾ ੬੧੭ ਤੋਂ ੬੨੧ ਤਕ ਮਾਰਕੰਡੇ ਪੁਰਾਣ ਦੇ ਆਧਾਰ ਤੇ ਨਕਲ ਮਾਰ ਕੇ ਲਿਖੀ ਗਈ ਹੈ ।

ਉਪਰ ਲਿਖੀਆਂ ਤਿੰਨੇ ਚੰਡੀ ਦੀਆਂ ਵਾਰਾਂ ਮਾਰਕੰਡੇ ਪੁਰਾਣ ਦੀ ਹੂ-ਬ-ਹੂ ਨਕਲ ਮਾਰ ਕੇ ਲਿਖੀਆਂ ਗਈਆਂ ਹਨ । ਪੰਨਿਆਂ ਨੰਬਰਾਂ ਦੀ ਉਪਰ-ਲਿਖੀ ਤਾਲਿਕਾ ਸਪਸ਼ਟ ਪ੍ਰਮਾਣ ਹੈ । ਹੁਣ ਵੀ ਜੇਕਰ ਕੋਈ ਆਖੇ ਕਿ ਭਗਉਤੀ ਦਾ ਅਰਥ ਦੇਵੀ ਦੁਰਗਾ ਨਹੀ ਤਾਂ ਉਸ ਦੇਵੀ-ਪੂਜਕ (੧ਓ ਤੋਂ ਮੁਨਕਰ ਸਿਖ) ਨੂੰ ਗੁਰਬਾਣੀ 'ਮੂਰਖਾ ਸਿਰਿ ਮੂਰਖ ਹੈ ਜਿ ਮੰਨੈ ਨਾਹੀ ਨਾਉ॥ਹੀ ਆਖਦੀ ਹੈ। ਤਾਂ ਤੇ 'ਪ੍ਰਿਥਮ ਭਗਉਤੀ ਸਿਮਰ ਕੇ...' ਅਰਦਾਸ ਦਾ ਮੁਖੜਾ ਜ਼ਰੂਰ ਬਦਲਨਾ ਪਵੇਗਾ ।

**ਗੁਰਸਿਖ ਦੀ ਅਰਦਾਸ ਗੁਰੂ ਅਥਵਾ ਵਾਹਿਗੁਰੂ ਅੱਗੇ ਹੀ ਹੋਣੀ ਚਾਹੀਦੀ ਹੈ ।**

# ਅੰਤਿਕਾ ਨੰਬਰ ੨

## ਸ੍ਰੀਮਦ ਭਾਗਵਤ ਪੁਰਾਣ ਵਿਚ ਵਿਸ਼ਨੂੰ ਦੇ ੨੪ ਅਵਤਾਰਾਂ ਦਾ ਜ਼ਿਕਰ ਹੈ

**ਜਿਨ੍ਹਾਂ ਦੀ ਸੰਖੇਪ ਸੂਚੀ ਪ੍ਰਥਮ ਸਕੰਧ ਦੇ ਪੰਨਾ ੩੬ ਤੋਂ ੪੦ ਤਕ ( ਸਕੰਧ ੧ / ਅਧਯਾਯ ੩) ਅਤੇ ਫਿਰ ਦੁਬਾਰਾ ਪੰਨਾ ੧੧੨ ਤੋਂ ੧੧੫ (ਸਕੰਧ ੧ / ਅਧਯਾਯ ੭; ਨੋਟ ਕੀਤਾ ੧/੭ ) ਤਕ ਲਿਖੀ ਹੈ । ੨੦ਵੇਂ ਅਵਤਾਰ ਰਾਮਾਵਤਾਰ ਦੀ ਕਥਾ ਨਵਮ (ਨੌਂਵੇਂ) ਸਕੰਧ ਵਿਚ ਪੰਨਾ ੪੫੭ ਤੋਂ ੪੬੨ ਤਕ ਲਿਖੀ ਹੈ ।ਅੱਗੇ ਦਸਮ ਸਕੰਧ ਵਿਚ ੨੧ਵੇਂ ਕ੍ਰਿਸ਼ਨਾਵਤਾਰ ਦੀ ਕਥਾ ਪੰ:੪੯੯ ਤੋਂ ੮੨੨ ਤਕ (ਕੁਲ ੩੨੪ ਪੰਨੇ) ਪੂਰੇ ਵਿਸਤਾਰ ਨਾਲ ਲਿਖੀ ਹੈ।**

ਬਚਿਤ੍ਰ ਨਾਟਕ ਗ੍ਰੰਥ ਵਿਚ ੧੯ ਅਵਤਾਰਾਂ ਦੀ ਕਥਾ ਅਤੇ ਅੱਗੇ ਰਾਮਵਤਾਰ ਪੰਨਾ ੨੫੩ (ਇਤਿ ਸ੍ਰੀ ਰਾਮਾਇਣ ਸਮਾਪਤਮਸਤ ॥) ਤੇ ਮੁਕਦਾ ਹੈ ਅਤੇ ਪੰਨਾ ੨੫੩ ਤੋਂ ੫੭੦ ( ਕੁਲ ੩੧੭ ਪੰਨੇ) ਤਕ ਕ੍ਰਿਸਨਾਵਤਾਰ ਲਿਖਿਆ ਹੈ । **ਦੇਵੀ-ਭਗਤ ਲਿਖਾਰੀ ਕਵਿ ਸ਼ਯਾਮ ਆਦਿਕ ਨੇ ਸ਼ੁਰੂਆਤ** 'ਅਥ ਦੇਵੀ ਜੂ ਕੀ ਉਸਤਤ ਕਥਨੰ ॥ ' ਨਾਲ ਹੀ ਕੀਤੀ ਹੈ (ਪੰਨਾ ੨੫੫) ਅਤੇ ਵਿਚਕਾਰ ਦੇਵੀ ਜੂ ਕੀ ਉਸਤਤ ਪੰਨਾ ੩੦੯ ਤੇ ਫਿਰ ਲਿਖ ਦਿਤੀ ਹੈ ।

**ਸ੍ਰੀਮਦ ਭਾਗਵਤ ਪੁਰਾਣ (ਸੁਖ ਸਾਗਰ ਗ੍ਰੰਥ) ਦੇ ਦਸਮ ਸਕੰਧ ਦੇ ਅਧਯਾਯ ੧ ਤੋਂ ੯੦ ਤਕ ਦੇ ਪ੍ਰਸੰਗਾਂ ਦੀ ਸੂਚੀ ਦੀ ਤੁਲਨਾ ਬਚਿਤ੍ਰ ਨਾਟਕ ਗ੍ਰੰਥ ਦੇ ਪ੍ਰਸੰਗਾਂ ਦੀ ਸੂਚੀ ਨਾਲ ਕੀਤੀ ਗਈ ਹੈ ਜੋ ਹੇਠ ਲਿਖੀ ਹੈ :**

| ਪੰਨਾ ਭਾਗਵਤ ਪੁਰਾਣ ਗ੍ਰੰਥ | ਪੰਨਾ ਬਚਿਤ੍ਰ ਨਾਟਕ ਗ੍ਰੰਥ | ਪ੍ਰਸੰਗ / ਸ਼ੁਰੂ ਵਿਚ ਸਿਰਲੇਖ / ਅਖੀਰ ਤੇ ਲਿਖੇ ਸਮਾਪਤੀ ਸੰਕੇਤ **( ਕ੍ਰਿਸ਼ਨਾਵਤਾਰ ਦੇ ਸਾਰੇ ਪ੍ਰਸੰਗ )** |
|---|---|---|
| ੪੯੨(੧੦/੧) | ੨੫੫ | ਅਥ ਪ੍ਰਿਥਮੀ (ਗਾਂ ਰੂਪ ਧਾਰ) ਬ੍ਰਹਮਾ ਪਹਿ ਪੁਕਾਰਤ ਭਈ ॥ |
| ੪੯੩(੧੦/੧) | ੨੫੬ | (ਦੇਵਕੀ ਵਿਵਾਹ) ਅਥ ਦੇਵਕੀ ਕੋ ਬਰ ਢੂੰਢਬੋ ਕਥਨੰ ॥ |
| ੪੯੭(੧੦/੨) | ੨੬੦ | (ਬਲਰਾਮ) ਅਥ ਬਲਭਦ੍ਰ ਜਨਮ ॥ |
| ੫੦੦(੧੦/੩) | ੨੬੦ | ਅਥ ਕ੍ਰਿਸਨ ਜਨਮ ॥ |
| ੫੦੫(੧੦/੬) | ੨੬੪ | ਇਤਿ ਸ੍ਰੀ ਦਸਮ ਸਕੰਧ ਪੁਰਾਣੇ ਬਚਿਤ੍ਰ ਨਾਟਕ ਪੂਤਨਾ ਬਧ.. ॥ |
| ੫੧੧(੧੦/੮) | ੨੬੫ | ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਨਾਮ ਕਰਨ ਬਰਨਨੰ ॥ |
| ੫੧੪(੧੦/੮) | ੨੬੯ | ਇਤਿ ਸ੍ਰੀ ਬਚਿਤ੍ਰ......ਮਾਤ ਜਸੁਧਾ ਕੋ ਮੁਖ ਪਸਾਰ ਬਿਸਵ ਰੂਪ ਦਿਖੈਬੋ ॥ |
| ੫੧੬(੧੦/੮) | ੨੬੯ | ਇਤਿ ਸ੍ਰੀ ਬਚਿਤ੍ਰ ਨਾਟਕ...... ਮਾਖਨ ਚੁਰੈਬੋ ਬਰਨਨੰ ॥ |
| ੫੨੪(੧੦/੧੦) | ੨੭੧ | ਇਤਿ................. ਜੁਮਲਾਰਜੁਨ ਉਧਾਰਬੋ ਬਰਨਨੰ ॥ |
| ੫੨੮(੧੦/੧੧) | ੨੭੩ | ਇਤਿ ਬਕਾਸੁਰ ਦੈਤ ਬਧਹਿ ॥ |
| ੫੩੦(੧੦/੧੨) | ੨੭੪ | ਇਤਿ ਅਘਾਸੁਰ ਦੈਤ ਬਧਹਿ ॥ |
| ੫੩੭(੧੦/੧੩) | ੨੭੬ | ਬ੍ਰਹਮਾ ਦਵਾਰਾ ਗਾਯ-ਬਛੜੋਂ ਕਾ ਅਪਹਰਣ/ ਇਤ ਬ੍ਰਹਮਾ ਬਛਰੇ ਆਨ ਪਾਇ ਪਰਾ |
| ੫੪੩(੧੦/੧੫) | ੨੭੮ | ਇਤਿ ਸ੍ਰੀ ਦਸਮ ਸਕੰਧ ਪੁਰਾਣੇ ਬਚਿਤ੍ਰ ਨਾਟਕ ... ਧੇਨਕ ਦੈਤ ਬਧਹਿ ॥ |
| ੫੪੫(੧੦/੧੬) | ੨੮੦ | ਇਤਿ... ਕਾਲ ਨਾਗ ਨਿਕਾਰਬੋ ਬਰਨਨੰ ॥ |
| ੫੬੧(੧੦/੧੯) | ੨੮੧ | ਇਤਿ ... ਦਾਵਾਨਲ ਤੇ ਬਚੈਬੋ ॥ |
| ੫੫੯(੧੦/੧੮) | ੨੮੨ | ਇਤਿ... ਪ੍ਰਲੰਬ ਦੈਤ ਬਧਹਿ ॥ |
| ੫੬੬(੧੦/੨੧) | ੨੮੬ | ਗੋਪੀ ਚੀਰ ਹਰਣ ਕਥਾ |
| ੫੭੧(੧੦/੨੩) | ੨੯੭ | ਇਤਿ ਸ੍ਰੀ ਦਸਮ ਸਿਕੰਧ ਬਚਿਤ੍ਰ ਨਾਟਕੇ..ਹਰਿ ਭੋਜਨ ਲੇਇ ਉਧਾਰ ਕਰਬੋ ਬਰਨਨੰ॥ |
| ੫੭੪(੧੦/੨੪) | ੨੯੭ | ਅਥ ਗੋਵਰਧਨ (ਪਰਬਤ) ਗਿਰਿ ਕਰ ਪਰ ਧਾਰਬੋ ॥ |
| ੫੮੫(੧੦/੨੮) | ੩੦੭ | ਅਥ ਨੰਦ ਕੋ ਬਰਨ (ਵਰੁਣ ਲੋਕ ਮੇਂ ) ਬਾਂਧ ਕਰਿ ਲੇ ਗਏ ॥ |
| **ਨਹੀ ਹੈ** | **੩੦੯** | **ਅਥ ਦੇਵੀ ਜੂ ਕੀ ਉਸਤਤ ਕਥਨੰ ॥ (ਦੇਵੀ-ਪੂਜਕ ਕਵਿ ਸ਼ਯਾਮ ਨੇ ਕਿਉਂ ਲਿਖੀ ?)** |
| ੫੮੮(੧੦/੨੯) | ੩੧੦ | ਅਥ ਰਾਸ ਮੰਡਲ ॥ ( ਤਕਰੀਬਨ ਹਰ ਪੰਨੇ ਤੇ 'ਕਬਿ ਸਯਾਮ' ਛਾਪ ) |
| ੬੦੪(੧੦/੩੩) | ੩੨੩-੩੫੪ | ਮਹਾਰਾਸ ਲੀਲਾ / ਅਥ ਕਰਿ ਪਕਰ ਖੇਲਬੋ ਕਥਨੰ ॥ਰਾਸ ਮੰਡਲ॥ ( ਨੋਟ : ਸਯਾਮ ਕਵੀ |
| ................. | | ਨੇ ਪੰਨਾ ੩੫੪ ਤੇ ਸੰਮਤ ੧੭੪੫ ਇਸ ਰਚਨਾ ਦਾ ਸਮਾ ਦਸਿਆ) ਇਤਿ ਸ੍ਰੀ.. ਰਾਸ ਮੰਡਲ ਬਰਨਨੰ..॥ |
| ੬੨੧(੧੦/੩੬) | ੩੫੫ | ਅਥ ਬ੍ਰਿਖਭਾਸੁਰ (ਵ੍ਰਸ਼ਾਸੁਰ) ਦੈਤ ਬਧ ਕਥਨੰ ॥ |
| ੬੨੫(੧੦/੩੭) | ੩੫੭ | ਇਤੀ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ **ਕੇਸੀ ਬਧਹਿ** ਧਯਾਇ ਸਮਾਪਤ...॥ |
| ੬੨੯(੧੦/੩੮) | ੩੫੮ | ਅਥ ਹਰਿ ਕੋ ਅਕ੍ਰੂਰ ਮਥੁਰਾ (ਨੰਦਗਾਂਵ) ਲੈਜੈਬੋ ॥ |
| ੬੪੦(੧੦/੪੧) | ੩੬੨ | ਇਤਿ ਸ੍ਰੀ ਦਸਮ ਸਿਕੰਧੇ ਪੁਰਾਣੇ...ਮਥੁਰਾ ਪ੍ਰਵੇਸ਼ ਕਰਣੰ ॥ |
| ੬੪੪(੧੦/੪੨) | ੩੬੩ | ਅਥ ਕੁਬਜਾ ਕੋ ਉਧਾਰ ਕਰਨ ॥ |

| | | |
|---|---|---|
| ੬੪੭(੧੦/੪੩) | ੩੬੬ | ਕੁਵਲਿਆਪੀੜ ਹਾਥੀ / ਇਤੀ ਸ੍ਰੀ ਦਸਮ ਸਿਕੰਧੇ..ਗਜ ਬਧਹਿ ਧਯਾਇ ਸਮਾਪਤ॥ |
| ੬੫੧(੧੦/੪੪) | ੩੬੬ | ...... ਚੰਡੂਰ ਮੁਸਟ ਮੱਲ ਬਧਹਿ ਧਯਾਇ .. ॥ |
| ੬੫੪(੧੦/੪੫) | ੩੬੭ | ਉਗ੍ਰਸੇਨ ਕੋ ਰਾਜ ../ .. ਕੰਸ ਬਧਹਿ.. ਤਾਤ ਮਾਤ ਕੋ ਛੁਰਾਵਤ ਭਏ ॥ |
| ੬੬੪(੧੦/੪੫) | ੩੭੧ | ... ਕਿਸਨ ਜੂ ਕੋ ਗਾਇਤ੍ਰੀ ਮੰਤ੍ਰ.. ਜਗਯੋ ਪਵੀਤ ਡਾਰਾ.. ॥ |
| ੬੭੫(੧੦/੪੭) | ੩੮੬ | ....ਗੋਪੀ ਊਧਵ ਸੰਬਾਦੇ ਬਿਰਹ ਨਾਟਕ .. |
| ੬੯੦(੧੦/੪੯) | ੩੮੯ | ਇਤਿ ਸ੍ਰੀ ਦਸਮ ਸਿਕੰਧੇ ਬਚਿਤ੍ਰ ਨਾਟਕੇ ...ਅਕਰੂਰ ਗ੍ਰਿਹ ਜੈਬੇ .. ॥ |
| ੬੯੧(੧੦/੪੯) | ੩੯੨ | ਇਤਿ ਸ੍ਰੀ.. ਅਕਰੂਰ ਫੁਫੀ ਕੁੰਤੀ ਪਾਸ ਭੇਜਾ...॥ |
| ੬੯੪(੧੦/੫੦) | ੩੯੨ | ਅਥ ਜੁੱਧ ਪ੍ਰਬੰਧ ਜਰਾਸਿੰਧ ਜੁੱਧ ਕਥਨੰ॥ |
| ੬੯੭(੧੦/੫੦) | ੪੯੫, ੫੦੧ | ਇਤਿ ..ਨ੍ਰਿਪ ਜਰਾਸਿੰਧ ਕੋ ਪਕਰ ਕਰ ਛੋਰਦੀਬੋ ਸਮਾਪਤ ॥ |
| ੭੦੦(੧੦/੫੧) | ੪੯੮ | ਇਤਿ ਸ੍ਰੀ ਬਚਿਤਰ ਨਾਟਕ ਗ੍ਰੰਥੇ.. ਕਾਲਜਮਨ ਬਧਹਿ .. ॥ |
| ੭੦੪(੧੦/੫੨) | ੫੦੩ | ਇਤਿ ਸ੍ਰੀ ......... ਬਲਭਦ੍ਰ ਬਿਆਹ ਬਰਨਨੰ ॥ |
| ੭੦੮(੧੦/੫੩) | ੫੦੯ | ਇਤਿ ਸ੍ਰੀ ਦਸਮ ਸਿਕੰਧੇ ਬਚਿਤ੍ਰ ਨਾਟਕੇ ਕ੍ਰਿਸਨਾਵਤਾਰੇ **ਰੁਕਮਨੀ ਹਰਨ**...॥ |
| ੭੧੮(੧੦/੫੫) | ੫੧੨ | ਇਤਿ ਸ੍ਰੀ ਦਸਮ ਸਿਕੰਧੇ ......ਕ੍ਰਿਸਨਾਵਤਾਰੇ ਪਰਦੁਮਨ ਸ਼ੰਬਰ ਦੈਤ ਬਧ...॥ |
| ੭੧੯(੧੦/੫੬) | ੫੧੫-੫੧੬ | ਜਾਂਬਵਤੀ ਔਰ ਸਤਯਭਾਮਾ ਕਾ ਵਿਵਾਹ ਕ੍ਰਿਸਨ ਸੇ../ ਇਤਿ ਬਿਵਾਹ ਸੰਪੂਰਨ..॥ |
| ੭੨੫(੧੦/੫੭) | ੫੧੬ | ਲਛੀਆ ਗ੍ਰਿਹ ਪ੍ਰਸੰਗ ॥ |
| ੭੨੭(੧੦/੫੭) | ੫੧੮ | ਇਤਿ ਸ੍ਰੀ ਦਸਮ ਸਿਕੰਧੇ ਪੁਰਾਣੇ ਬਚਿਤ੍ਰ ਨਾਟਕ..ਸਤਧੰਨੇ ਕੋ ਬਧ ਕੈ ਅਕ੍ਰੂਰ..॥ |
| ੭੩੧(੧੦/੫੮) | ੫੧੮ | ਕ੍ਰਿਸਨ ਜੀ ਇੰਦ੍ਰਪ੍ਰਸਥ ਗਏ / ਕਾਨਜੂ ਕੋ ਦਿੱਲੀ ਮਹਿ ਆਵਨ ਕਥਨੰ ॥ |
| ੭੩੨(੧੦/੫੮) | ੫੧੯ | ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ਼ਿਕਾਰ ਖੇਲਬੋ............॥ |
| ੭੩੬(੧੦/੫੮) | ੫੨੦ | ਸਾਤੋਂ ਬੈਲੋਂ ਕੋ ਏਕ ਸਾਥ ਨਾਥ ਡਾਲਾ / ਜੋ ਇਨ ਸਤ ਬ੍ਰਿਖਭਨ ਕੋ ਨਾਥੈ..੨੧੦੩॥ |
| ੭੩੮(੧੦/੫੯) | ੫੨੨ | ਅਥ ਇੰਦ੍ਰ ਭੂਮਾਸੁਰ ਕੇ ਦੁਖ ਤੇ ਆਵਤ ਭਏ ਕਥਨੰ ॥/ ..ਮੁਰ ਦੈਤ ਬਧਹ ॥ |
| ੭੪੦(੧੦/੫੯) | ੫੨੫ | ...ਸੋਲਹ ਹਜ਼ਾਰ.. / ਸੋਲਾ ਸਹੰਸ੍ਰ ਰਾਜ ਸੁਤਾ ਬਿਆਹ ਕਥਨੰ ॥ |
| ੭੪੧(੧੦/੫੯) | ੫੨੭ | ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ..ਇੰਦ੍ਰ ਕੋ ਜੀਤ ਕਰ ਕਲਪ ਬ੍ਰਿਛ ਲਿਆਵਤ ਭਏ॥ |
| ੭੪੨(੧੦/੬੦) | ੫੨੮ | ਇਤਿ ਸ੍ਰੀ ਦਸਮ ਸਿਕੰਧੇ ਪੁਰਾਣੇ...... ਰੁਕਮਨੀ ਉਪਹਾਸ ਸਮਾਪਤ ॥ |
| ੭੪੬(੧੦/੬੧) | ੫੨੮ | ਅਨਰੁੱਧ ਜੀ ਕੋ ਬਯਾਹ ਕਥਨੰ ॥ |
| ੭੪੮(੧੦/੬੨) | ੫੩੦ | ...ਰੁਕਮ ਬਧ ਧਿਆਇ ਸਮਾਪਤ ॥ ; ਉਸ਼ਾ ਕੇ ਵਿਵਾਹ ਕੀ ਕਥਾ ਸ਼ੁਰੂ.. |
| ੭੫੯(੧੦/੬੩) | ੫੩੮ | ਇਤਿ ਸ੍ਰੀ ਦਸਮ ਸਿਕੰਧ ਪੁਰਾਣੇ..ਬਨਾਸੁਰ ਕੋ ਜੀਤ ਅਨਰੁੱਧ ਊਖਾ ਕੋ ਬਯਾਹ..॥ |
| ੭੬੧(੧੦/੬੪) | ੫੩੯ | ਇਤਿ ਸ੍ਰੀ ਬਚਿਤ੍ਰ ..ਕਿਰਲਾ (ਗਿਰਗਿਟ) ਕੋ ਕੂਪ ਤੇ ਕਾਢ ਕੈ ਉਧਾਰ ਕਰਤ ਭਏ..॥ |
| ੭੬੨(੧੦/੬੫) | ੫੪੦ | ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਬਲਭਦ੍ਰ ਗੋਕਲ (ਬ੍ਰਜ) ਬਿਖੈ ਜਾਇ ਕਰ ਆਵਤ ਭਏ॥ |
| ੭੬੭(੧੦/੬੬) | ੫੪੨ | ਇਤਿ ਸ੍ਰੀ ਬਚਿਤ੍ਰ ਨਾਟਕ..ਸ੍ਰਿਗਾਲ ਕਾਂਸੀ ਕੇ ਭੂਪ ਸਹਤ ਬਧਹ.. (ਪਉਂਡਰੀਕ ਕਥਾ) |
| ੭੬੮ (੧੦/੬੭) | ੫੪੪ | ਇਤਿ ਕਪ (ਵਾਨਰ / ਬਾਂਦਰ) ਕੋ ਬਲਭਦ੍ਰ ਬਧ ਕੀਬੋ ..॥ |
| ੭੭੦(੧੦/੬੮) | ੫੪੫ | ਇਤਿ ਸ੍ਰੀ ਦਸਮ ਸਕੰਧ ਪੁਰਾਣੇ..ਸਾਂਬ ਕੋ ਬਯਾਹ ਲਿਆਵਤ ਭਏ ॥ |
| ੭੭੮(੧੦/੭੨) | ੫੪੯ | ਇਤਿ ਸ੍ਰੀ ਬਚਿਤ੍ਰ ਨਾਟਕ ..ਜਰਾਸਿੰਧ ਕੋ ਬਧ ਕਰ ਦਿੱਲੀ(?) ਮੋ ਆਵਤ ਭਏ ॥ |
| ੭੮੬(੧੦/੭੪) | ੫੫੧ | ਇਤਿ ਸ੍ਰੀ ਬਚਿਤ੍ਰ ਨਾਟਕ..ਰਾਜਸੂ ਜੱਗ ਕਰਿ ਸਸਪਾਲ (ਸ਼ਿਸ਼ੁਪਾਲ) ਬਧਹਿ ਧਿਆਇ॥ |
| ੭੮੯(੧੦/੭੫) | ੫੫੪ | ਪਾਂਡਵ ਸਭਾ ਮੇਂ ਦੁਰਜੋਧਨ ਕਾ ਅਪਮਾਨ.../ ਜੁਧਿਸਟਰ ਕੋ ਸਭਾ ਬਨਾਇ ਕਥਨੰ ॥ |
| ੭੯੩(੧੦/੭੮) | ੫੫੬ | ਦੰਤਵਕ੍ਰ ਔਰ ਵਿਦੂਰਥ ਵਧ / ਬਕਤ੍ਰ ਦੈਤ ਬਧਹ, ਬੈਦੂਰਥ ਦੈਤ ਬਧ...॥ |
| ੭੯੬(੧੦/੭੯) | ੫੫੯ | ਇਤਿ ਸ੍ਰੀ ਦਸਮ ਸਿਕੰਧ..(ਇਲਵਲ ਕਾ ਵਧ) ਦੈਤ ਕੋ ਮਾਰਤ ਭਏ.........॥ |
| ੭੯੮(੧੦/੮੦) | ੫੬੦ | ਇਤਿ ਸ੍ਰੀ ਦਸਮ ਸਿਕੰਧੇ ਪੁਰਾਣੇ ਬਚਿਤ੍ਰ ਨਾਟਕ..ਦਿਜ ਸੁਦਾਮਾ ਕੋ ਦਾਰਦ ਦੂਰ ..॥ |
| ੮੦੪(੧੦/੮੨) | ੫੬੧-੫੬੩ | ਇਤਿ ਸ੍ਰੀ ਦਸਮ ਸਿਕੰਧ..ਕੁਲਖੇਤ੍ਰ ਬਿਖੈ ਜਗ ਕਰਕੈ......॥ |
| ੮੧੮(੧੦/੮੮) | ੫੬੬ | ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ.. ਭਸਮਾਂਗਤ (ਭਸਮਾਸੁਰ) ਦੈਤ ਬਧਹ॥ |
| ੮੧੯(੧੦/੮੯) | ੫੬੭ | ਇਤਿ ਸ੍ਰੀ ਦਸਮ ਸਿਕੰਧ ਪੁਰਾਣੇ..ਭ੍ਰਿਗਲਤਾ ਪ੍ਰਸੰਗ...॥ |
| ੮੨੨(੧੦/੯੦) | --- | ਸ੍ਰੀ ਕ੍ਰਿਸ਼ਨ ਕੀ ਸੰਤਾਨੋਂ ਕਾ ਵਰਣਨ ..ਪੁਤ੍ਰ ਪੋਤ੍ਰੋਂ ਕੀ ਸੰਖਯਾ ਇਤਨੀ ਬੜ੍ਹੀ ਕਿ ਉਨਕੋ ਪੜ੍ਹਾਨੇ ਕੇ ਲਿਯੇ ਕਰੋੜੋਂ ਬ੍ਰਾਹਮਣ ਆਤੇ ਥੇ ??? |

**੫੭੦ ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ॥...............ਅਰਥਾਤ ਭਾਗਵਤ ਪੁਰਾਣ ਦੇ ਦਸਮ ਸਕੰਧ ਦੀ ਕਥਾ ਲਿਖਾਰੀ ਕਬਿ ਸਯਾਮ ਨੇ ਅਪਨੀ ਭਾਖਾ (ਬੋਲੀ) ਵਿਚ ਲਿਖੀ ਹੈ । ਪਾਠਕ ਨੋਟ ਕਰਣ ।**

**ਸਮਾਪਤੀ-ਸੰਕੇਤ :: ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਧਯਾਯ ਸਮਾਪਤਮਸਤ ਸੁਭਮਸਤ॥ ਪੰਨਾ ੫੭੦॥**

# ਬਚਿਤ੍ਰ ਨਾਟਕ ਗ੍ਰੰਥ / ਅਖਉਤੀ ਦਸਮ ਗ੍ਰੰਥ ਵਿਚ ਇਸ਼ਟ ਦਾ ਸਰੂਪ

**ਜਿਸ ਗ੍ਰੰਥ ਨੂੰ ਸਿਖ ਜਗਤ ਵਿਚ ਦਸਮ ਗ੍ਰੰਥ ਨਾਮ ਨਾਲ ਜਾਣਿਆ ਜਾਂਦਾ ਹੈ, ਉਸ ਗ੍ਰੰਥ ਦਾ ਪੂਰਬਲਾ ਨਾਂ ਬਚਿਤ੍ਰ ਨਾਟਕ (Strange Drama) ਗ੍ਰੰਥ ਹੈ। ਸੰਮਤ ੧੯੫੨ (ਸਨ ੧੮੯੫) ਵਿਚ ਸੋਧਕ ਕਮੇਟੀ ਦੀ ਸੋਧੀ ਸਨ ੧੯੬੭ ਵਿਚ ਛਪੀ ੧੪੨੮ ਪੰਨਿਆਂ ਦੀ ਬੀੜ (ਇਹੀ ਬੀੜ ਇਸ ਲੇਖਕ ਕੋਲ ਹੈ) ਦਾ ਨਾਂ ਬਦਲ ਕੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਲਿਖ ਦਿੱਤਾ। ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਬੇਮੁਖ ਕਰਣ ਲਈ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਦੇਵੀ-ਪੂਜਕ ਦਰਸਾ ਕੇ ਬਦਨਾਮ ਕਰਣ ਲਈ ਗ੍ਰੰਥ ਦਾ ਨਾਮ ਬਦਲਿਆ । ਵਿਦਵਾਨ ਇਤਿਹਾਸਕਾਰਾਂ ਨੇ ਖੋਜ ਕਰਕੇ ਦਸਿਆ ਕਿ ਇਹ ਗ੍ਰੰਥ ਚਾਰ ਅਪ੍ਰਮਾਣੀਕ (non-authentic) ਬੀੜਾਂ (ਭਾਈ ਮਨੀ ਸਿੰਘ ਵਾਲੀ, ਪਟਨੇ ਵਾਲੀ, ਮੋਤੀ ਬਾਗ ਪਟਿਆਲੇ ਵਾਲੀ, ਸੰਗਰੂਰ ਵਾਲੀ) ਜਿਨ੍ਹਾਂ ਦੇ ਪਾਠਾਂ ਵਿਚ ਕਈ ਥਾਂਈਂ ਫ਼ਰਕ ਸਨ, ਨੂੰ ਸੋਧ ਕੇ ਤਿਆਰ ਕੀਤਾ ਗਿਆ ਸੀ (ਵੇਖੋ ਟੀਕਾ ਡਾ: ਰਤਨ ਸਿੰਘ ਜੱਗੀ, ਭੂਮਿਕਾ ਪਹਿਲੀ ਪੋਥੀ)। ਦਸਮ ਨਾਨਕ ਜੀ ਦਾ ਰਚਿਆ ਹੋਣ ਤੇ ਸ਼ੰਕਾ ਸ਼ੁਰੂ ਤੋਂ ਹੀ ਕੀਤੀ ਜਾ ਰਹੀ ਸੀ (ਵੇਖੋ, ਪੁਸਤਕ ਦਸਮ ਗ੍ਰੰਥ ਦਾ ਕਰਤ੍ਰਿਤਵ, ਲਿਖਤ ਡਾ: ਰਤਨ ਸਿੰਘ ਜੱਗੀ)। ਹੁਣ ਫਿਰ ਇਸ ਗ੍ਰੰਥ ਦਾ ਨਾਮ ਬਦਲ ਕੇ 'ਸ੍ਰੀ ਦਸਮ ਗ੍ਰੰਥ ਸਾਹਿਬ' ਰਖ ਦਿੱਤਾ। ਜ਼ਰਾ ਸੋਚੀਏ, ਕਿ ਕੈਸੀਆਂ ਸੋਧਕ ਕਮੇਟਆਂ ਹਨ ਜੋ ਗ੍ਰੰਥ ਦਾ ਸਹੀ ਨਾਮ ਨਹੀ ਜਾਣਦੀਆਂ!!**

**ਗੁਰੂ ਗ੍ਰੰਥ ਸਾਹਿਬ ਜੀ ਵਿਚ ਪਹਿਲੇ ਅੰਗ ਉੱਤੇ ਅਤੇ ਅੱਗੇ ੩੨ ਵਾਰੀ ਸੰਪੂਰਣ ਮੂਲ-ਮੰਤਰ '੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥' ਲਿਖਿਆ ਹੋਇਆ ਹੈ। ਪਰ ਬਚਿਤ੍ਰ ਨਾਟਕ ਗ੍ਰੰਥ ਵਿਚ ਕਿਸੇ ਇਕ ਪੰਨੇ ਤੇ ਵੀ ਸੰਪੂਰਣ ਮੂਲ-ਮੰਤਰ ਨਹੀ ਲਿਖਿਆ ਅਤੇ ਇਸਦੀ ਥਾਵੇਂ 'ਦੇਵੀ ਜੂ ਕੀ ਉਸਤਤਿ' ਅਰਥਾਤ ਦੇਵੀ ਦੁਰਗਾ ਦੀ ਉਸਤਤਿ ਵਿਸਤਾਰ ਵਿਚ ਜਾਂ ਸੰਖੇਪ ਵਿਚ 'ਸ੍ਰੀ ਭਗੌਤੀ ਏ ਨਮਹ ॥' ਅਤੇ 'ਸ੍ਰੀ ਭਗਉਤੀ ਜੀ ਸਹਾਇ ॥' ਬਹੁਤ ਥਾਂਈਂ ਲਿਖੇ ਮਿਲਦੇ ਹਨ। ਜ਼ਰਾ ਸੋਚੀਏ, ਜਿਸ ਗ੍ਰੰਥ ਵਿਚ ਇਸ਼ਟ ਦਾ ਸਰੂਪ 'ਸੰਪੂਰਣ ਮੂਲ-ਮੰਤਰ' ਲਿਖਿਆ ਹੀ ਨਹੀ, ਉਹ ਗ੍ਰੰਥ ਦਸਮ ਨਾਨਕ ਗੁਰੂ ਗੋਬਿੰਦ ਸਿੰਘ ਰਚਿਤ ਹੋ ਸਕਦਾ ਹੈ ? ਇਸ ਲਈ ਜਦ ਤਕ ਯਕੀਨੀ ਤੌਰ ਤੇ ਇਹ ਗ੍ਰੰਥ ਦਸਮ ਨਾਨਕ ਰਚਿਤ ਸਿਧ ਨ ਹੋ ਜਾਵੇ, ਇਸ ਗ੍ਰੰਥ ਨੂੰ ਅਖੌਤੀ (so-called) ਦਸਮ ਗ੍ਰੰਥ ਹੀ ਕਹਿਣਾ ਚਾਹੀਦਾ ਹੈ। ਇਸ ਗ੍ਰੰਥ ਦੇ ਆਧਾਰ ਤਿੰਨ੍ਹ ਬ੍ਰਾਹਮਣੀ ਗ੍ਰੰਥਾਂ ਦੀ ਪੜਚੋਲ ਕਰਕੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਸਵੱਟੀ ਤੇ ਪਰਖ ਕੇ ਜੋ ਅਸਲੀਯਤ ਸਾਮ੍ਹਣੇ ਆਈ ਉਹ ਪਾਠਕਾਂ ਦੇ ਗਿਆਤ-ਹਿਤ ਅਤੇ ਵੀਚਾਰ ਲਈ ਹੇਠ ਲਿਖੀ ਹੈ ।**

**ਇਸ ਗ੍ਰੰਥ ਦੇ ਸਾਰੇ ਪ੍ਰਸੰਗਾਂ ਦੇ ਅਖੀਰ ਤੇ ਲਿਖੇ ਸਮਾਪਤੀ-ਸੰਕੇਤਾਂ ਤੋਂ ਅਤੇ ਰਚਨਾ-ਸਾਮਗ੍ਰੀ ਤੋਂ ਇਹ ਤੱਥ (Fact)** ਸਾਮ੍ਹਣੇ ਆਉਂਦਾ ਹੈ ਕਿ ਇਹ ਗ੍ਰੰਥ ਤਿੰਨ ਬ੍ਰਾਹਮਣੀ ਗ੍ਰੰਥਾਂ (੧) **ਮਾਰਕੰਡੇਯ ਪੁਰਾਣ** (ਨਾਇਕਾ ਦੇਵੀ ਦੁਰਗਾ ਤੇ ਉਸਦੇ ਕਾਲ, ਕਾਲੀ, ਮਹਾਕਾਲੀ, ਸ਼ਿਵਾ, ਕਾਲਕਾ ਭਿਆਨਕ ਸਰੂਪ) , (੨) **ਸ਼ਿਵ ਪੁਰਾਣ** (ਨਾਇਕ ਸ਼ਿਵ ਅਤੇ ਉਸਦਾ ਭਿਆਨਕ ਸਰੂਪ ਮਹਾਕਾਲ) , (੩) **ਸ੍ਰੀ ਮਦ ਭਾਗਵਤ ਪੁਰਾਣ** (ਨਾਇਕ ਵਿਸ਼ਨੂੰ ਅਤੇ ਉਸਦੇ ਰਾਮ, ਕ੍ਰਿਸ਼ਨ ਆਦਿਕ ੨੪ ਅਵਤਾਰ) ਤੇ ਆਧਾਰਿਤ ਹੈ।ਅਸ਼ਲੀਲ ਤ੍ਰਿਯਾ ਚਰਿਤ੍ਰ ਅਤੇ ਹਿਕਾਇਤਾਂ (ਆਧਾਰ ਸ਼ਿਵ ਪੁਰਾਣ ਵਿਚ ਇਸਤ੍ਰੀਯੋ ਕੇ ਸਵਭਾਵ, ਨਾਰਦ ਅਤੇ ਇਕ ਅਪਸਰਾ ਦੀ ਵਾਰਤਾਲਾਪ) ਵਾਮ-ਮਾਰਗੀ ਸ਼ਾਕਤ-ਮਤ ਦੀ ਵਿਕਾਰੀ ਜੀਵਨ ਜਾਚ ਦਾ ਕੋਝਾ ਪ੍ਰਗਟਾਵਾ ਹਨ। ਇਸ ਗ੍ਰੰਥ ਵਿਚ ਇਸ਼ਟ **'ਮਹਾਕਾਲ ਕਾਲਕਾ' ਸ਼ਰੀਰਧਾਰੀ ਦੇਵੀ-ਦੇਵਤਾ** ਹੀ ਲਿਖੇ ਮਿਲਦੇ ਹਨ । ਹੇਠ ਲਿਖੇ ਅੰਦਰਲੇ ਪ੍ਰਮਾਣ ਧਿਆਨ ਨਾਲ ਵੀਚਾਰਿਆਂ ਸਿਧ ਹੋ ਜਾਵੇਗਾ ਕਿ **'੧ੴ ਸਤਿਨਾਮੁ' ਅਰਥਾਤ ਨਿਰੰਕਾਰ ਨਾਲ ਜੋੜਨ ਵਾਲਾ ਇਹ ਗ੍ਰੰਥ ਨਹੀ ।**

**ਪੰਨਾ ੧੧ :- ...ਸਰਬਕਾਲ ਜੀ ਦੀ ਰਛਿਆ ਹਮਨੈ ॥ ਸਰਬਲੋਹ ਜੀ ਦੀ ਸਦਾ ਰਛਿਆ ਹਮਨੈ ॥**

ਸਨ ੧੯੬੭ ਦੀ ਬੀੜ ਵਿਚ ਇਸ ਰਚਨਾ ਦਾ ਕੋਈ ਸਿਰਲੇਖ ਨਹੀ । ਧੋਖੇਬਾਜ਼ਾਂ ਨੇ ਇਸ ਰਚਨਾ ਨੂੰ ਅਕਾਲ ਉਸਤਤਿ ਕਿਹਾ ਹੈ ਜਦ ਕਿ ਇਸ ਰਚਨਾ ਵਿਚ ੨੦ ਛੰਦ (ਨੰਬਰ ੨੧੧ ਤੋਂ ੨੩੦) ਜੈ ਜੈ ਹੋਸੀ ਮਹਿਖਾਸੁਰ ਮਰਦਨ... ਦੇਵੀ ਦੁਰਗਾ ਦੀ ਜੈ ਕਰਦੇ ਹਨ। ਕਿਸ ਨੂੰ ਅਕਾਲ ਪੁਰਖ ਜਾਣ ਕੇ ਇਹ ਰਚਨਾ 'ਅਕਾਲ ਉਸਤਤਿ' ਕਹੀ ਗਈ ਹੈ , ਇਸ ਦਾ ਨਿਰਣਾ ਪੂਰਾ ਲੇਖ ਪੜ੍ਹਣ ਤੋਂ ਬਾਦ ਸਹਜੇ ਹੀ ਹੋ ਜਾਵੇਗਾ ।**ਪਰ ਸਰਬਕਾਲ ਅਤੇ ਸਰਬਲੋਹ, ਇਹ ਦੋ ਵਿਸ਼ੇਸ਼ਣ ੧ੴ ਲਈ ਨਹੀ ਵਰਤੇ ਗਏ, ਇਸੇ ਗ੍ਰੰਥ ਦੇ ਅਗਲੇ ਅੰਦਰਲੇ ਪ੍ਰਮਾਣ ਇਹ ਨੁਕਤਾ ਸਪਸ਼ਟ ਕਰਣਗੇ।**

**ਪੰਨਾ ੩੦ ਤੋਂ ੩੩ ਤਕ** :- ਅਕਾਲ ਉਸਤਤਿ (?) ਕਹੀ ਜਾਣ ਵਾਲੀ ਰਚਨਾ ਦੇ ਛੰਦ ਨੰਬਰ ੨੧੧ ਤੋਂ ੨੩੦ ਤਕ ੨੦ ਛੰਦਾਂ ਦੀ ਆਖਰੀ ਪੰਕਤੀ **' ਜੈ ਜੈ ਹੋਸੀ ਮਹਖਾਸੁਰ ਮਰਦਨ..' ਦੇਵੀ ਦੁਰਗਾ ਦੀ ਅਥਵਾ ਕਾਲ ਦੀ ਉਸਤਤਿ** ਕਰ ਰਹੀ ਹੈ ਕਿਉਂਕਿ ਮਾਰਕੰਡੇਯ ਪੁਰਾਣ ਵਿਚ ਲਿਖੀਆਂ ਕਥਾਵਾਂ ਦੇ ਮੁਤਾਬਿਕ ਦੇਵੀ ਦੁਰਗਾ ਨੇ ਮਹਖਾਸੁਰ, ਚੰਡ, ਮੁੰਡ, ਰਕਤਬੀਜ, ਧੁਮਰਲੋਚਨ ਆਦਿਕ ਦੈਂਤਾ ਨੂੰ ਮਾਰਿਆ ਸੀ । ਦੇਵੀ ਦੁਰਗਾ ਦੀ ਇਹ ਕਥਾ ਬਚਿਤ੍ਰ ਨਾਟਕ ਗ੍ਰੰਥ ਵਿਚ ਤਿੰਨ ਵਾਰੀ ਲਿਖੀ ਹੈ । ਇਸ ਗ੍ਰੰਥ ਦੇ ਰਚਨਹਾਰੇ ਤਿੰਨ ਕਵੀ ਹਨ, ਕਵੀ ਸਯਾਮ, ਕਵੀ ਰਾਮ ਤੇ

ਕਵੀ ਕਾਲ । ਐਸਾ ਲਗਦਾ ਹੈ ਹਰ ਕਵੀ ਨੇ ਚੰਡੀ ਦੀ ਵਾਰ ਲਿਖ ਕੇ ਆਪਣੀ ਦੇਵੀ ਪ੍ਰਤੀ ਅਟੁਟ ਸ਼ਰਧਾ ਪ੍ਰਗਟਾਈ ਹੈ । ਤੀਜੀ ਵਾਰੀ **ਸ੍ਰੀ ਦੁਰਗਾ ਕੀ ਵਾਰ (ਵਾਰ ਸ੍ਰੀ ਭਗਉਤੀ ਜੀ ਕੀ) ਪੰਨਾ ੧੧੯ ਤੋਂ ੧੨੭ ਤਕ ਲਿਖੀ ਹੈ, ਜਿਸਦੀ ਪੜਚੋਲ ਅੱਗੇ ਕੀਤੀ ਜਾਵੇਗੀ।**

**ਪੰਨਾ ੩੯ :-** ਤ੍ਰਿਭੰਗੀ ਛੰਦ ॥ **ਸ੍ਰੀ ਕਾਲ ਜੀ ਕੀ ਉਸਤਤਿ** ॥...... ਅੱਗੇ ਕਾਲ ਦਾ ਸਰੂਪ ਇਸ ਤਰ੍ਹਾਂ ਬਿਆਨ ਕੀਤਾ ਹੈ :-

**ਪੰਨਾ ੪੧ :- ਸੁਭੰ ਜੀਭ ਜੁਆਲੰ ॥ ਸੁ ਦਾੜ੍ਹਾ ਕਰਾਲੰ ॥ ਬਜੀ ਬੰਬ ਸ਼ੰਖੰ ॥ ਉਠੇ ਨਾਦ ਬੰਖੰ ॥੩੩॥**
**ਸੁਭੰ ਰੂਪ ਸਿਆਮੰ ॥ ਮਹਾ ਸੋਭ ਧਾਮੰ ॥ ਛਬੇ ਚਾਰ ਚਿਤ੍ਰੰ ॥ ਪਰੇਅੰ ਪਵਿਤ੍ਰੰ ॥੩੪॥..**
**ਮਧੁਕੀਟਭੰ ਰਾਛਸੇ ਸੇ ਬਲੀਅੰ ॥ ਸਮੇ ਆਪਨੀ 'ਕਾਲ' ਤੇਊ ਦਲੀਅੰ ॥**
**ਭਏ ਸੁੰਭ ਨੈਸੁੰਭ ਸ੍ਰੋਣੰਤ ਬੀਜੰ (ਰਕਤਬੀਜ)॥ ਤੇਊ 'ਕਾਲ' ਕੀਨੇ ਪੁਰੇਜੇ ਪੁਰੇਜੰ ॥੬੪॥**

ਅਰਥਾਤ ਜਿਸ 'ਕਾਲ' ਨੇ ਮਧੁਕੀਟਭ, ਸੁੰਭ , ਨੈਸੁੰਭ , ਰਕਤਬੀਜ ਆਦਿਕ ਦੈਂਤਾਂ ਦੇ ਟੋਟੇ ਟੋਟੇ ਕੀਤੇ , ਉਸਦਾ ਕਾਲਾ ਸਰੂਪ ਹੈ , ਜੀਭ ਤੇ ਅਗਨੀ ਦੀਆਂ ਲਪਟਾਂ ਸੋਭਦੀਆਂ ਹਨ, ਭਿਆਨਕ ਦਾੜ੍ਹਾਂ (ਦੰਦ) ਹਨ....। ਪਾਠਕ ਨੋਟ ਕਰਨ ਕਿ ਚੰਡੀ (ਦੁਰਗਾ) ਦੀਆਂ ਵਾਰਾਂ (ਪੰਨਾ ੭੪ ਤੋਂ ੧੨੭) ਵਿਚ ਵੀ ਇਹਨਾ ਹੀ ਦੈਂਤਾਂ ਨੂੰ ਚੰਡੀ ਅਰਥਾਤ ਦੁਰਗਾ ਅਰਥਾਤ ਕਾਲਕਾ ਮਾਰਦੀ ਹੈ। **ਇਸ ਤੋਂ ਸਾਬਤ ਹੁੰਦਾ ਹੈ ਕਿ ਚੰਡੀ, ਦੁਰਗਾ, ਕਾਲਕਾ ਹੀ ਕਾਲ ਹੈ । ਇਸੇ ਕਾਲ ਨੂੰ ਹੀ ਲਿਖਾਰੀ (ਕਵਿ) 'ਅਕਾਲ' ਆਖਦਾ ਹੈ । ਜਿਸ ਰਚਨਾ ਨੂੰ ਅਕਾਲ ਉਸਤਤਿ ਕਿਹਾ ਜਾਂਦਾ ਹੈ ਉਹ ਰਚਨਾ ਅਸਲ ਵਿਚ (ਵੇਖੋ ਸਮਾਪਤੀ ਸੰਕੇਤ) 'ਕਾਲ ਉਸਤਤਿ' ਹੈ ਅਰਥਾਤ 'ਦੇਵੀ ਉਸਤਤਿ' ਹੈ ।** ਅਗੇ ਹਨ ਹੋਰ ਅੰਦਰਲੇ ਪ੍ਰਮਾਣ :- **ਪੰਨਾ ੪੫ :-**

**ਔਰ ਸਕਾਲ ਸਭੈ ਬਸਿ 'ਕਾਲ' ਕੇ , ਏਕ ਹੀ 'ਕਾਲ' ਅਕਾਲ ਸਦਾ ਹੈ ॥੮੪॥**

ਅਰਥਾਤ, ਸਾਰੇ ਜੀਵ ਕਾਲ-ਦੇਵੀ ਦੇ ਵਸ ਵਿਚ ਹਨ ਅਤੇ ਇਹ 'ਕਾਲ' ਹੀ ਅਕਾਲ ਪੁਰਖ ਹੈ । ਅੱਗੇ ਪੰਨਾ ੮੧੦ ਅਸੀ ਪੜ੍ਹਦੇ ਹਾਂ ਕਿ ਕਾਲ ਗਲੇ ਵਿਚ ਖੋਪੜੀਆਂ ਪਾਉਣ ਵਾਲੀ ਭਿਆਨਕ ਸਰੂਪ ਵਾਲੀ ਦੇਵੀ ਹੈ । ਇਸ ਰਚਨਾ ਦੇ ਅੰਤ ਵਿਚ ਸਮਾਪਤੀ ਸੰਕੇਤ '..ਸ੍ਰੀ ਕਾਲ ਜੀ ਕੀ ਉਸਤਤਿ' ਨਾ ਕਿ ਅਕਾਲ ਉਸਤਤਿ (ਪੰਨਾ ੪੬) ਨੋਟ ਕੀਤਾ ਜਾਵੇ ।

**ਪੰਨਾ ੪੭ :- ਪ੍ਰਿਥਮ 'ਕਾਲ' ਜਬ ਕਰਾ ਪਸਾਰਾ ॥....ਏਕ ਸ੍ਰਵਣ ਤੇ ਮੈਲ ਨਿਕਾਰਾ ॥ਤਾਂਤੇ ਮਧੁਕੀਟਭ ਤਨ ਧਾਰਾ ॥**
**.............. ਦੁਤੀਆ ਕਾਨ ਤੇ ਮੈਲੁ ਨਿਕਾਰੀ ॥ ਤਾ ਤੇ ਭਈ ਸ੍ਰਿਸਟਿ ਇਹ ਸਾਰੀ ॥੧੩॥**

ਸ੍ਰਿਸ਼ਟੀ ਦੀ ਰਚਨਾ ਬਾਰੇ ਇਹ ਸਿਧਾਂਤ ਕਿ ਕੰਨ ਚੋਂ ਮੈਲ ( **ਕੇਵਲ ਸ਼ਰੀਰ-ਧਾਰੀ ਹੀ ਕੰਨ ਚੋਂ ਮੈਲ ਕਢਦਾ ਹੈ** ) ਕਢ ਕੇ ਸ੍ਰਿਸਟੀ ਰਚੀ । ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ **'ਅਰਬਦ ਨਰਬਦ ਧੁੰਧੂਕਾਰਾ' ਅਤੇ 'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ਜਲ ਤੇ ਤ੍ਰਿਭਵਨੁ ਸਾਜਿਆ ਘਟਿ ਘਟਿ ਜੋਤਿ ਸਮੋਇ॥' ਨਾਲ ਉਕਾ ਮੇਲ ਨਹੀ ਖਾਂਦਾ । ਇਸ ਪਖੋਂ ਇਹ ਰਚਨਾ ਦਸਮ ਨਾਨਕ ਜੀ ਦੀ ਸਿਧ ਨਹੀਂ ਹੁੰਦੀ ।**

**ਪੰਨਾ ੫੪-੫੫:- ਅਬ ਮੈ ਅਪਨੀ ਕਥਾ ਬਖਾਨੋ ॥**..ਹੇਮਕੁੰਟ ਪਰਬਤ ਹੈ ਜਹਾਂ॥ ਸਪਤ ਸ੍ਰਿੰਗ ਸੋਭਤ ਹੈ ਤਹਾਂ ॥ ..ਤਹ ਹਮ ਅਧਿਕ ਤਪਸਿਆ ਸਾਧੀ ॥ **ਮਹਾਕਾਲ ਕਾਲਕਾ ਅਰਾਧੀ ॥੨॥** ਇਹ ਬਿਧਿ ਕਰਤ ਤਪਸਿਆ ਭਯੋ ॥ ਦਵੈ ਤੇ ਏਕ ਰੂਪ ਹਵੈ ਗਯੋ ॥....॥੩॥

ਇਹਨਾਂ ਪੰਕਤੀਆਂ ਵਿਚ ਮੈ, ਹਮ ਅਖਰ ਗੁਰੂ ਗੋਬਿੰਦ ਸਿੰਘ ਜੀ ਨਾਲ ਜ਼ਬਰਦਸਤੀ ਜੋੜ ਕੇ ਕਾਲਕਾ-ਪੂਜਕ ਦਸਿਆ ਜਾ ਰਿਹਾ ਹੈ । **ਗੁਰਸਿਖ ਚੰਗੀ ਤਰ੍ਹਾਂ ਜਾਣਦੇ ਹਨ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਸੰਨ ੧੬੭੫ ਵਿਚ ਗੁਰੂ-ਪਦਵੀ ਨੂੰ ਪ੍ਰਾਪਤ ਹੋਏ । ਸੰਨ ੧੬੭੫ - ੧੭੦੮ (੩੩ ਸਾਲ ਗੁਰਿਆਈ ਦਾ ਸਮਾ) ਦੌਰਾਨ ਕਦੇ ਹੇਮਕੁੰਟ ਪਰਬਤ ਤੇ ਗਏ ਹੀ ਨਹੀ, ਇਸ ਕਾਰਣ ਨਾ ਤਾਂ ਹੇਮਕੁੰਟ ਗੁਰਧਾਮ ਸਿਧ ਹੁੰਦਾ ਹੈ ਅਤੇ ਨਾ ਹੀ ਕਾਲਕਾ-ਪੂਜਨ ਸਿਧ ਹੁੰਦਾ ਹੈ । ਗੁਰੂ ਗ੍ਰੰਥ ਸਾਹਿਬ ਜੀ ਗੁਰਧਾਮ ਦੀ ਪਰਿਭਾਸ਼ਾ (Definition): 'ਜਿਥੇ ਜਾਇ ਬਹੈ ਮੇਰਾ ਸਤਿਗੁਰੂ ਸੁ ਥਾਨੁ ਸੁਹਾਵਾ ਰਾਮਰਾਜੇ ॥' ਸਾਨੂੰ ਰੋਜ਼ ਸਵੇਰੇ ਵਾਰ ਆਸਾ ਦੇ ਕੀਰਤਨ ਵਿਚ ਦ੍ਰਿੜ ਕਰਾਉਂਦੇ ਹਨ ।**

## ਸੋ, ਹੇਮਕੁੰਟ ਗੁਰਧਾਮ ਨਹੀ ; ਗੁਰੂ ਤੋਂ ਬੇਮੁਖ ਸਿਖ ਹੀ ਹੇਮਕੁੰਟ ਜਾਂਦੇ ਹਨ ।

**ਪੰਨਾ ੬੨ :- (ਭੰਗਾਣੀ ਜੁਧ ) ਭਈ ਜੀਤ ਮੇਰੀ ॥ ਕ੍ਰਿਪਾ 'ਕਾਲ' ਕੇਰੀ ॥ ( ਵੇਖੋ ਪੰਨਾ ੮੧੦ ਤੇ ਕਾਲ / ਦੇਵੀ ਦਾ ਸਰੂਪ )**

ਲਿਖਾਰੀ ਕਵੀ ਸ਼ਯਾਮ ਭੰਗਾਣੀ ਜੁਧ ਬਿਆਨ ਕਰਦਿਆਂ 'ਮੇਰੀ' ਅਖਰ ਗੁਰੂ ਸਾਹਿਬ ਨਾਲ ਜਬਰਦਸਤੀ ਜੋੜ ਕੇ 'ਕਾਲ' ਦਾ ਕਿਰਪਾ-ਪਾਤਰ ਦਰਸਾ ਕੇ ਗੁਰੂ ਗੋਬਿੰਦ ਸਿੰਘ ਸਾਹਿਬ (ੴ ਦੇ ਉਪਾਸਕ) ਨੂੰ ਦੇਵੀ-ਪੂਜਕ ਲਿਖ ਕੇ ਨਿਰਾਦਰ ਕਰ ਰਿਹਾ ਹੈ । **ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਣਾ ਹੈ :**

**ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥ (ਅੰਗ ੮੭੪)**

**ਜੋ ਦੇਵੀ ਮੁਕਤੀ ਖ਼ੁਦ ਮੁਕਤੀ ਨਹੀ ਦੇ ਸਕਦੀ , ਉਸਦੀ ਕਥਾ, ਚੰਡੀ ਦੀ ਵਾਰ, ਕਿਵੇਂ ਮੁਕਤੀ ਦੇ ਸਕਦੀ ਹੈ ?**

**ਦੇਵੀ ਦੇਵਾ ਮੂਲੁ ਹੈ ਮਾਇਆ ॥ (ਅੰਗ ੧੨੯) , (ਮਾਇਆ ਅਰਥਾਤ ਦੇਵੀ-ਦੇਵਤਿਆਂ ਦੇ ਅਧੀਨ ਗੁਰਮੁਖਿ ਨਹੀ ਹੁੰਦੇ)**

**ਪੰਨਾ ੭੩ :- ਸਰਬਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ ॥**

**ਸਾਰੇ ਦਸਮ ਗ੍ਰੰਥ ਵਿਚ ਪਿਤਾ ਸਰਬਕਾਲ (ਮਹਾਕਾਲ) ਤੇ ਮਾਤਾ ਦੇਵੀ ਕਾਲਕਾ (ਚੰਡੀ) ਹੀ ਇਸ਼ਟ-ਰੂਪ ਵਿਚ ਆਉਂਦੇ ਹਨ।**

ਸ਼ਿਵ ਪੁਰਾਣ ਵਿਚ ਸ਼ਿਵ ਜੀ ਦਾ ਇਕ ਸਰੂਪ ਅਰਧ-ਨਾਰੀਸ਼ਵਰ ਦਾ ਦਸਿਆ ਹੈ ਜਿਸ ਮੁਤਾਬਕ ਸਰੀਰ ਦਾ ਸਜਾ ਹਿਸਾ ਮਰਦ (ਸਰਬਕਾਲ, ਮਹਾਕਾਲ) ਦਾ ਹੈ ਅਤੇ ਖਬਾ ਹਿਸਾ ਔਰਤ (ਕਾਲਕਾ,ਦੁਰਗਾ) ਦਾ ਹੈ। ਇਸ ਗ੍ਰੰਥ ਦੇ ਲਿਖਾਰੀ ਕਵੀ ਸ਼ਯਾਮ, ਕਵੀ ਰਾਮ ਆਦਿਕ ਵਾਮ-ਮਾਰਗੀ ਵਿਚਾਰਧਾਰਾ ਦੇ ਧਾਰਣੀ ਹਨ ਜੋ ਕਿ ਖਬੇ (ਵਾਮ) ਹਿਸੇ ਅਰਥਾਤ ਦੇਵੀ ਕਾਲ, ਦੁਰਗਾ, ਕਾਲਕਾ ਦੇ ਪੁਜਾਰੀ ਹਨ। ਇਸ ਪੰਕਤੀ ਵਿਚ ਅਖਰ

'ਹਮਾਰਾ' ਗੁਰੁ ਗੋਬਿੰਦ ਸਿੰਘ ਸਾਹਿਬ ਨਾਲ ਜੋੜਨਾ ਗੁਰੂ ਸਾਹਿਬ ਦੀ ਨਿਰਾਦਰੀ ਕਰਨਾ ਹੈ । ਦੇਵੀ-ਦੇਵਤੇ ਗੁਰੂ ਸਾਹਿਬ ਦੇ ਜਾਂ ਸਿਖਾਂ ਦੇ ਇਸ਼ਟ ਨਹੀ ਹੋ ਸਕਦੇ। ਬਾਬਾ ਨਾਨਕ ਜੀ ਨੇ ਭਾਈ ਲਹਣਾ(ਦੇਵੀ-ਪੂਜਕ) ਨੂੰ ਗੁਰਮਤਿ ਗਯਾਨ ਬਖ਼ਸ਼ ਕੇ ਗੁਰੂ ਅੰਗਦ (੧ੴ ਉਪਾਸਕ) ਬਣਾ ਦਿੱਤਾ ਸੀ

**ਪੰਨਾ ੭੪-੭੯ :- ਅਥ ਚੰਡੀ ਚਰਿਤ੍ਰ ਉਕਤਿ ਬਿਲਾਸ॥ ...ਚੰਡੀ ਕਥਾ ਪਹਿਲੀ...**

ਇਸ ਪ੍ਰਸੰਗ ਵਿਚ ਦੇਵੀ ਚੰਡੀ (ਦੁਰਗਾ,ਚੰਡਕਾ ) ਦਾ ਮਧੁਕੈਟਭ, ਮਹਖਾਸੁਰ , ਸ਼ੁੰਭ ਆਦਿਕ ਦੈਂਤਾਂ ਨੂੰ ਮਾਰਨ ਦਾ ਜ਼ਿਕਰ ਹੈ। ਅੱਯਾਸ਼ ਰਾਜੇ ਦੇਵਰਾਜ ਇੰਦਰ ਦਾ ਰਾਜ ਦੈਂਤਾਂ ਨੇ ਖੋਹ ਲਿਆ ਤਾਂ ਦੇਵੀ ਨੇ ਦੈਂਤਾਂ ਨੂੰ ਮਾਰ ਕੇ ਇੰਦਰ ਦਾ ਖੁਸਿਆ ਰਾਜ ਵਾਪਸ ਦੁਆਇਆ । ਅੱਗੇ ਪੜ੍ਹੋ, ਦੋਹਰਾ॥ ਲੋਪ ਚੰਡਕਾ ਹੋਇ ਗਈ ਸੁਰਪਤਿ ਕੋ ਦੇ ਰਾਜ ॥ ਅਰਥਾਤ ਇੰਦਰ ਦੇਵਤਾ ਨੂੰ ਰਾਜ ਦੇ ਕੇ ਦੇਵੀ ਚੰਡਕਾ ਅਲੋਪ ਹੋ ਗਈ ।

ਫਿਰ ਰਿਸ਼ਿ ਮੁਨੀ ਅਤੇ ਹੋਰ ਦੇਵਤਾ ਗਣ ਰਾਜੇ ਇੰਦਰ ਦੇਵਤਾ ਦੀ ਆਰਤੀ ਕਰਦੇ ਦਸੇ ਗਏ ਹਨ:

**ਸਵੈਯਾ॥ ਯਾਤੇ ਪ੍ਰਸੰਨ ਭਏ ਹੈ ਮਹਾਂਮੁਨ ਦੇਵਨ ਕੇ ਤਪ ਮੈ ਸੁਖ ਪਾਵੈਂ॥ ਜਗਯ ਕਰੈ ਇਕ ਬੇਦ ਰਰੈ ਭਵ ਤਾਪ ਹਰੈ ਮਿਲਿ ਧਿਆਨਹਿ ਲਾਵੈਂ ॥ ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ਼ ਮਿਲਾਵੈਂ ॥ ਕਿੰਨਰ ਗੰਧ੍ਰਪ ਗਾਨ ਕਰੈ ਗਨਿ ਜਛ ਅਪਛਰ ਨਿਰਤ ਦਿਖਾਵੈਂ॥੫੪॥ ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ॥ ਆਰਤੀ ਕੋਟ ਕਰੈ ਸੁਰ ਸੁੰਦਰ ਪੇਖ ਪੁਰੰਦਰ (ਇੰਦਰ) ਕੇ ਬਲਿ ਜਾਵੈਂ॥ ਦਾਨ ਤ ਦਛਨ ਦੈ ਕੈ ਪ੍ਰਦਛਨ (ਪ੍ਰਕਰਮਾ) ਭਾਲ ਮੈ ਕੁੰਕਮ ਅਛਤ(ਚਾਵਲ) ਲਾਵੈਂ ॥ ਹੋਤ ਕੁਲਾਹਲ (ਸ਼ੋਰ) ਦੇਵਪੁਰੀ ਮਿਲਿ ਦੇਵਨ ਕੇ ਕੁਲਿ ਮੰਗਲਿ ਗਾਵੈਂ ॥੫੫॥ ਦੋਹਰਾ ॥ ਐਸੇ ਚੰਡ ਪ੍ਰਤਾਪ ਤੇ ਦੇਵਨ ਬਢਿਓ ਪ੍ਰਤਾਪ ॥ ਤੀਨ ਲੋਕ ਜੈ ਜੈ ਕਰੈ ਰਰੈ ਨਾਮ ਸਤਿ (ਦੁਰਗਾ ਸਪਤਸ਼ਤੀ) ਜਾਪ ॥੫੬॥**

**ਅਸੀ ਇਸ ਸਵੈਯੇ ਅਤੇ ਦੋਹਰਾ ਦੇ ਅਰਥ ਵੀਚਾਰੇ ਬਗੈਰ ਆਰਤੀ ਦੇ ਸਿਰਲੇਖ ਹੇਠ ਰੋਜ਼ਾਨਾ ਗੁਰਦਵਾਰਿਆਂ ਵਿਚ ਗਾਈ ਜਾ ਰਹੇ ਹਾਂ। ਸਵੈਯੇ ਵਿਚ ਇੰਦਰ ਦੇ ਦਰਬਾਰ ਦਾ ਨਕਸ਼ਾ ਖਿਚਿਆ ਹੈ ਜਿਥੇ ਜਛ ਅਤੇ ਅਪਸਰਾਵਾਂ ਨਚ ਰਹੀਆਂ ਹਨ, ਬੇਦ ਪਾਠ ਹੋ ਰਹੇ ਹਨ, ਜਗਯ ਹੋ ਰਹੇ ਹਨ, ਸ਼ੰਖ ਅਤੇ ਘੰਟੇ ਵਜ ਰਹੇ ਹਨ,ਕਰੋੜਾਂ ਦੇਵਤੇ ਫੁਲਾਂ ਦੀ ਬਰਖਾ ਕਰਕੇ ਇੰਦਰ ਦੇਵਤਾ ਤੋਂ ਬਲਿਹਾਰ ਹੋ ਰਹੇ ਹਨ, ਬ੍ਰਾਹਮਣਾ ਨੂੰ ਦਾਨ ਤੇ ਦਕਸ਼ਣਾ ਦੇ ਕੇ, ਇੰਦਰ ਦੀ ਪ੍ਰਕਰਮਾ ਕਰਕੇ ਚੰਦਨ ਤੇ ਚਾਵਲ ਦਾ ਟਿਕਾ ਮਥੇ ਤੇ ਲਾ ਰਹੇ ਹਨ, ਦੇਵਪੁਰੀ ਵਿਚ ਸ਼ੋਰ ਮਚਿਆ ਹੋਇਆ ਹੈ, ਦੇਵਤਿਆਂ ਦਾ ਮੰਗਲ ਗਾਨ ਹੋ ਰਿਹਾ ਹੈ। ਚੰਡੀ ਦੇ ਤੇਜ-ਪ੍ਰਤਾਪ ਕਰਕੇ ਦੇਵਤਿਆਂ ਨੂੰ ਦੈਂਤਾਂ ਪਾਸੋਂ ਰਾਜ ਵਾਪਸ ਮਿਲਣ ਕਰਕੇ ਦੇਵਤਿਆਂ ਦੀ ਸ਼ੋਭਾ ਵਧੀ । ਇਸ ਤਰ੍ਹਾਂ ਤਿੰਨਾ ਲੋਕਾਂ ਵਿਚ ਚੰਡੀ ਦੀ ਜੈ ਜੈ ਹੋਈ ਅਤੇ ਦੁਰਗਾ ਸਪਤਸ਼ਤੀ (ਮਾਰਕੰਡੇਯ ਪੁਰਾਣ ਵਿਚੋਂ) ਦਾ ਪਾਠ ਕੀਤਾ ਗਿਆ ।**

**ਇਸ ਸਵੈਯੇ ਅਤੇ ਦੋਹਰੇ ਦਾ ਪਾਠ ਜਾਂ ਕੀਰਤਨ ਗੁਰੂ-ਦਰਬਾਰ ਵਿਚ ਕਰਨਾ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰਾਦਰੀ ਹੈ।**

**ਪੰਨਾ ੯੯ :- ਦੇਹਿ ਸ਼ਿਵਾ (ਦੁਰਗਾ) ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੌਂ॥ ਨ ਡਰੋਂ... ॥ ਛੰਦ ੨੩੧ ॥...... ਸਤਿ ਸਯ ਕੀ ਕਥਾ ਇਹ ਪੂਰੀ ਭਈ ਹੈ ॥ ਛੰਦ ੨੩੨॥** (ਸਤਿ ਸਯ = ਦੇਵੀ ਦੇ ਸਤ ਸੌ ਸ਼ਲੋਕਾਂ ਵਾਲੀ ਕਥਾ, ਦੁਰਗਾ ਸਪਤਸ਼ਤੀ)।

ਦੋਵੇਂ ਛੰਦ ਦੁਰਗਾ ਦੇਵੀ ਦੀ ਕਥਾ ਕਰਦਿਆਂ ਕਵੀਆਂ ਨੇ ਉਚਾਰੇ ਹਨ । ਗ੍ਰੰਥ ਦੇ ਪੰਨਾਂ ੮੦੯ ਤੇ ਦੇਵੀ-ਉਸਤਤਿ ਪੜ੍ਹੋ ਜੀ ;

**ਦੁਰਗਾ ਤੂ ਛਿਮਾ ਤੂ ਸ਼ਿਵਾ ਰੂਪ ਤੇਰੋ ॥ (ਪੰਨਾ ੮੦੯),ਸਪਸ਼ਟ ਹੈ ਕਿ ਸ਼ਿਵਾ ਦਾ ਅਰਥ ਦੇਵੀ ਦੁਰਗਾ ਹੀ ਹੈ**

**ਜਿਸਦੀ ਕਥਾ ਮਾਰਕੰਡੇਯ ਰਿਸਿ ਨੇ ੭੦੦ ਸ਼ਲੋਕਾਂ , ਦੁਰਗਾ ਸਪਤ-ਸ਼ਤੀ, ਵਿਚ ਲਿਖੀ ਹੈ ।**

**ਭਲਾ ਸੋਚੋ, ਗੁਰੂ ਗੋਬਿੰਦ ਸਿੰਘ ਜੀ ਦਾਤੇ ਦਾ ਰੂਪ ਹਨ, ਉਹ ਦੇਵੀ ਸ਼ਿਵਾ / ਦੁਰਗਾ ਤੋਂ ਕਿਉਂ ਵਰ ਆਦਿਕ ਮੰਗਣਗੇ ?**

**ਪੰਨਾ ੧੧੯ ਤੋਂ ੧੨੭ :- (ਚੰਡੀ ਦੀ ਵਾਰ , ਕੁਲ ੫੫ ਪਉੜੀਆਂ )** ਪਹਿਲੋਂ ਇਸ ਰਚਨਾ ਦਾ ਸਿਰਲੇਖ 'ਵਾਰ ਦੁਰਗਾ ਕੀ' ਸੀ (ਵੇਖੋ ਸਮਾਪਤੀ ਸੰਕੇਤ) । ਕਿਸੇ ਨੇ ਬਾਦ ਵਿਚ ਬਦਲ ਕੇ 'ਵਾਰ ਸ੍ਰੀ ਭਗਉਤੀ ਜੀ ਕੀ' ਕੀਤਾ ਗਿਆ। .......ਸ੍ਰੀ ਭਗਉਤੀ ਜੀ ਸਹਾਇ ॥ ਵਾਰ ਸ੍ਰੀ ਭਗਉਤੀ ਜੀ ਕੀ ॥ ਪਾਤਸ਼ਾਹੀ ੧੦ ॥ ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ ॥......(ਪਉੜੀ ੧ )....

... ॥ ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥ ਫੇਰਿ ਨ ਜੂਨੀ ਆਇਆ ਜਿਨ ਇਹ ਗਾਇਆ ॥......(ਪਉੜੀ ੫੫)

ਇਹ ਪ੍ਰਸੰਗ ਚੰਡੀ ਦੀ ਵਾਰ ਕਰਕੇ ਵੀ ਜਾਣਿਆ ਜਾਂਦਾ ਹੈ ਅਤੇ ਪਉੜੀ ੧ ਮੌਜੂਦਾ ਅਰਦਾਸ ਦਾ ਮੁਖੜਾ ਹੈ ਜਿਸਨੂੰ ਬਦਲਣ ਦੀ ਲੋੜ ਹੈ ਕਿਉਂਕਿ **ਪ੍ਰਕਰਣ ਅਨੁਸਾਰ ਇਸ ਪਉੜੀ ਵਿਚ ਭਗੌਤੀ ਦਾ ਅਰਥ ਦੇਵੀ ਭਗਵਤੀ, ਦੁਰਗਾ ਹੈ** (ਵੇਖੋ ਮਹਾਨ ਕੋਸ਼ ਭਾਈ ਕ੍ਹਾਨ ਸਿੰਘ)।

ਪਉੜੀ ੫੩ ਵਿਚ 'ਲਈ ਭਗਉਤੀ ਦੁਰਗਸ਼ਾਹ ਵਰ ਜਾਗਨ ਭਾਰੀ ॥ ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ ॥' ਭਗਉਤੀ ਦਾ ਅਰਥ ਕਿਰਪਾਨ ਹੈ; ਇਹਨਾਂ ਪੰਕਤੀਆਂ ਦਾ ਅਰਥ ਹੈ ਕਿ ਦੇਵੀ ਦੁਰਗਾ ਨੇ ਕਿਰਪਾਨ ਰਾਜੇ ਸੁੰਭ ਨੂੰ ਮਾਰੀ ਪਰ ਪਉੜੀ ੧ ਵਿਚ ਅਤੇ ਮੰਗਲਾਚਰਨ **ਸ੍ਰੀ ਭਗਉਤੀ ਜੀ ਸਹਾਇ॥** ਅਤੇ ਸਿਰਲੇਖ ਵਾਰ ਸ੍ਰੀ ਭਗਉਤੀ ਜੀ ਕੀ ॥ ਵਿਚ ਭਗਉਤੀ ਦਾ ਅਰਥ ਦੇਵੀ ਦੁਰਗਾ, ਚੰਡੀ ਹੀ ਹੈ ਕਿਉਂਕਿ ਲਿਖਾਰੀ ਕਵੀ ਸ਼ਯਾਮ ਨੇ ਪਾਤਸ਼ਾਹੀ ੧੦ ਸਿਖਾਂ ਨੂੰ ਗੁਮਰਾਹ ਕਰਣ ਲਈ ਲਿਖਿਆ ਗਿਆ ਹੈ; ਇਹ ਚਲਾਕੀ / ਧੋਖਾ-ਧੜੀ ਪੰਨਾ ੧੫੫ ਤੇ ਪਕੜੀ ਜਾਂਦੀ ਹੈ ਜਿਥੇ ਲਿਖਿਆ ਹੈ ॥ ਪਾਤਸ਼ਾਹੀ ੧੦ ॥ ਅਥ ਚੌਬੀਸ ਅਉਤਾਰ ॥...ਬਰਨਤ 'ਸਯਾਮ' ਜਥਾ ਮਤ ਭਾਈ ॥) 'ਕਬਿ ਸਯਾਮ' ਦਾ ਇਸ਼ਟ ਭਗਉਤੀ, ਦੁਰਗਾ, ਚੰਡੀ ਹੈ ਅਤੇ ਸਾਰੀ ਵਾਰ ਵਿਚ ਦੇਵੀ ਦੁਰਗਾ ਦਾ ਮਹਖਾਸੁਰ, ਧੂਮ੍ਰਲੋਚਨ , ਚੰਡ, ਮੁੰਡ, ਸ੍ਰਣਵਤਬੀਜ (ਰਕਤਬੀਜ),ਸੁੰਭ, ਨਿਸੁੰਭ ਦੈਂਤਾਂ ਨਾਲ ਜੁਧ ਕਰਕੇ ਤੇ ਉਹਨਾ ਨੂੰ ਮਾਰ ਕੇ ਇੰਦਰ ਦੇਵਤੇ ਦਾ ਖੁਸਿਆ ਰਾਜ ਵਾਪਸ ਦੁਆਇਆ ।

**ਪਾਤਸ਼ਾਹੀ ੧੦ ਅਤੇ ਨਾਲ ਹੀ ਕਬਿ ਸਯਾਮ ਦੀ ਕਵੀ ਛਾਪ , ਕਿਵੇਂ ? ਸਪਸ਼ਟ ਹੈ ਕਿ ਇਹ ਰਚਨਾ ਕਵੀ ਸ਼ਯਾਮ ਦੀ ਹੈ ; ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਨਹੀ । ਇਸੇ ਤਰਾਂ ਦਾ ਗੁਮਰਾਹ-ਕੁਨ / ਭੁਲੇਖਾ-ਪਾਊ ਸਿਰਲੇਖ ਪਾਤਸ਼ਾਹੀ ੧੦ ਪੰਨਾ ੬੯੯ ਤੇ ਵੀ ਹੈ।**

**ਪੰਨਾ ੧੫੭-੧੫੮ :- ॥੨੮॥ ਚੌਪਈ ॥ ਪ੍ਰਥਮ 'ਕਾਲ' ਸਭ ਜਗ ਕੋ ਤਾਤਾ ॥ ਤਾ ਤੇ ਭਯੋ ਤੇਜ ਬਿਖਯਾਤ ॥ ਸੋਈ 'ਭਵਾਨੀ' ਨਾਮੁ ਕਹਾਈ ॥ ਜਿਨ ਸਿਗਰੀ ਯਹ ਸ੍ਰਿਸਟਿ ਉਪਾਈ ॥੨੯॥... 'ਕਾਲ ਰੂਪ' ਭਗਵਾਨ ਬਨੈਬੋ ॥ ਤਾ ਮਹਿ ਲੀਨ ਜਗਤਿ ਸਭ ਹਵੈਬੋ ॥੩੪॥ (ਅਰਥਾਤ, ਕਾਲ ਹੀ ਭਵਾਨੀ ਅਥਵਾ ਕਾਲ ਰੂਪ ਭਗਵਾਨ ਹੈ, ਸ੍ਰਿਸ਼ਟੀ-ਕਰਤਾ ਹੈ!!??)**
ਇਸ ਪ੍ਰਸੰਗ ਵਿਚ ਵਿਸ਼ਨੂ ਨੂੰ ਛੋਟਾ ਅਤੇ ਭਵਾਨੀ ਨੂੰ ਵਡਾ ਕਰਕੇ ਬਿਆਨ ਕੀਤਾ ਹੈ । ਮਛ ਅਵਤਾਰ ਦੀ ਇਹ ਕਥਾ ਭਾਗਵਤ ਪੁਰਾਣ ਅਸ਼ਟਮ ਸਕੰਧ ਵਿਚੋਂ ਲਈ ਗਈ ਹੈ, ਸ਼ੰਖਾਸੁਰ ਨਾਂ ਦੇ ਦੈਂਤ ਨੂੰ ਮਾਰਨ ਦੇ ਪਰਥਾਇ । ਕਾਲ ਦੇਵੀ ਨੂੰ ਹੀ ਭਵਾਨੀ ਨਾਂ ਦਿਤਾ ਹੈ, ਸਾਰੀ ਸ੍ਰਿਸਟੀ ਭਵਾਨੀ ਨੇ ਬਣਾਈ (?), ਇਹੀ ਸੰਸਾਰ ਦਾ ਪਿਤਾ (?) ਹੈ ।

**ਪੰਨਾ ੧੬੦ :- ਮਿਲਿ ਦੇਵ ਅਦੇਵਨ ਸਿੰਧ ਮਥਯੋ ॥ ਕਬ ਸਯਾਮ** ਕਵਿਤਨ ਮਧ ਕਥਯੋ ॥ ( ਕਵਿ ਸਯਾਮ ਦਾ ਨਾਂ ਨੋਟ ਕਰੋ ਜੀ ) **ਪੰਨਾ ੧੮੨ :-** ਕਾਲਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ ॥ ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਸਸਿ ਕ੍ਰੋਰ ਜਲੇਸ ॥ ਅਰਥਾਤ ਕਰੋੜਾਂ ਵਿਸ਼ਨੂੰ , ਸ਼ਿਵ,ਇੰਦਰ, ਬ੍ਰਹਮੇ ਸੂਰਜ, ਚੰਦ੍ਰਮਾ,ਵਰੁਣ ਵਰਗੇ ਦੇਵਤੇ ਕਾਲਪੁਰਖ ਦੇ ਸਰੀਰ ਵਿਚ ਹਨ !!? ਇਸ ਚੋਧਵੇਂ ਅਵਤਾਰ ਪ੍ਰਸੰਗ ਨੰ ਪੂਰਾ ਪੜ੍ਹਨ ਪਿਛੋਂ ਅਤੇ ਕਵਿ ਛਾਪ ਤੋਂ ਪਤਾ ਲਗਦਾ ਹੈ ਕਿ **ਲਿਖਾਰੀ 'ਕਬਿ ਸਯਾਮ' ਹੀ ਹੈ ਜਿਸਦਾ ਇਸ਼ਟ 'ਕਾਲ' (ਦੇਵੀ ਭਵਾਨੀ ) ਹੈ ।**

**ਪੰਨਾ ੧੮੩ :- ਬਿਸਨ ਦੇਵ ਆਗਿਆ ਜਬ ਪਾਈ ॥ ਕਾਲਪੁਰਖ ਕੀ ਕਰੀ ਬਡਾਈ** ॥ ਭੂਅ ਅਰਹੰਤ ਦੇਵ ਬਨ ਆਯੋ ॥ ਆਨ ਅਉਰ ਹੀ ਪੰਥ ਚਲਾਯੋ ॥ ੮॥ .. ਵਿਸ਼ਨੂੰ ਵੀ ਕਾਲਪੁਰਖ (ਭਵਾਨੀ) ਦੀ ਹੀ ਸਿਫਤ ਕਰਦਾ ਹੈ , ਪਰ ਕਰੋੜਾਂ ਵਿਸ਼ਨੂੰਆਂ ਵਿਚੋਂ ਕਿਹੜਾ ਵਿਸ਼ਨੂੰ ?

**ਪੰਨਾ ੨੪੫ :-** ॥੭੨੩॥ ਮੁਨੀ ਬਾਲਮੀਕੰ ਸੁਤੰ ਦੀਨ ਬਾਨੀ ॥ ਚਲਯੋ ਚਉਕ ਚਿਤੰ ਤਜੀ ਮੋਨ ਧਾਨੀ ॥ ਸੀਆ ( ਸੀਤਾ ) ਸੰਗਿ ਲੀਨੇ ਗਯੋ ਧਾਮ ਆਪੰ ॥ **ਮਨੋ ਬਚ ਕਰਮੰ 'ਦੁਰਗਾ ਜਾਪ' ਜਾਪੰ** ॥੭੨੪॥.. ਇਤੀ ਸ੍ਰੀ ਬਚਿਤ੍ਰ ਨਾਟਕੇ ਰਾਮਅਵਤਾਰ ਦੁਇ ਪੁਤ੍ਰ ਉਤਪਨੇ ਧਿਆਉ ਸਮਾਪਤੰ ॥੨੧॥ ਇਸ ਪ੍ਰਸੰਗ ਵਿਚ ਰਿਸ਼ੀ ਬਾਲਮੀਕ ਨੇ ਜੰਗਲ ਵਿਚ ਰਾਮਚੰਦ੍ਰ ਵਲੋਂ ਇਕ ਧੋਬੀ ਦੇ ਕਹਿਣ ਤੇ ਤਿਆਗ ਦਿੱਤੀ ਸੀਤਾ ਨੂੰ ਅਪਣੀ ਕੁਟੀਆ ਵਿਚ ਲੈ ਆਂਦਾ । ਮਨ, ਬਚਨ ਅਤੇ ਕਰਮ ਨਾਲ ਅਰਥਾਤ ਪੂਰੇ ਧਿਆਨ-ਮਗਨ ਹੋ ਕੇ ਦੇਵੀ ਦੁਰਗਾ ਦਾ ਜਾਪ ਕੀਤਾ । ਲਿਖਾਰੀ ਕਵੀ ਨੇ ਆਪਣੀ ਸ਼ਰਧਾ ਸੀਤਾ ਅਤੇ ਬਾਲਮੀਕ ਮੁਨੀ ਤੇ ਥੋਪ ਕੇ ਦੁਰਗਾ ਪੂਜਕ ਬਣਾ ਦਿਤਾ । ਯਕੀਨਨ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਵੀ ਕਵੀ ਸ਼ਯਾਮ ਵਰਗਿਆਂ ਨੇ ਇਸੇ ਚਲਾਕੀ ਨਾਲ ਦੇਵੀ ਪੂਜਕ ਸਿਧ ਕਰਨ ਦੀ ਸਾਜ਼ਿਸ਼ ਰਚੀ ਹੈ ।

**ਪੰਨਾ ੨੫੪:-** ॥੧॥ ਚੌਪਈ ॥ ਬ੍ਰਹਮਾ ਗਯੋ ਛੀਰ ਨਿਧ ਜਹਾਂ ॥ **ਕਾਲਪੁਰਖ ਇਸਥਿਤ ਥੇ ਜਹਾਂ** ॥ ਕਹਯੋ ਬਿਸਨ ਕਹ ਨਿਕਟ ਬੁਲਾਈ ॥ ਕਿਸਨ ਅਵਤਾਰ ਧਰੋ ਤੁਮ ਜਾਈ ॥ ੨॥ ਦੋਹਰਾ॥ ਕਾਲਪੁਰਖ ਕੇ ਬਚਨ ਤੇ ਸੰਤਨ ਹੇਤ ਸਹਾਇ ॥ ਮਥਰਾ ਮੰਡਲ ਕੇ ਬਿਖੈ ਜਨਮ ਧਰਯੋ ਹਰਿ ਰਾਇ ॥੩॥.... ਉਪਰ ਪੰਨਾ ੧੮੨ ਤੇ ਅਸੀ ਪੜ੍ਹ ਚੁਕੇ ਹਾਂ ਕਿ ਕਾਲਪੁਰਖ ਦੀ ਦੇਹ ਵਿਚ ਕਰੋੜਾਂ ਵਿਸ਼ਨੂ ਹਨ ਤਾਂ ਕਿਹੜੇ ਵਿਸ਼ਨੂ ਨੂੰ ਨਿਕਟ ਬੁਲਾਉਣ ਦੀ ਗਲ ਕੀਤੀ ? ਕਾਲਪੁਰਖ , ਭਵਾਨੀ ਕਿਸੇ ਖਾਸ ਥਾਂ ਤੇ ਰਹਿੰਦੀ ਹੈ ? ਕਰੋੜਾਂ ਬਿਸ਼ਨਾਂ ਚੋਂ ਕਿਹੜੇ ਬਿਸ਼ਨ ਨੂੰ ਕਾਲਪੁਰਖ ਨੇ ਕਿਸਨ ਅਵਤਾਰ ਧਾਰਨ ਲਈ ਹੁਕਮ ਦਿਤਾ, ਬ੍ਰਹਮਾ ਤੇ ਵਿਸ਼ਨੂ ਕਾਲ-ਦੇਵੀ ਦੇ ਸੇਵਕ ? **ਲਿਖਾਰੀ ਕਵੀ ਸ਼ਯਾਮ, ਕਵੀ ਰਾਮ ਆਦਿਕ ਦੀ ਪੂਰੀ ਕੋਸ਼ਿਸ਼ ਸਭ ਨੂੰ ਕਾਲਪੁਰਖ, ਭਵਾਨੀ, ਚੰਡੀ, ਦੁਰਗਾ, ਕਾਲਕਾ, ਭਗਉਤੀ , ਸ਼ਿਵਾ ਦਾ ਉਪਾਸਕ ਤੇ ਆਗਿਆ-ਕਾਰੀ ਦਸਕੇ ਨੀਂਵਾਂ ਵਿਖਾਉਣ ਦੀ ਹੈ ।**

**ਪੰਨਾ ੨੫੫:- ਦੇਵੀ ਜੂ ਕੀ ਉਸਤਤ ਕਥਨੰ ॥** ਦੀ ਆਖਰੀ ਪੰਕਤੀ, ਲੋਕ ਬਿਖੈ ਉਹ ਕੀ ਸਮ ਤੁਲ ਗਰੀਬ ਨਿਵਾਜ ਨ ਦੂਸਰ ਕੋਊ ॥੮॥ ਹਰ ਜੁਗ ਵਿਚ ਭਗਤਾਂ ਦੀ ਪੈਜ ਰਖਣ ਵਾਲਾ , ਗਰੀਬਾਂ ਅਨਾਥਾਂ ਦਾ ਮਾਣ ਰਖਣ ਵਾਲਾ ੧ੴ ਤੋਂ ਬਿਨਾ ਹੋਰ ਕੋਈ ਦੇਵੀ ਦੇਵਤਾ ਆਦਿਕ ਨਹੀ । ਗੁਰੂ ਗ੍ਰੰਥ ਜੀ ਦੀ ਪਾਵਨ ਬਾਣੀ ਦਾ ਨਿਰਣਾ ਹੈ ; ਹਰਿ ਜੁਗਿ ਜੁਗਿ ਭਗਤ ਉਪਾਇਆ ਪੈਜ ਰਖਦਾ ਆਇਆ ਰਾਮਰਾਜੇ ॥(ਆਸਾ ਮ:੧) ਇਸ ਤੋਂ **ਬਾਦ ਭਾਗਵਤ ਪੁਰਾਣ ਦੇ ਦਸਮ ਸਕੰਧ ਤੇ ਆਧਾਰਤ ਕਿਸਨ ਅਵਤਾਰ ਬਿਆਨ ਕਰਦਿਆਂ ਇਸ ਗ੍ਰੰਥ ਦਾ ਚੌਥਾ ਹਿਸਾ (ਤਕਰੀਬਨ ੩੫੦ ਪੰਨੇ) ਕਵੀ ਸ਼ਯਾਮ ਤੇ ਕਵੀ ਰਾਮ ਨੇ ਵਰਤਿਆ ਹੈ ।ਇਹਨਾ ਕਵੀਆਂ ਦੀ ਕਵੀ-ਛਾਪ ਸਭ ਤੋਂ ਵਧ ਇਸੇ ਰਚਨਾ ਵਿਚ ਮਿਲਦੀ ਹੈ ।(ਨੋਟ: ਪੰਨਾ ੨੮੫ ਤੋਂ ੨੮੮ ਤਕ ਗੋਪੀ ਚੀਰ ਹਰਨ ਦੀ ਕਥਾ ਕਵੀ ਸ਼ਯਾਮ ਨੇ ਅਸ਼ਲੀਲ ਅੰਦਾਜ਼ ਵਿਚ ਲਿਖੀ ਹੈ । ਅੱਗੇ ਦੇਵੀ ਉਸਤਤ ਕਈ ਥਾਂਈਂ ਲਿਖੀ ਹੈ !?**

**ਪੰਨਾ ੨੮੯:- ॥ ਗੋਪੀ ਬਾਚ ॥ ਅੜਿਲ ॥ ਧੰਨਿ ਚੰਡਕਾ ਮਾਤ ਹਮੈ ਬਰ ਇਹ ਦਯੋ ॥ ਧੰਨਿ ਦਯੋਸ ( ਦਿਨ ) ਹੈ ਆਜ ਕਾਨ ਹਮ ਮਿਤ ਭਯੋ ॥ 'ਦੁਰਗਾ' ਅਬ ਇਹ ਕਿਰਪਾ ਹਮ ਪਰ ਕੀਜੀਐ ॥ ਹੋ ਕਾਨ੍ਹਨ ਕੌ ਬਹੁ ਦਿਵਸ ਸੁ ਦੇਖਨ ਦੀਜੀਐ ॥੨੮੩॥**
ਦੇਵੀ-ਭਗਤ ਲਿਖਾਰੀ ਕਵੀ ਸ਼ਯਾਮ ਨੇ ਗੋਪੀਆਂ ਨੂੰ ਵੀ ਦੇਵੀ ਚੰਡੀ, ਦੁਰਗਾ ਦਾ ਉਪਾਸਕ ਸਿਧ ਕਰ ਦਿਤਾ ।

**ਪੰਨਾ ੩੦੯ :-(ਕ੍ਰਿਸ਼ਨਾਵਤਾਰ ਵਿਚ ਦੇਵੀ ਉਸਤਤਿ ਕਿਉਂ?) ਅਥ ਦੇਵੀ ਜੂ ਕੀ ਉਸਤਤ ਕਥਨੰ ॥ ਭੁਜੰਗ ਪ੍ਰਯਾਤ ਛੰਦ ॥ ..** ਤੁਹੀ ਅੰਬਕਾ ਸੀਤਲਾ ਤੋਤਲਾ ਹੈ ॥ ਪ੍ਰਿਥਵੀ ਭੁਮ ਆਕਾਸ ਤੈ ਹੀ ਕੀਆ ਹੈ ॥੪੨੧॥..**ਤੁਹੀ ਸੁੰਭ ਨੈਸੁੰਭ ਹੰਤੀ ਭਵਾਨੀ ॥..ਸਿਵਾ ਸੀਤਲਾ ਮੰਗਲਾ ਤੋਤਲਾ ਹੈ ॥੪੨੬॥..ਚੌਪਈ ॥ ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥ ਕਿਸਨ ਬਿਸਨ ਕਬਹੂੰ ਨਹ ਧਿਆਊਂ ॥ ਕਾਨ ਸੁਨੇ ਪਹਿਚਾਨ ਨ ਤਿਨ ਸੋ ॥ ਲਿਵ ਲਾਗੀ ਮੋਰੀ ਪਗ ਇਨ ਸੋ ॥੪੩੪॥ 'ਮਹਾਕਾਲ' ਰਖਵਾਰ ਹਮਾਰੋ ॥'ਮਹਾਲੋਹ' ਮੈ ਕਿੰਕਰ ਥਾਰੋ ॥ ਅਪਨਾ ਜਾਨ ਕਰੋ ਰਖਵਾਰ ॥ ਬਾਹ ਗਹੇ ਕੀ ਲਾਜ ਬਿਚਾਰ ॥੪੩੫॥...ਪ੍ਰਥਮ ਧਰੋ 'ਭਗਵਤ' ਕੋ ਧਯਾਨ ॥ ਬਹੁਰ ਕਰੋ ਕਬਿਤਾ ਬਿਧਿ ਨਾਨਾ ॥ ਕਿਸਨ ਜਥਾ ਮਤ ਚਰਿਤ੍ਰ ਉਚਾਰੋ ॥ ਚੂਕ ਹੋਇ ਕਬਿ ਲੇਹੁ ਸੁਧਾਰੋ ॥੪੪੦॥**
ਕਿਸਨ ਅਵਤਾਰ ਦੀ ਕਥਾ ( ਭਾਗਵਤ ਪੁਰਾਣ ਦੇ ਦਸਮ ਸਕੰਧ ਅਰਥਾਤ ਦਸਵੇਂ ਅਧਯਾਯ ਦੀ ਕਥਾ ) ਹਾਲੇ ਸੰਪੂਰਨ ਨਹੀ ਹੋਈ । ਇਹ ਕਥਾ ਪੰਨਾ ੫੭੦ ਤੇ ਸਮਾਪਤ ਹੁੰਦੀ ਹੈ ਪਰ ਕਵੀ ਸਯਾਮ ਨੇ ਦੇਵੀ ਦੀ ਉਸਤਤ ਵਿਚਕਾਰ ਕਿਉਂ ਪਾ ਦਿਤੀ , ਸ਼ਯਾਮ ਕਵੀ ਦੀ ਸ਼ਰਧਾ !? ਇਕ ਪਾਸੇ

ਕਵੀ ਲਿਖਦਾ ਹੈ ਕਿ ਮੈ ਗਨੇਸ਼, ਕਿਸ਼ਨ, ਬਿਸ਼ਨ ਨਹੀ ਧਿਆਉਂਦਾ, ਕੰਨਾ ਨਾਲ ਸੁਣੇ ਹਨ ਪਰ ਪਛਾਣਦਾ ਨਹੀ, ਤਾਂ ਫਿਰ ਕਿਸਨ ਅਵਤਾਰ ਏਨੇ ਵਿਸਤਾਰ ਨਾਲ ਲਿਖ ਕਿਵੇਂ ਰਿਹਾ ਹੈ ? ਇਸ਼ਟ ਦਾ ਸਰੂਪ ਕਵੀ ਸ਼ਯਾਮ ਬਿਆਨ ਕਰਦਿਆਂ ਲਿਖਦਾ ਹੈ, ਹੇ ਮਹਾਕਾਲ ! ਤੂੰ ਹੀ ਸਾਡਾ ਰਖਵਾਲਾ ਹੈਂ, ਹੇ ਮਹਾ ਲੋਹ ! ਮੈ ਤੇਰਾ ਸੇਵਕ ਹਾਂ, ਮੇਰੀ ਲਿਵ ਤੇਰੇ ਚਰਨਾਂ ਵਿਚ ਲਗੀ ਹੋਈ ਹੈ । ਮੈਨੂੰ ਆਪਣਾ ਸਮਝ ਮੇਰੀ ਰਖਿਆ ਕਰ , ਮੇਰੀ ਬਾਂਹ ਫੜ ਤੇ ਅਪਣੇ ਬਿਰਦ ਦੀ ਲਾਜ ਰਖ ।... ਸਭ ਤੋਂ ਪਹਿਲਾਂ ਮੈ ਦੇਵੀ ਭਗਵਤੀ ਦਾ ਧਿਆਨ ਧਰਦਾ ਹਾਂ ਅਤੇ ਫਿਰ ਕਈ ਤਰਾਂ ਦੀ ਕਵਿਤਾ ਲਿਖਦਾ ਹਾਂ । ਜਿਤਨੀ ਕੁ ਮੇਰੀ ਅਕਲ ਹੈ ਉਸੇ ਅਨੁਸਾਰ ਕਿਸਨ ਚਰਿਤ੍ਰ ਉਚਾਰਦਾ ਹਾਂ । ਜੇ ਕਿਤੇ ਕੋਈ ਭੁਲ ਜਾਂ ਗਲਤੀ ਹੋ ਜਾਵੇ ਤਾਂ, ਹੇ ਪਾਠਕ! ਆਪੇ ਹੀ ਸੁਧਾਰ ਲਈਂ। ਕਵੀ ਕਬੂਲ ਕਰਦਾ ਹੈ ਕਿ ਉਹ ਭੁਲਣਹਾਰ ਹੈ । ਪਰ ਅਸੀ ਗੁਰੂ ਸਾਹਿਬ ਨੂੰ ਭੁਲਣਹਾਰ ਨਹੀ ਮੰਨ ਸਕਦੇ । ਸੋ,

ਇਹ ਬਚਿਤ੍ਰ ਨਾਟਕ ਗ੍ਰੰਥ ਭੁਲਣਹਾਰ ਦੇਵੀ-ਪੂਜਕ ਕਵੀਆਂ ਦੀ ਰਚਨਾ ਹੈ ਨ ਕਿ 'ਅਭੁਲ ਗੁਰੂ ਦਸਮ ਨਾਨਕ' ਦੀ ।

ਪੰਨਾ ੩੫੪:- ॥੭੫੮॥ਦੋਹਰਾ॥ ਮਹਾ ਰੁਦ੍ਰ ਅਰੁ ਚੰਡ ਕੇ ਚਲੇ ਪੂਜਬੇ ਕਾਜ ॥ਜਸੁਧਾ ਤ੍ਰੀਯਾ ਬਲਭਦ੍ਰ ਅਉ ਸੰਗਿ ਲੀਏ ਬ੍ਰਿਜਰਾਜ ॥੭੫੯॥
ਕਿਸਨ,ਬਲਰਾਮ,ਯਸ਼ੋਦਾ ਸਾਰੇ ਚੰਡੀ-ਪੂਜਕ ਬਣਾ ਦਿਤੇ ਹਨ ਕਵੀ ਸ਼ਯਾਮ ਨੇ! (ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਅਵਤਾਰ ਚੰਡੀ ਪੂਜ ਧਿਆਇ)

ਪੰਨਾ ੩੯੬:-ਦੋਹਰਾ॥ ਖੜਗਪਾਨ (ਮਹਾਕਾਲ) ਕੀ ਕ੍ਰਿਪਾ ਤੇ ਪੋਥੀ ਰਚੀ ਬਿਚਾਰ ॥ ਭੂਲ ਹੋਇ ਜਹਂ ਤਹਂ ਸੁ ਕਬਿ ਪੜੀਅਹੁ ਸਭੈ ਸੁਧਾਰ ॥
ਕਵੀ ਫਿਰ ਕਬੂਲਦਾ ਹੈ ਕਿ ਉਹ ਭੁਲਣਹਾਰ ਹੈ, ਗਲਤੀਆਂ ਪਾਠਕ ਆਪੇ ਸੁਧਾਰ ਲਏ, ਲਿਖਾਰੀ ਕਵਿ ਨੂੰ ਕੋਈ ਇਤਰਾਜ਼ ਨਹੀ ।

ਪੰਨਾ ੪੯੫ :- ॥ਸਵੈਯਾ॥ ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ ॥ ਅਉਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ ਹਉ ਵਿਤ ਮੈ ਸੋਈ ਕੀਜੈ ॥ ਸਸਤ੍ਰਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੋ ਕਹਿ ਸਾਚ ਪਤੀਜੈ ॥ ਸੰਤ ਸਹਾਇ ਸਦਾ 'ਜਗ ਮਾਇ' ਕ੍ਰਿਪਾ ਕਰ 'ਸਯਾਮ' ਇਹੈ ਬਰੁ ਦੀਜੈ ॥੧੯੦੦॥ (..ਕ੍ਰਿਸਨਾਵਤਾਰੇ..ਜਰਾਸਿੰਧ ..)
ਸਯਾਮ ਕਵਿ ਜਗ ਮਾਇ ਅਰਥਾਤ ਜਗਤਮਾਤਾ (ਦੁਰਗਾ) ਤੋਂ ਵਰ ਮੰਗ ਰਿਹਾ ਹੈ । ਉਚੇਚੇ ਤੌਰ ਤੇ ਨੋਟ ਕੀਤਾ ਜਾਵੇ ਕਿ ਸ਼ਾਮ ਦੇ ਦੀਵਾਨ ਵਿਚ ਆਰਤੀ ਦੇ ਸਿਰਲੇਖ ਹੇਠ ਇਸ ਸਵੈਯੇ ਦਾ ਕੀਰਤਨ ਕਰਨਾ ਮਨਮਤ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ' ਦੇ ਉਲਟ ਮਹਾ-ਅਗਿਆਨਤਾ ਭਰਿਆ ਮਨਮੁਖਾਂ ਵਾਲਾ ਕਰਮ ਹੈ। ਅੱਗੇ ਲਿਖੇ ਪੰਨਾ ੫੧੫ ਦਾ ਪ੍ਰਮਾਣ ਸਿਧ ਕਰਦਾ ਹੈ ਕਿ ਸ਼ਿਵਾ ਹੀ 'ਜਗਮਾਇ' ਹੈ ।

ਪੰਨਾ ੫੧੫:- ਜਾਦਵ ਅਉਰ ਸਭੈ ਹਰਖੈ ਅਰ ਬਾਜਤ ਭੀ ਪੁਰ ਬੀਚ ਬਧਾਈ ॥ ਅਉਰ ਕਹੈ ਕਬਿ ਸਯਾਮ 'ਸਿਵਾ' ਸੁ ਸਭੈ 'ਜਗਮਾਇ' ਸਹੀ ਠਹਰਾਈ ॥੨੦੬੧॥ ... .........ਪਾਠਕ ਨੋਟ ਕਰਣ ਕਿ ਪੰਨਾ ੪੯੫ ਦੇ ਸਵੈਯੇ ਵਿਚ ਮੰਗੇ ਵਰ ਵਿਚ 'ਜਗਮਾਇ' ਸ਼ਿਵਾ ਅਰਥਾਤ ਦੁਰਗਾ ਨੂੰ ਹੀ ਆਖਿਆ ਹੈ ਕਵੀ ਸਯਾਮ ਨੇ । (..ਦਸਮ ਸਿਕੰਧ ਪੁਰਾਣੇ ..ਕ੍ਰਿਸਨਾਵਤਾਰੇ.. )

ਪੰਨਾ ੫੧੮, ੫੪੭ : ਕਾਨਜੂ ਕੋ ਦਿਲੀ ਮਹਿ ਆਵਨ ਕਥਨੰ ॥(ਦੁਆਪਰ ਵਿਚ ਦਿਲੀ ਸ਼ਹਰ ਕਿ ਹਸਤਿਨਾਪੁਰ ? ਭੁਲ ਹੋਈ ਕਵੀ ਕੋਲੋਂ )

ਪੰਨਾ ੫੨੨ :- ਕ੍ਰਿਸਨ ਤੇ ਅਰਜਨ ਨੇ ਸ਼ਰਾਬ ਨਸ਼ੇ ਵਰਤੇ..ਕਿਹਾ ਕਿ ਬ੍ਰਹਮਾ ਨੇ ਅਠਵਾਂ ਸਮੁੰਦਰ ਸ਼ਰਾਬ ਦਾ ਕਿਉਂ ਨ ਬਣਾਇਆ ? (.... ਕ੍ਰਿਸਨਾਵਤਾਰੇ ... ਛੰਦ ੨੧੧੫ ) । ਭੰਗ ਸ਼ਰਾਬ ਪੀਣ ਵਾਲੇ ਲਿਖਾਰੀ ਕਵੀ ਸ਼ਯਾਮ ਕ੍ਰਿਸ਼ਨ ਅਰਜਨ ਨੂੰ ਵੀ ਸ਼ਰਾਬੀ ਬਣਾ ਦਿੱਤਾ ।

ਪੰਨਾ ੫੭੧ :- ਅਬ ਮੈ ਮਹਾ ਸੁਧ ਮਤਿ ਕਰਿ ਕੈ ॥ ਕਹੋ ਕਥਾ ਚਿਤੁ ਲਾਇ ਬਿਚਰਕੈ ॥ (ਨਿਹਕਲੰਕੀ ਅਵਤਾਰ)
ਸ਼ਰਾਬ,ਭੰਗ ਨਸ਼ੇ ਵਰਤਣ ਵਾਲੇ ਕਵਿ ਸ਼ਯਾਮ ਨੇ ਅਪਣੀ ਮਤਿ (ਅਕਲ) ਸ਼ੁਧ ਕਿਵੇਂ ਕੀਤੀ ? ਜਦ ਕਿ ਪੰਨਾ ੧੧੩੭ ਕਵਿ ਸ਼ਯਾਮ ਖੁਦ ਮੰਨਦਾ ਹੈ ਕਿ 'ਜੋ ਨਰ ਭਾਂਗ ਅਫੀਮ ਚੜ੍ਹਾਵੈ ॥ ਤਾ ਕਹ ਸੁਧਿ ਕਹੋ ਕਬ ਆਵੈ ॥੫॥ ਅਰਥਾਤ, ਨਸ਼ਈ ਦੀ ਮਤ ਹਰ ਸਮੇਂ ਮਾਰੀ ਹਹਿੰਦੀ ਹੈ ।

ਪੰਨਾ ੫੯੩ :- ..ਹਰਿ ਜੂ ਹਰਿਮੰਦਰ ਆਵਹਗੇ ॥ਛੰਦ ੧੫੬॥ ...ਕਿਹੜੇ ਹਨ ਹਰਿ ਜੂ ? ਉਹ ਨਿਹਕਲੰਕੀ (ਕਲਕੀ) ਅਵਤਾਰ ਹੈ ; ਕਾਲਪੁਰਖ ਅਰਥਾਤ ਦੇਵੀ ਚੰਡਕਾ ਹੀ ਹੈ ਜਿਸਨੇ ਧਰਮ ਦੇ ਪ੍ਰਸਾਰ ਲਈ, ਸਾਰੇ ਸ਼ੂਦ੍ਰਾਂ ਦੇ ਵਿਨਾਸ਼ ਲਈ ਅਤੇ ਉਚ-ਜਾਤੀ ਲੋਕਾਂ ਨੂੰ ਸਚੇਤ ਕਰਨ ਲਈ ਅਵਤਾਰ ਲਿਆ ਹੈ : ਧਰਮਾਰਥ ਆਨਿ ਲੀਨੋ ਵਤਾਰ ॥ ਸੂਦ੍ਰੰ ਸਮਸਤ ਨਾਸਾਰਥ (ਨਾਸ਼) ਹੇਤੁ ॥ ਕਲਕੀ ਵਤਾਰ ਕਰਬੇ ਸਚੇਤ ॥੧੬੯॥

ਪੰਨਾ ੬੬੯ :- ਪੁੰਨ ਕਥਾ ਮੁਨਿ ਨੰਦਨ ਕੀ ਕਹਿ ਕੈ ਮੁਖ ਸੋ ਕਬਿ ਸਯਾਮ ਬਖਾਨੀ ॥ ਪੂਰਣ ਧਿਆਇ ਭਯੋ ਤਬ ਹੀ ਜਯ ਸ੍ਰੀ ਜਗਨਾਥ ਭਵੇਸ ਭਵਾਨੀ ॥੪੯੮॥ (ਦਤ ਮਹਾਤਮ)। ਲਿਖਾਰੀ ਕਵਿ ਸ਼ਯਾਮ ਅਪਣੇ ਇਸ਼ਟ ਦੇਵੀ ਭਵਾਨੀ ਅਥਵਾ ਦੁਰਗਾ ਦੀ ਹੀ ਜੈ ਕਰਦਾ ਹੈ।

ਪੰਨਾ ੭੧੦:- ਰਾਗੁ ਸੋਰਠਿ ਪਾਤਸ਼ਾਹੀ ੧੦ ॥ ਪ੍ਰਭ ਜੂ ਤੋਕਹ ਲਾਜ ਹਮਾਰੀ ॥... ਕ੍ਰਿਪਾਸਿੰਧ 'ਕਾਲ' ਤ੍ਰੈ ਦਰਸੀ ਕੁਕ੍ਰਿਤ ਪ੍ਰਨਾਸਨ ਕਾਰੀ ॥
ਅਰਥਾਤ 'ਕਾਲ' ਹੀ ਕਿਰਪਾ ਦਾ ਸਾਗਰ , ਅੰਤਰਯਾਮੀ , ਪਾਪ ਕਰਮ ਨਾਸ਼ਕ, ਲਾਜ ਬਚਾਉਣ ਵਾਲਾ ਪ੍ਰਭੂ ਹੈ । (੧ੴ ਦਾ ਸ਼ਰੀਕ ??)
ਰਾਗੁ ਕਲਿਆਣ ਪਾ: ੧੦ ॥...ਤਾਤੇ 'ਸਰਬਕਾਲ'ਕੇ ਅਸਿ ਕੋ ਘਾਇ ਬਚਾਇ ਨ ਆਯੋ ॥...
ਅਰਥਾਤ ਸਰਬਕਾਲ,ਮਹਾਕਾਲ ਦੀ ਤਲਵਾਰ (ਅਸਿ) ਦੇ ਵਾਰ ਤੋਂ ਕੋਈ ਨਹੀ ਬਚ ਕੇ ਆ ਸਕਿਆ ।

ਪੰਨਾ ੭੧੧ :- ਤਿਲੰਗ ਕਾਫੀ..॥ ਕੇਵਲ 'ਕਾਲ ਈ' ਕਰਤਾਰ ॥ ਆਦਿ ਅੰਤ ਅਨੰਤਿ ਮੂਰਤ ਗੜ੍ਹਨ ਭੰਜਨਹਾਰ॥੧॥..
ਕਾਲ / ਮਹਾਕਾਲ ਦੀ ਐਸੀ ਗੁਣ-ਵਾਚਕ-ਉਸਤਤਿ ਸ਼ਿਵ ਪੁਰਾਣ ਵਿਚ ਸ਼ਿਵ-ਸਹਸਤ੍ਰਨਾਮਾ ਦੇ ਆਧਾਰ ਤੇ ਕੀਤੀ ਗਈ ਹੈ ।
ਰਾਗ ਦੇਵਗੰਧਾਰੀ ਪਾ:੧੦॥..ਰਾਮ ਰਹੀਮ ਉਬਾਰ ਨ ਸਕ ਹੈ ਜਾਕਰ ਨਾਮ ਰਟੈ ਹੈ ॥ ਬ੍ਰਹਮਾ ਬਿਸਨ ਰੁਦ੍ਰ ਸੂਰਜ ਸਸਿ ਤੇ ਬਸਿ 'ਕਾਲ' ਸਭੈ ਹੈ।

ਪੰਨਾ ੭੧੫ :- (੩੩ ਸਵੈਯੇ) ॥ ਰੇ ਮਨ ਲੈਲ (ਲੱਲੂ) ਇਕੇਲ ਹੀ 'ਕਾਲ' ਕੇ ਲਾਗਤ ਕਾਹਿ ਨ ਪਾਇਨ ਧਾਏ ॥੨੨॥

'ਕਾਲ' ਹੀ ਪਾਇ ਭਇਓ ਬ੍ਰਹਮਾ ਗਹਿ ਦੰਡ ਕਮੰਡਲ ਭੂਮ ਭ੍ਰਮਾਨਯੋ ॥ 'ਕਾਲ' ਹੀ ਪਾਇ ਸਦਾ ਸਿਵਜੂ ਸਭ ਦੇਸ ਬਦੇਸ ਭਇਆ ਹਮ ਜਾਨਯੋ ॥ 'ਕਾਲ' ਹੀ ਪਾਇ ਭਯੋ ਮਿਟ ਗਯੋ ਜਗ ਯਾਂਹੀ ਤੇ ਤਾਹਿ ਸਭੋ ਪਹਿਚਾਨਯੋ ॥ ਬੇਦ ਕਤੇਬ ਕੇ ਭੇਦ ਸਭੈ ਤਜਿ ਕੇਵਲ 'ਕਾਲ' ਕ੍ਰਿਪਾਨਿਧ ਮਾਨਯੋ ॥੨੩॥ ...॥ ਕਾਲ (ਸਮਾ) ਗਯੋ ਇਨ ਕਾਮਨ ਸਿਉ ਜੜ, 'ਕਾਲ ਕ੍ਰਿਪਾਲ' ਹੀਐ ਨ ਚਿਤਾਰਯੋ ॥.......॥੨੪॥

**ਹਰ ਰਚਨਾ ਵਿਚ ਕਾਲ/ਮਹਾਕਾਲ, ਭਵਾਨੀ, ਦੁਰਗਾ ਦੀ ਸਿਫ਼ਤ ੧ਓ ਦੇ ਤੁੱਲ ਕੀਤੀ ਹੈ । (ਗੁਰਮਤਿ ਵਿਰੁਧ ) ।**

**ਪੰਨਾ ੮੦੯ :- (ਚਰਿਤ੍ਰੋ ਪਾਖਯਾਨ ਸ਼ੁਰੂ ) ਫਿਰ ਦੇਵੀ ਉਸਤਤਿ ...ਸ੍ਰੀ ਭਗੌਤੀ ਏ ਨਮਹ ॥...ਤੁ ਹੀ ਸ੍ਰੀ ਭਵਾਨੀ ॥...ਤੁ ਹੀ ਬਿਸਵਮਾਤਾ ॥... ਮੰਗਲਾ ਰੂਪ ਕਾਲੀ ॥...ਦੁਰਗਾ ਤੂ ਛਿਮਾ ਤੂ ਸ਼ਿਵਾ ਰੂਪ ਤੇਰੋ ॥ (ਦੇਵੀ ਉਸਤਤ ਚਰਿਤ੍ਰੋ ਪਾਖਯਾਨ ਤੋਂ ਪਹਿਲਾਂ ਕਰਨੀ ਕਵੀ ਭੁੱਲੇ ਨਹੀ ) ਅਰਥਾਤ, ਭਗੌਤੀ , ਭਵਾਨੀ , ਕਾਲੀ , ਦੁਰਗਾ , ਸ਼ਿਵਾ ਆਦਿਕ ਇਕੋ ਹੀ ਦੇਵੀ ਦੇ ਨਾਂ ਹਨ । ਅੱਗੇ ਉਸਤਤਿ ਜਾਰੀ ਹੈ ......**

**ਪੰਨਾ ੮੧੦ :- ਕਾਲ ਦਾ ਸਰੂਪ , (ਵੇਖੋ ਚਿਤ੍ਰ ਕਾਲ / ਕਾਲਕਾ ਦੇਵੀ ਦਾ ਪੁਸਤਕ ਦੇ ਸ਼ੁਰੂ ਵਿਚ)**

**(ਨੋਟ : ਪੰਨਾ ੪੧ ਤੇ ਵੀ ਕਾਲ ਦਾ ਐਸਾ ਹੀ ਸਰੂਪ ਚਿਤਰਿਆ ਹੈ ) :-**

**ਮੁੰਡ ਕੀ ਮਾਲ ਦਿਸਾਨ ਕੇ ਅੰਬਰ ਬਾਮ ਕਰਯੋ ਗਲ ਮੈ ਅਸਿ ਭਾਰੋ ॥**
**ਲੋਚਨ ਲਾਲ ਕਰਾਲ ਦਿਪੈ ਦੋਊ ਭਾਲ ਬਿਰਾਜਤ ਹੈ ਅਨਿਯਾਰੋ ॥**
**ਛੁਟੇ ਹੈਂ ਬਾਲ ਮਹਾ ਬਿਕਰਾਲ ਬਿਸਾਲ ਲਸੈ ਰਦ ਪੰਤਿ ਉਜਯਾਰੋ ॥**
**ਛਾਡਤ ਜਵਾਲ ਲਏ ਕਰ ਬਯਾਲ ਸੁ 'ਕਾਲ' ਸਦਾ ਪ੍ਰਤਿਪਾਲ ਤਿਹਾਰੋ ॥**

ਗਲੇ ਵਿਚ ਖੋਪੜੀਆਂ ਦੀ ਮਾਲਾ , ਸਰੀਰ ਨੰਗਾ,ਖਬੇ ਹੱਥ ਵਿਚ ਭਾਰੀ ਤਲਵਾਰ/ਸ਼ਸਤ੍ਰ , ਲਾਲ ਡਰਾਉਣੀਆਂ ਅਖਾਂ ਜਿਵੇਂ ਮਥੇ ਤੇ ਅੰਗਾਰੇ, ਡਰਾਉਣੀਆਂ ਲਟਾਂਵਾਂ, ਖ਼ੂਨ-ਭਿੱਜੇ-ਭਿਆਨਕ-ਦੰਦ, ਮੂੰਹ ਵਿਚੋਂ ਨਿਕਲਦੀਆਂ ਅਗ ਦੀਆਂ ਲਪਟਾਂ , ਹੱਥ ਵਿਚ ਖੋਪੜੀ, **ਐਸਾ ਹੈ ਕਾਲ ਦਾ ਸਰੂਪ, ਜੋ ਕਿ ਤੁਹਾਡਾ (?) ਪਾਲਨਹਾਰ ਹੈ ।**

ਦੇਵੀ ਉਸਤਤ ਵਿਚ ਦਸੇ ਹੋਰ ਪ੍ਰਚਲਤ ਨਾਂ ਦੁਰਗਾ, ਭਵਾਨੀ, ਭਗਵਤੀ (ਭਗਉਤੀ ), ਕਾਲਕਾ, ਆਦਿ ਸ਼ਕਤੀ, ਜਗਦੰਬਾ, ਚੰਡੀ, ਸ਼ਿਵਾ, ਕੇਸਰੀ ਬਾਹਨੀ (ਸ਼ੇਰ ਦੀ ਸਵਾਰੀ ਕਰਣ ਵਾਲੀ ), ਕਾਲ ਰੂਪਾ ਆਦਿਕ ਹਨ । ਇਹ ਸ਼ਿਵ ਜੀ ਦੀ ਪਤਨੀ ਦੇਵੀ ਪਾਰਵਤੀ ਦੇ ਵਖ ਵਖ ਰੂਪ ਹਨ । ਗੁਰੂ ਗੋਬਿੰਦ ਸਿੰਘ ਜੀ ਦੀ ਪਿਛਲੇ ਜਨਮ ਦੀ ਮਨਘੜਤ ਕਥਾ ਵਿਚ ਕਵੀ ਨੇ **ਮਹਾਕਾਲ ਕਾਲਕਾ ਅਰਾਧੀ** ਲਿਖ ਕੇ ਗੁਰੂ ਸਾਹਿਬ ਨੂੰ ਦੇਵੀ-ਪੂਜਕ ਸਿਧ ਕਰਣ ਦੀ ਕੋਸ਼ਿਸ਼ ਕੀਤੀ ਹੈ । ਅਸੀ ਮੰਨ ਹੀ ਨਹੀ ਸਕਦੇ ਕਿ ਗੁਰੂ ਨਾਨਕ ਸਾਹਿਬ ਦੀ ਦਸਵੀਂ ਜੋਤ ੧ਓ ਦੀ ਆਰਾਧਨਾ ਤਿਆਗ ਕੇ ਦੇਵੀ-ਪੂਜਕ ਬਣ ਜਾਏ । ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਬਦਨਾਮ ਕਰਨ ਦੀ ਪੰਥ-ਦੋਖੀਆਂ ਦੀ ਸਾਜ਼ਿਸ਼ ਹੈ ।

**ਪੰਨਾ ੮੧੩ :- ਪ੍ਰਥਮ ਧਯਾਇ 'ਸ੍ਰੀ ਭਗਵਤੀ' ਬਰਨੌ ਤ੍ਰਿਯਾ ਪ੍ਰਸੰਗ ॥ (ਲਿਖਾਰੀ ਕਵੀ ਦੇਵੀ ਦੀ ਆਰਾਧਨਾ ਨਹੀ ਭੁਲਦਾ)**
ਅਰਥਾਤ, ਸਭ ਤੋਂ ਪਹਿਲਾਂ ਮੈ (ਕਵਿ ਸ਼ਯਾਮ) ਦੇਵੀ ਭਗੌਤੀ , ਦੁਰਗਾ ਨੂੰ ਧਿਆਉਂਦਾ ਹਾਂ ਫਿਰ ਤ੍ਰਿਯਾ ਚਰਿਤ੍ਰ ਲਿਖਦਾ ਹਾਂ ।

**ਪੰਨਾ ੯੯੮ :-** ਜੁਧ ਕਾਜ ਸਭ ਹੀ ਚਲੀ 'ਕਾਲ' ਕਰੈ ਸੋ ਹੋਇ ॥ ( ਕਾਲ ਅਰਥਾਤ ਦੇਵੀ ਦੁਰਗਾ, ਭਗੌਤੀ ; ਤ੍ਰਿਯਾ ਚਰਿਤ੍ਰ ੧੨੮)

**ਪੰਨਾ ੧੦੦੩ :-**..ਬਿਸਨ ਜਾਪ ਅਬ ਤੇ ਮੈਂ ਤਯਾਗਯੋ ॥ ਸਿਵਜੂ ਕੇ ਪਾਇਨ ਸੌ ਲਾਗਯੋਂ ॥ (ਤ੍ਰਿਯਾ ਚਰਿਤ੍ਰ ੧੩੦) ਇਸ ਪ੍ਰਸੰਗ ਵਿਚ ਰਾਜਾ ਬਿਸ਼ਨ-ਭਗਤ ਅਤੇ ਰਾਣੀ ਸ਼ਿਵ-ਭਗਤ ਦਸੇ ਗਏ ਹਨ। ਰਾਣੀ ਛਲ ਕਰਕੇ ਰਾਜੇ ਨੂੰ ਸ਼ਿਵ-ਭਗਤ ਬਣਾ ਦਿੰਦੀ ਹੈ । ਆਖਰੀ ਪੰਕਤੀ 'ਸਿਖਯ ਤੁਰਤੁ ਸਿਵ ਕੋ ਕਿਯੋ ਐਸੋ ਚਰਿਤ ਸੁਧਾਰਿ ॥੧੨॥' ਲਿਖਾਰੀ ਦੀ ਮਨਸ਼ਾ ਹਰ ਕਿਸੇ ਨੂੰ ਸਿਵ ਜਾਂ ਪਾਰਵਤੀ ਦਾ ਭਗਤ ਬਣਾਉਣ ਦੀ ਹੈ ।

**ਪੰਨਾ ੧੧੯੯ ਤੋਂ ੧੨੧੦ ਤਕ :- ਇਹ ਤ੍ਰਿਯਾ ਚਰਿਤ੍ਰ ਨੰਬਰ ੨੬੬ ਬਹੁਤ ਹੀ ਧਿਆਨ ਨਾਲ ਪੜਨ ਵਾਲਾ ਹੈ ਕਿਉਂਕਿ ਇਸ ਪ੍ਰਸੰਗ ਵਿਚ ਮਹਾਕਾਲ ਦਾ ਸਿਖ (ਚੇਲਾ) ਬਣਾਉਣ ਦੀ ਵਿਧੀ ਦਸੀ ਗਈ ਹੈ । ਸੰਖੇਪ ਵਿਚ ਪ੍ਰਸੰਗ ਇਉਂ ਹੈ :-**

" ਰਾਜਾ ਸੁਮਤਿ ਸੈਨ ਧੀ ਰਨਖੰਭਕਲਾ ਇਕ ਦਿਜ (ਪੰਡਿਤ) ਪਾਸੋਂ ਵਿਦਯਾ ਪੜ੍ਹਨ ਜਾਇਆ ਕਰਦੀ ਹੈ । ਇਕ ਦਿਨ ਸਮੇ ਤੋਂ ਪਹਿਲਾਂ ਪਹੁੰਚ ਕੇ ਵੇਖਦੀ ਹੈ ਕਿ ਪੰਡਿਤ ਜੀ ਸਾਲਿਗ੍ਰਾਮ (ਵਿਸ਼ਨੂੰ ) ਦੀ ਪੂਜਾ ਕਰ ਰਹੇ ਹਨ।ਰਾਜਕੁਮਾਰੀ ਪੰਡਿਤ ਜੀ ਨੂੰ ਸਮਝਾਂਦੀ ਹੈ 'ਪਾਇ ਪਰੋ ਪਰਮੇਸਰ ਕੇ ਪਸੁ ਪਾਹਨ ਮੈ ਪਰਮੇਸਰ ਨਾਹੀ॥ ੧੨ ॥' ਫਿਰ 'ਕਾਲ' ਦੀ ਵਡਿਆਈ ਦਸਦੀ ਹੈ ' ਖਯਾਲ ਕਾਲ ਕੋ ਕਿਨਹੂੰ ਨ ਪਾਯੋ ॥ ਜਿਨ ਇਹ ਚੌਦਹ ਲੋਕ ਬਨਾਯੋ ॥ ਛੰਦ ੪੭ ॥' ਅਤੇ ਇਸ ਤਰ੍ਹਾਂ 'ਕਾਲ' ਨੂੰ ਹੀ ਪਰਮੇਸਰ ਮੰਨਦੀ ਹੈ। ਹੋਰ ਜ਼ੋਰ ਦੇ ਕੇ ਆਖਦੀ ਹੈ 'ਮੈਯਾ (ਦੁਰਗਾ) ਕੋ ਨ ਮਾਨੈ ਮਹਾਕਾਲ ਨ ਮਨਾਵੈ ਮੂੜ ਮਾਟੀ (ਮੂਰਤੀ) ਕੋ ਮਾਨਤ ਤਾਤੇ ਮਾਂਗਤ ਮਰਤ ਹੈ ॥੫੩॥' ਫਿਰ ਭੰਗ ਪੀਣ ਲਈ ਪ੍ਰੇਰਦੀ ਹੈ ਅਤੇ ਫਿਰ ਆਖਦੀ ਹੈ **'ਮਹਾਕਾਲ ਜੂ ਕੋ ਸਦਾ ਸੀਸ ਨਯੈਯੈ ॥ ਪੁਰੀ ਚੋਦਹੂੰ ਤ੍ਰਾਸ ਜਾਕੋ ਤ੍ਰਸੈਯੈ ॥..॥੮੬॥...'ਮਹਾਕਾਲ' ਹੀ ਕੋ ਗੁਰੂ ਕੋ ਪਛਾਨਾ ॥੮੯॥..॥ ਦਿਜ ਹਮ 'ਮਹਾਕਾਲ' ਕੋ ਮਾਨੈ ॥ ੯੧॥ ਜੇ ਨਰ ਕਾਲ ਪੁਰਖ ਕੋ ਧਯਾਵੈ ॥ ਤੇ ਨਰ ਕਾਲ (ਮੌਤ) ਫਾਂਸ ਨਹਿ ਜਾਵੈ॥. ੯੮॥** ..ਐਸੀਆਂ ਹੋਰ ਵੀ ਪੰਕਤੀਆਂ ਹਨ । ਰਾਜਕੁਮਾਰੀ ਦੇ ਇਸ ਤਰਾਂ ਸਮਝਾਣ ਨਾਲ ਜਦ ਪੰਡਿਤ ਜੀ ਨੇ ਮਹਾਕਾਲ ਦਾ ਸਿਖ ਬਣਨਾ ਪ੍ਰਵਾਨ ਨਹੀ ਕੀਤਾ ਤਾਂ ਰਾਜਕੁਮਾਰੀ ਨੇ 'ਚਰਿਤ੍ਰ' ਵਖਾਇਆ। ਪੰਡਿਤ ਦਾ ਹੱਥ ਫੜ ਨਦੀ ਵਿਚ ਸੁਟਿਆ, ਅਠ ਸੌ (!) ਗੋਤੇ ਦਿਤੇ ਅਤੇ ਕਿਹਾ ਕਿ ਮੈ ਰਾਜੇ ਅਗੇ ਤੇਰੀ ਸ਼ਿਕਾਇਤ ਕਰਾਂਗੀ ਤੂੰ ਮੈਨੂੰ ਹਥ ਪਾਇਆ ਹੈ ਮੈ ਤੇਰੇ ਹਥ ਕਟਵਾ ਦਿਆਂਗੀ । ਪੰਡਿਤ ਜੀ ਡਰ ਜਾਂਦੇ ਹਨ ; ਮਹਾਕਾਲ

ਦਾ ਸਿਖ ਬਣਨ ਲਈ ਤਿਆਰ ਹੋ ਜਾਂਦੇ ਹਨ । ਇਸ ਪ੍ਰਸੰਗ ਦਾ ਆਖਰੀ ਦੋਹਰਾ ਮਹਾਕਾਲ ਦਾ ਸਿਖ ਬਣਾਉਣ ਦੀ ਵਿਧੀ ਇਉਂ ਦਸਦਾ ਹੈ :-

**ਇਹ ਛਲ ਸੋ ਮਿਸਰਹਿ ਛਲਾ ਪਾਹਨ ਦਏ ਬਹਾਇ॥ ਮਹਾਕਾਲ ਕੋ ਸਿਖਯ ਕਰਿ ਮਦਰਾ ਭਾਗ ਪਿਵਾਇ॥੧੨੫॥**

**ਜ਼ਰਾ ਸੋਚੋ ! ਛਲ ਕਪਟ ਕਰਕੇ ਮਹਾਕਾਲ ਦਾ ਸਿਖ ਬਣਾਇਆ, ਭੰਗ ਅਤੇ ਸ਼ਰਾਬ ਪਿਲਾ ਕੇ।** ਕੁਝ ਲੋਕ ਮਹਾਕਾਲ ਦਾ ਅਰਥ 'ਵਾਹਿਗੁਰੂ' ਕਰਦੇ ਹਨ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਮਹਾਕਾਲ- ਕਾਲਕਾ ਦਾ ਉਪਾਸਕ ਦਸਦੇ ਹਨ ਤਾਂ ਫਿਰ ਉਹ ਲੋਕ ਗੁਰੂ ਸਾਹਿਬ ਨੂੰ ਵੀ ਭੰਗ-ਸ਼ਰਾਬ ਪੀਣ ਵਾਲਾ ਵੀ ਮੰਨਦੇ ਹੋਣਗੇ । ਕੋਈ ਵੀ ਸੂਝਵਾਨ ਸਿਖ ਇਹ ਗਲ ਨਹੀ ਮੰਨ ਸਕਦਾ ਕਿਉਕਿ **ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ : 'ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦੁ ਛੂਛੈ ਭਾਉ ਧਰੇ ॥' ( ਆਸਾ ਮਹਲਾ ੧, ਅੰਗ ੩੬੦)**

**ਸਪਸ਼ਟ ਹੈ ਕਿ ਮਹਾਕਾਲ ਦਾ ਅਰਥ ਵਾਹਿਗੁਰੂ ਨਹੀਂ । ਜ਼ਰਾ ਸੋਚੀਏ, ਕੀ ਐਸਾ** ਮਹਾਕਾਲ (ਜਾਂ ਉਸਦੀ ਪਤਨੀ ਕਾਲਕਾ) ਦਸਮ ਨਾਨਕ ਸਾਹਿਬ ਜੀ ਦੇ ਇਸ਼ਟ ਹੋ ਸਕਦੇ ਹਨ ?

**ਪੰਨਾ ੧੩੫੯ ਤੋਂ ੧੩੮੮ ਤਕ** :- ਆਖਰੀ ਤ੍ਰਿਯਾ ਚਰਿਤ੍ਰ, ਨੰਬਰ ੪੦੫.....ਪ੍ਰਥਮੇ ਸਤਿਜੁਗ ਬੀਚ ਕਹਿਜੈ ॥...

ਰਾਜਾ ਸਤਿਸੰਧਿ ਅਤੇ ਦੇਵਤਿਆਂ ਦਾ ਦੀਰਘ ਦਾੜ੍ਹ ਦਾਨਵ ਨਾਲ ਜੰਗ.. ਦੈਤਰਾਜ ਅਤੇ ਦੇਵਰਾਜ ਦੇ ਲੋਹੇ(ਸ਼ਸਤਰ)ਆਪਸ ਵਿਚ ਟਕਰਾਉਣ ਤੇ ਅਗਨੀ ਨਿਕਲੀ ਜਿਸਤੋਂ ਇਕ ਬਾਲਾ (ਇਸਤ੍ਰੀ) ਪੈਦਾ ਹੋ ਗਈ(!) ਉਹ ਵੀ ਅਸਤ੍ਰ-ਸ਼ਸਤ੍ਰ ਲੈ ਕੇ ਜੰਗ ਕਰਣ ਲਗੀ.. ਮਨ ਵਿਚ ਜਗਤਪਤਿ ਨਾਲ ਵਿਆਹ ਦਾ ਫੁਰਨਾ ਫੁਰਿਆ.. ਦੇਵੀ ਭਵਾਨੀ ਦੀ ਕਿਰਪਾ ਨਾਲ ਪਤਾ ਲਗਾ ਕਿ ਸਵਾਸ ਬੀਰਜ ਨਾਂ ਦੇ ਦੈਂਤ ਦੇ ਮਰਨ ਪਿਛੋਂ ਉਸ ਦੀ ਮਨੋਕਾਮਨਾ ਪੂਰੀ ਹੋਵੇਗੀ..ਸ਼ਸਤ੍ਰ ਸਜਾ ਕੇ ਦੈਂਤ ਨਾਲ ਜੰਗ ਕਰਣ ਲਗੀ, ਦੈਂਤਾਂ ਦੇ ਖੂਨ ਤੋਂ ਹੋਰ ਦੈਂਤ ਉਪਜੇ... ਬਾਲਾ ਘਿਰ ਗਈ, ਦੇਵੀ ਕਾਲਕਾ ਦਾ ਧਿਆਨ ਕੀਤਾ, ਕਾਲਕਾ ਨੇ ਭਗਤ ਦੀ ਰਖਿਆ ਲਈ ਤਲਵਾਰ ਫੜੀ ਤੇ ਦੈਤਾਂ ਨੂੰ ਮਾਰਨ ਲਗੀ..॥੬੪॥. ਅਗੇ ਛੰਦ ੭੭ ਇਉਂ ਲਿਖਿਆ ਹੈ...ਠੋਕਿ ਠੋਕਿ ਭੁਜ ਦੰਡਨ ਜੋਧਾ ॥ ਧਾਵਤ ਮਹਾਕਾਲ ਪਰ ਕ੍ਰੋਧਾ ॥ ਬੀਸ ਪਦੁਮ ਦਾਨਵ(?) ਤਵ ਭਯੋ ॥ ਨਾਸ ਕਰਨ 'ਕਾਲੀ' ਕੋ ਧਯੋ (ਹਮਲਾ ਕੀਤਾ) ॥

ਜੁਧ ਕਰਦਿਆਂ ਮਹਾਕਾਲ ਦਾ ਕ੍ਰੋਧ ਵਧਿਆ ਜਿਸਤੋਂ ਬ੍ਰਹਮਾ,ਵਿਸ਼ਨੂੰ ਆਦਿਕ ਸਾਰੇ ਡਰ ਗਏ ਤੇ ਮਹਾਕਾਲ ਦੀ ਸ਼ਰਣ ਵਿਚ ਆ ਗਏ ॥੮੯॥ **ਅੱਗੇ ਛੰਦ ੯੧ ਤੋ ੯੯ ਤਕ ਮਹਾਕਾਲ ਦੀ ਉਸਤਤਿ ਕੀਤੀ ਹੈ ( ਇਹੋ ਜਹੀ ਉਸਤਤ 'ਹਮਰੀ ਕਰੋ ਹਾਥ ਦੈ ਰਛਾ' ਵਾਲੀ ਚੌਪਈ, ਛੰਦ ੩੭੭ ਤੋਂ ਛੰਦ ੪੦੨ ਤਕ, ਵਿਚ ਵੀ ਕੀਤੀ ਗਈ ਹੈ ) :-**

**ਤੁਮ ਹੋ ਸਕਲ ਲੋਕ ਸਿਰਤਾਜਾ ॥ ਗਰਬਨ ਗੰਜ ਗਰੀਬ ਨਿਵਾਜਾ ॥ ਆਦਿ ਅਕਾਲ ਅਜੋਨਿ ਬਿਨਾ ਭੈ ॥ ਨਿਰਬਿਕਾਰ ਨਿਰਲੰਬ ਜਗਤ ਮੈ ॥੯੧॥ ਨਿਰਬਿਕਾਰ ਨਿਰਜੁਰ ਅਬਿਨਾਸੀ ॥ ਪਰਮ ਜੋਗ ਕੇ ਤਤੁ ਪ੍ਰਕਾਸੀ ॥ ਨਿਰੰਕਾਰ ਨਵ ਨਿਤਯ ਸੁਯੰਭਵ ॥ ਤਾਤ ਮਾਤ ਜਹ ਜਾਤ ਨ ਬੰਧਵ ॥੯੨॥ ਸਤ੍ਰ ਬਿਹੰਡ ਸੁ ਰਿਦਿ ਸੁਖਦਾਇਕ ॥ ਚੰਡ ਮੁੰਡ ਦਾਨਵ ਕੇ ਘਾਇਕ ॥ ਸਤਿ ਸੰਧਿ ਸਤਿਤਾ ਨਿਵਾਸਾ॥ ਭੂਤ ਭਵਿਖ ਭਵਾਨ ਨਿਰਾਸਾ ॥੯੩॥ ਆਦਿ ਅਨੰਤ ਅਰੂਪ ਅਭੇਸਾ ॥ ਘਟ ਘਟ ਭੀਤਰ ਕਿਯਾ ਪ੍ਰਵੇਸਾ ॥ ਅੰਤਰ ਬਸਤ ਨਿਰੰਤਰ ਰਹਈ ॥ ਸਨਕ ਸਨੰਦ ਸਨਾਤਨ ਕਹਈ ॥੯੪॥ ਆਦਿ ਜੁਗਾਦਿ ਸਦਾ ਪ੍ਰਭੁ ਏਕੈ॥ ਧਰਿ ਧਰਿ ਮੂਰਤਿ ਫਿਰਤਿ ਅਨੇਕੈ॥ ਸਭ ਜਗ ਕਹ ਇਹ ਬਿਧਿ ਭਰਮਾਯਾ॥ ਆਪੈ ਏਕ ਅਨੇਕ ਦਿਖਾਯਾ ॥੯੫॥ ਘਟ ਘਟ ਮਹਿ ਸੋਈ ਪੁਰਖ ਬਯਾਪਕ॥ਸਕਲ ਜੀਵ ਜੰਤਨ ਕੇ ਥਾਪਕ॥ਜਾਤੇ ਜੋਤਿ ਕਰਤ ਆਕਰਖਨ॥ਤਾਕਹ ਕਹਤ ਮ੍ਰਿਤਕ ਜਗ ਕੇ ਜਨ ॥੯੬॥ ਤੁਮ ਜਗ ਕੇ ਕਾਰਨ ਕਰਤਾਰਾ॥ ਘਟਿ ਘਟਿ ਕੀ ਮਤਿ ਜਾਨਨਹਾਰਾ ॥ ਨਿਰੰਕਾਰ ਨਿਰਵੈਰ ਨਿਰਾਲਮ ॥ ਸਭਹੀ ਕੇ ਮਨ ਕੀ ਤੁਹਿ ਮਾਲਮ ॥੯੭॥ ਤੁਮਹੀ ਬ੍ਰਹਮਾ ਬਿਸਨ ਬਨਾਯੋ ॥ ਮਹਾਂ ਰੁਦ੍ਰ ਤੁਮ ਹੀ ਉਪਜਾਯੋ ॥ ਤੁਮਹੀ ਰਿਖਿ ਕਸਪਹਿ ਬਨਾਵਾ ॥ ਦਿਤਜ ਅਦਿਤ ਜਨ ਬੈਰ ਬਢਾਵਾ ॥੯੮॥ ਜਗ ਕਾਰਨ ਕਰੁਨਾ ਨਿਧਿ ਸਵਾਮੀ ॥ ਕਮਲ ਅੰਤਰਿ ਕੇ ਜਾਮੀ ॥ ਦਯਾਸਿੰਧ ਦੀਨਨ ਕੇ ਦਯਾਲਾ ॥ ਹੂਜੈ ਕ੍ਰਿਪਾ ਨਿਧਾਨ ਕ੍ਰਿਪਾਲਾ ॥੯੯ ॥**

ਉਪਰ ਲਿਖੇ ਛੰਦਾਂ (੭੭ ਅਤੇ ੯੧ ਤੋਂ ੯੯ ਤਕ) ਨੂੰ ਗਹੁ ਨਾਲ ਵੀਚਾਰਿਆਂ ਸਪਸ਼ਟ ਹੁੰਦਾ ਹੈ ਕਿ ਲਿਖਾਰੀ ਕਵਿ ਸ਼ਯਾਮ ਮਹਾਕਾਲ, ਕਾਲੀ, ਚੰਡ-ਮੁੰਡ ਨੂੰ ਮਾਰਨ ਵਾਲੀ ਦੇਵੀ ਦੁਰਗਾ ਆਦਿਕ ਨਾਂ ਇਕੋ ਹੀ ਹਸਤੀ (ਸ਼ਿਵ ਦਾ ਅਰਧ-ਨਾਰੀਸ਼ਵਰ ਰੂਪ ) ਲਈ ਵਰਤਦਾ ਹੈ । ਅਗੇ ਪੜੋ: ਕਰਿ ਕਰਿ ਕੋਪ ਕਾਲ ਸ੍ਰੀ ਤਬਹੀ ॥ ਰਥ ਪਰ ਚੜ੍ਹਾ ਸਸਤ੍ਰ ਲੈ ਸਭਹੀ ॥..॥੧੦੨॥..ਮਹਾਂ ਕਾਲ ਕੈ ਭਯੋ ਪ੍ਰਸੇਤਾ ॥ ਡਾਰਾ ਭੂਮਿ ਪੌਛਿ ਕਰਿ ਤੇਤਾ ॥੧੦੯॥ ... ਅਰਥਾਤ ਕਾਲ / ਮਹਾਕਾਲ ਨੂੰ ਪਸੀਨਾ ਆਇਆ , ਰਥ ਤੇ ਚੜਿਆ, ਸ਼ਰੀਰਧਾਰੀ ਹੈ, ਨਿਰਾਕਾਰ ਨਹੀਂ । ਅਗੇ ਪੜੋ : ਮਹਾਂਕਾਲ ਕੋਪਤ ਭਯੋ ਜਬਹੀ ॥ ਅਸੁਰ ਅਨੇਕ ਬਿਦਾਰੇ ਤਬਹੀ ॥੧੨੫॥...॥ ਜਿਤੇ ਦੈਤ ਆਏ ਤਿਤੇ ਕਾਲ ਮਾਰੇ ॥ ਬਹੇ ਸ੍ਰੋਨ ਕੇ ਭੂਮ ਹੂੰ ਪੈ ਪਨਾਰੇ ॥..॥੧੩੯॥..ਦੈਤਾਂ ਦੇ ਮੂੰਹ ਵਿਚੋਂ ਮੁਗ਼ਲ, ਖਾਨ, ਪਠਾਨ 'ਸਤਿਜੁਗ ਵਿਚ' ਕਿਵੇਂ ਪ੍ਰਗਟ ਹੋ ਗਏ !? ਮਹਾਕਾਲ ਤੇ ਹਮਲਾ ਕਰਦੇ ਹਨ : ਮਹਾਂਕਾਲ ਕੋ ਕਰਤ ਪ੍ਰਹਾਰਾ ॥ ਏਕ ਨ ਉਪਰਤ ਰੋਮ ਉਪਾਰਾ ॥੨੦੦॥......॥ ਇਹ ਬਿਧਿ ਭਯੋ ਦਾਨਵਨ ਨਾਸਾ ॥ ਖੜਗਕੇਤ ਅਸੁ ਕਿਯਾ ਤਮਾਸਾ ॥੨੪੭॥......॥ ਪੁਨਿ ਅਸਿਧੁਜ ਅਸ ਮੰਤ੍ਰ ਬਿਚਾਰੇ ॥..॥੨੪੮॥.. **ਇਨ੍ਹਾਂ ਪੰਕਤੀਆਂ ਤੋਂ ਸਪਸ਼ਟ ਹੁੰਦਾ ਹੈ ਕਿ ਮਹਾਕਾਲ,ਕਾਲ,ਖੜਗਕੇਤ,ਅਸਿਧੁਜ ਇਕੋ ਹੀ ਸ਼ਰੀਰਧਾਰੀ ਦੇਵਤੇ ਦੇ ਨਾਂ ਹਨ ।**

ਅਗਲੇ ਕਈ ਛੰਦਾ ਤੋਂ ਵੀ ਇਸ ਗ੍ਰੰਥ ਦੇ ਇਸ਼ਟ ਕਾਲ ਦੀ ਇਹੀ ਅਸਲੀਯਤ (ਸ਼ਿਵ ਦਾ ਅਰਧ-ਨਾਰੀਸ਼ਵਰ ਰੂਪ) ਸ੍ਹਾਮਣੇ ਆਉਂਦੀ ਹੈ :- ਮਹਾਂਕਾਲ ਕੁਪਿ ਸਸਤ੍ਰ ਪ੍ਰਹਾਰੇ ॥ ਸਾਧ ਉਬਾਰਿ ਦੁਸਟ ਸਭ ਮਾਰੇ ॥੩੨੧॥....॥ ਇਹ ਬਿਧਿ ਭਯੋ ਜਬੈ ਸੰਗ੍ਰਾਮਾ ॥ ਨਿਕਸੀ ਦਿਨ ਦੂਲਹ ਹਵੈ ਬਾਮਾ ॥ਸਿੰਘ ਬਾਹਨੀ (ਦੁਰਗਾ)ਧੁਜਾ ਬਿਰਾਜੈ ॥ਜਾਹਿ ਬਿਲੋਕ ਦੈਤ ਦਲ ਭਾਜੈ ॥੩੩੧॥.. ਕੇਤਿਕ ਮਹਾਂ ਕਾਲ ਅਰਿ (ਵੈਰੀ) ਕੂਟੇ ॥ ਬਾਦਲ ਸੇ ਸਭ ਹੀ ਦਲ ਫੂਟੇ ॥੩੪੦॥......॥ ਮਹਾਂਕਾਲ ਕੀ ਜੇ ਸਰਨਿ ਪਰੇ ਸੁ ਲਏ ਬਚਾਇ ॥ ਔਰ ਨ ਉਪਜਾ ਦੂਸ੍ਰ ਜਗ ਭਛਯੋ ਸਭੈ ਬਨਾਇ ॥੩੬੬॥ **ਜੇ ਪੂਜਾ ਅਸਿਕੇਤ ਕੀ ਨਿਤਪ੍ਰਤਿ ਕਰੈ ਬਨਾਇ ॥ ਤਿਨ ਪਰ ਅਪਨੋ ਹਾਥ ਦੈ ਅਸਿਧੁਜ ਲੇਤ ਬਚਾਇ ॥੩੬੭॥ ਬਹੁਰਿ ਅਸੁਰ ਕਾ ਕਾਟਸਿ ਮਾਥਾ ॥ ਸ੍ਰੀ ਅਸਿਕੇਤ ਜਗਤ ਕੇ ਨਾਥਾ ॥੩੭੪॥ ਪੁਨਿ ਰਾਛਸ ਕਾ ਕਾਟਾ ਸੀਸਾ ॥ ਸ੍ਰੀ ਅਸਿਕੇਤ ਜਗਤ**

**ਕੇ ਈਸਾ ॥ ਪੁਹਪਨ ਬ੍ਰਿਸਟਿ ਗਗਨ ਤੇ ਭਈ ॥ ਸਭਹਿਨ ਆਨਿ ਬਧਾਈ ਦਈ ॥੩੭੫॥ਧੰਨਯ ਧੰਨਯ ਲੋਗਨ ਕੇ ਰਾਜਾ॥ ਦੁਸਟਨ ਦਾਹ ਗਰੀਬ ਨਿਵਾਜਾ ॥ ਅਖਲ ਭਵਨ ਕੇ ਸਿਰਜਨਹਾਰੇ ॥ ਦਾਸ ਜਾਨਿ ਮੁਹਿ ਲੇਹੁ ਉਬਾਰੇ ॥੩੭੬॥**

**ਅੱਗੇ ਰਹਰਾਸਿ ਵਿਚ ਪੜੀ ਜਾਂਦੀ ਚੌਪਈ : ਕਬਯੋ ਬਾਚ ਬੇਨਤੀ ॥ ਚੌਪਈ ॥**

(ਗ੍ਰੰਥ ਵਿਚ ਸਿਰਲੇਖ ਪਾ:੧੦ ਨਹੀ ਲਿਖਿਆ, ਪਰ ਗੁਟਕਿਆਂ ਵਿਚ ਮਨਮਤੀਆ ਨੇ ਕਿਵੇਂ ਲਿਖ ਦਿੱਤਾ ?) ਹਮਰੀ ਕਰੋ ਹਾਥ ਦੈ ਰਛਾ ॥ਪੂਰਨ ਹੋਇ ਚਿਤ ਕੀ ਇਛਾ ॥..॥੩੭੭॥ ਤੁਮਹਿ ਛਾਡਿ ਕੋਈ ਅਵਰ ਨ ਧਯਾਊਂ॥( ੧ੳੰ ਦਾ ਨਹੀ ਮਹਾਕਾਲ ਦਾ ਸਿਮਰਨ ਕਰਾਂ ! ਕਿਉਂ?) ॥੩੮੦॥.. 'ਕਾਲ' ਪਾਇ ਬ੍ਰਹਮਾ ਬਪੁ ਧਰਾ ॥ 'ਕਾਲ' ਪਾਇ ਸ਼ਿਵ ਜੂ ਅਵਤਰਾ॥ 'ਕਾਲ' ਪਾਇ ਕਰਿ ਬਿਸਨ ਪ੍ਰਕਾਸਾ ॥ ਸਕਲ 'ਕਾਲ' ਕਾ ਕਿਯਾ ਤਮਾਸਾ ॥ ੩੮੩॥**(ਕੰਨਾਂ ਦੀ ਮੈਲ ਨਾਲ ਸੰਸਾਰ-ਰੂਪੀ ਤਮਾਸ਼ੇ ਦਾ ਕਰਤਾ ਕਾਲ,ਮਹਾਕਾਲ ਹੈ)**

.... ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੁ ਸਮਝਿਯਹੁ ਹਮਾਰਾ ॥ ੩੮੫ ॥ ...... ਨਿਰੰਕਾਰ ਨਿਰਬਿਕਾਰ ਨ੍ਰਿਲੰਭ ॥ ਆਦਿ ਅਨੀਲ ਅਨਾਦਿ ਅਸੰਭ ॥..॥੩੯੧॥ ( ਅਕਾਲ-ਪੁਰਖੀ ਗੁਣ ਦੇਹਧਾਰੀ ਮਹਾਕਾਲ ਲਈ ? ਸਿਖ ਕੌਮ ਏਥੇ ਭੁਲੇਖਾ ਖਾ ਗਈ )... ॥ ਏਕੈ ਰੂਪ ਅਨੂਪ ਸਰੂਪਾ॥ ਰੰਕ ਭਯੋ ਰਾਵ ਕਹੀ ਭੂਪਾ ॥..॥੩੯੪॥( ਇਹੀ ਪੰਕਤੀਆਂ ਪੰਨਾ ੧੫੮ ਤੇ'ਕਾਲ ਰੂਪ ਭਗਵਾਨ' ਲਈ ਲਿਖੀਆਂ ਹਨ)....॥ ਆਦਿ ਜੁਗਾਦਿ ਸਰੂਪ ਸੁਯੰਭਵ ॥੩੯੫॥ (ਸਿਖੀ ਦੇ ਮੂਲ-ਮੰਤਰ ਅਤੇ ਜਪੁ-ਬਾਣੀ ਦੇ ਉਲਟ ਮਹਾਕਾਲ ਲਈ ? ) ਜੇ ਅਸਿਧੁਜ ਤਵ ਸਰਨੀ ਪਰੇ ॥ ਤਿਨਕੇ ਦੁਸਟ ਦੁਖਿਤ ਹੈ ਮਰੇ ॥..॥੩੯੭॥.. 'ਖੜਗਕੇਤ' ਮੈ ਸਰਨਿ ਤਿਹਾਰੀ ॥ ਆਪੁ ਹਾਥ ਦੈ ਲੇਹੁ ਉਬਾਰੀ ॥ਸਰਬ ਠੌਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥੪੦੧॥ **ਕ੍ਰਿਪਾ ਕਰੀ ਹਮ ਪਰ 'ਜਗਮਾਤਾ' (ਦੁਰਗਾ) ॥** ਗ੍ਰੰਥ ਕਰਾ ਪੂਰਨ ਸੁਭਰਾਤਾ ॥...॥੪੦੨॥ **ਸ੍ਰੀ ਅਸਿਧੁਜ** ਜਬ ਭਏ ਦਇਆਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥..॥੪੦੩॥.. ॥(ਪੰਨਾ ੧੩੮੮).. **ਅਖੀਰ ਤੇ ਸਮਾਪਤੀ ਸੰਕੇਤ ਇਉਂ ਹੈ :-**

**ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਪਾਂਚ ਚਰਿਤ੍ਰ ਸਮਾਪਤਮਸਤੁ ਸੁਭਮਸਤੁ॥੪੦੫॥**

**ਇਹ ਚੌਪਈ ਮਹਾਕਾਲ / ਕਾਲ , ਜਿਸਨੂੰ ਲੜਾਈ ਕਰਦਿਆਂ ਪਸੀਨਾ ਵੀ ਆਉਂਦਾ ਹੈ ਅਤੇ ਕ੍ਰੋਧ ਵਿਚ ਆ ਕੇ ਸ਼ਸਤ੍ਰ ਲੈਕੇ ਲੜਦਾ ਹੈ, ਨੂੰ ਹੀ ਸੰਬੋਧਨ ਕਰਕੇ ਕਬਿ ਸ਼ਯਾਮ ਨੇ ਉਚਾਰੀ ਹੈ; ਗੁਟਕਿਆਂ ਵਿਚ ਸਿਰਲੇਖ ਨਾਲ ਪਾਤਸ਼ਾਹੀ ੧੦ ਕਿਸੇ ਪੰਥ-ਦੋਖੀ ਨੇ ਭੁਲੇਖਾ ਪਾਉਣ ਲਈ ਲਿਖਿਆ ਹੈ । ਮਹਾਕਾਲ ਦਾ ਅਰਥ 'ਵਾਹਿਗੁਰੂ' ਦਸਣ ਵਾਲੇ ਉਪਰ ਬਿਆਨ ਕੀਤੇ ਤ੍ਰਿਯਾ-ਚਰਿਤ੍ਰ ਨੰ: ੨੬੬ ਫਿਰ ਧਿਆਨ ਨਾਲ ਪੜ੍ਹਨ ; ਮਹਾਕਾਲ ਦਾ ਸਿਖ ਬਣਨ ਵਾਲੇ ਨੂੰ ਭੰਗ ਅਤੇ ਸ਼ਰਾਬ ਪਿਲਾ ਕੇ ਹੀ ਸਿਖ ਬਣਾਉਂਦੇ ਹਨ ।**

## ਇਸ ਤਰ੍ਹਾਂ ਪੂਰੇ ਗ੍ਰੰਥ ਵਿਚ ਇਸ਼ਟ ਦਾ ਸਰੂਪ ਮਹਾਕਾਲ-ਕਾਲਕਾ ਹੀ ਸਿਧ ਹੁੰਦਾ ਹੈ ।

**ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨ ਦੇਵੀ-ਦੇਵਤੇ ਪੂਜਣ ਦੀ ਇਜਾਜ਼ਤ ਦਿੰਦੀ ਹੈ ਅਤੇ ਨ ਹੀ ਕੋਈ ਨਸ਼ਾ ਵਰਤਣ ਦੀ । ਪਰ ਗੁਰੂ-ਦੋਖੀਆਂ ਅਤੇ ਪੰਥ-ਵਿਰੋਧੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ-ਪੂਜਕ, ਨਸ਼ੇ ਪਿਲਾਣ ਵਾਲਾ ਲਿਖਕੇ ਗੁਰੂ ਸਾਹਿਬ ਨੂੰ ਬਦਨਾਮ ਕਰਨ ਦੀ ਮਾੜੀ ਨੀਯਤ ਨਾਲ ਇਸ ਅਖਉਤੀ ਦਸਮ ਗ੍ਰੰਥ ਦੀ ਰਚਨਾ ਕਵੀਆਂ ਪਾਸੋਂ ਕਰਵਾਈ।ਪੰਡਿਤ ਸ਼੍ਰੀ ਵਾਈ. ਏਨ. ਝਾ., ਨਿਵਾਸੀ ਮਕਾਨ ਨੰ: ੬੧, ਟੋਬਰੀ ਮੁਹਲਾ , ਟਾਂਡਾ ਰੋਡ, ਜਲੰਧਰ ਸਿਟੀ (ਪੰਜਾਬ) ਦੀ ਲਿਖੀ ਪੁਸਤਕ ਮਹਾਕਾਲੀ ਉਪਾਸਨਾ ( ਪ੍ਰਕਾਸ਼ਕ ਅਮਿਤ ਪਾਕਿਟ ਬੁਕਸ, ਗਯਾਨ ਮਾਰਕਿਟ, ਨਜ਼ਦੀਕ ਚੌਂਕ ਅਡਾ ਟਾਂਡਾ, ਜਲੰਧਰ-੧੪੪੦੦੮) ਦੇ ਪੰਨਾ ੨੩ - ੨੪ ਤੇ ਛਪਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ 'ਦੁਰਗਾ ਔਰ ਮਹਾਕਾਲੀ ਜੀ ਕੇ ਉਪਾਸਕ' ਸਨ।**

**ਭਾਰਤ ਦੇ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੁਕੇਸ਼ਨ (C.B.S.E.) ਦੀ ਮੰਜ਼ੂਰਸ਼ੁਦਾ ਨੋਵੀਂ ਜਮਾਤ ਦੀ ਪੰਜਾਬੀ ਪੁਸਤਕ 'ਸਾਹਿਤ ਦੀਪਿਕਾ' , ਨਵੰਬਰ ੨੦੦੭ ਵਿਚ ਛਪੀ, ਦੇ ਪੰਨਾ ੧੧-੧੨ ਤੇ ਛਪੀ ਰਚਨਾ 'ਦੁਰਗਾ-ਮਹਿਖਾਸੁਰ ਯੁੱਧ' ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਦਰਸਾ ਕੇ ਅਖੀਰ ਤੇ ਸ਼ੇਰ ਤੇ ਬੈਠੀ ਦੁਰਗਾ ਦੀ ਤਸਵੀਰ ਛਾਪ ਕੇ ਗੁਰੂ ਹਰਕਿਸ਼ਨ ਪਬਲਿਕ ਸਕੂਲ ਦੇ ਸਿਖ ਬੱਚਿਆਂ ਨੂੰ ਪੜ੍ਹਾਇਆ ਜਾ ਰਿਹਾ ਹੈ ਕਿ 'ਗੁਰੂ ਗੋਬਿੰਦ ਸਿੰਘ ਜੀ ਦੇਵੀ ਦੁਰਗਾ ਦੇ ਉਪਾਸਕ ਸਨ'। ਐਸੀਆਂ ਲਿਖਤਾਂ ਅਤੇ ਪੁਸਤਕਾਂ ਦਾ ਗੁਰਸਿਖਾਂ ਨੂੰ ਅਤੇ ਸਿਖ-ਕਮੇਟੀਆਂ ਨੂੰ ਵਿਰੋਧ ਕਰਨਾ ਚਾਹੀਦਾ ਹੈ ।ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਸਾਏ ਧਰਮ 'ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥ (ਅੰਗ ੧੯੬)' ਮੁਤਾਬਕ ਗੁਰੂ ਗੋਬਿੰਦ ਸਿੰਘ ਸਾਹਿਬ ਪਾਰਬ੍ਰਹਮ ੧ੳੰ (ਨਿਰਾਕਾਰ ਪਰਮਾਤਮਾ) ਦੇ ਹੀ ਉਪਾਸਕ ਸਨ , ਨਾ ਕਿ ਮਹਾਕਾਲ-ਕਾਲਕਾ ਦੇ ।**

**ਗੁਰੂ ਸਾਹਿਬ ਦੀ ਬਖ਼ਸ਼ਿਸ਼ ਦਾ ਪਾਤਰ ਬਣਨ ਲਈ ਸਿਖ-ਕੌਮ ਸਾਰੇ ਗੁਰੂ-ਨਿੰਦਕ ਗ੍ਰੰਥਾਂ ਨੂੰ ਪਾਸੇ ਕਰ ਕੇ ਦਸਮ ਨਾਨਕ ਗੁਰੂ ਗੋਬਿੰਦ ਸਾਹਿਬ ਜੀ ਦੇ ਆਖਰੀ ਹੁਕਮ ਨੂੰ ਮੰਨ ਕੇ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਧੁਰ ਕੀ ਸਚੀ ਬਾਣੀ ਨਾਲ ਜੁੜੇ ।**

# ਇਸਤ੍ਰੀ ਬਾਰੇ ਵਿਚਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਤ੍ਰੀ ਨੂੰ ਹਰ ਮਨੁਖ ਦੀ, ਰਾਜੇ-ਮਹਾਰਾਜਿਆਂ ਦੀ ਵੀ ਜਨਨੀ ਦਸਕੇ ਵਡਿਆਇਆ ਗਿਆ ਹੈ । ਗੁਰੂ ਗ੍ਰੰਥ ਸਾਹਿਬ ਜੀ ਦਾ, ਵਾਰ ਆਸਾ ਵਿਚ, ਫ਼ੁਰਮਾਨ ਹੈ :-

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**
**ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥(ਅੰਗ ੪੭੩)**
**ਸਿਰਫ਼ ਪਰਮਾਤਮਾ ਹੀ ਹੈ ਜੋ ਕਿ 'ਸੈਭੰ' (ਆਪੀਨੈ੍ ਆਪੁ ਸਾਜਿਓ..) ਹੈ, ਇਸਤ੍ਰੀ ਤੋਂ ਨਹੀ ਜੰਮਿਆ।**

ਪਰ ਬਚਿਤ੍ਰ ਨਾਟਕ ਗ੍ਰੰਥ / ਅਖਉਤੀ ਦਸਮ ਗ੍ਰੰਥ ਵਿਚ ਇਸਤ੍ਰੀ ਬਾਰੇ ਵਿਚਾਰ ਹੇਠ ਲਿਖਤ ਹਨ, ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰੋਕਤ ਵਾਰ ਆਸਾ ਦੇ ਸ਼ਬਦ ਦੇ ਬਿਲਕੁਲ ਉਲਟ ਹਨ :-

ਪੰਨਾ ੮੨੩ ;- ਗੰਧ੍ਰਬ ਜੱਛ ਭੁਜੰਗ ਗਨ ਨਰ ਬਪੁਰੇ ਕਿਨ ਮਾਹਿ ॥
ਦੇਵ ਅਦੇਵ ਤ੍ਰਿਯਾਨ ਕੇ ਭੇਵ ਪਛਾਨਤ ਨਾਹਿ ॥
ਪੰਨਾ ੮੪੮ :- ਚੰਚਲਾਨ ਕੇ ਚਰਿਤ੍ਰ ਕੋ ਸਕਤ ਨ ਕੋਊ ਪਾਇ ॥
ਚੰਦ੍ਰ ਸੂਰ ਸੁਰ ਅਸੁਰ ਸਭ ਬ੍ਰਹਮ ਬਿਸਨ ਸੁਰ ਰਾਇ ॥
ਪੰਨਾ ੯੯੨ :- ਬ੍ਰਹਮ ਬਿਸਨ ਸੁਰ ਅਸੁਰ ਸਭ ਰੈਨਾਧਿਪ ਦਿਨਰਾਇ ॥
ਬੇਦ ਬਿਆਸ ਅਰੁ ਬੇਦ ਤ੍ਰਿਯ ਭੇਦ ਸਕੈ ਨਹਿ ਪਾਇ ॥
ਪੰਨਾ ੧੦੨੭ :- ਅਤਭੁਤ ਚਰਿਤ੍ਰ ਤ੍ਰਿਯਾਨ ਕੋ ਸਕਤ ਨ ਕੋਊ ਚੀਨ ॥
ਪੰਨਾ ੧੦੭੯ :- ਇੰਦ੍ਰ ਬਿਸਨ ਬ੍ਰਹਮਾ ਸਿਵ ਹੋਈ ॥ **ਤ੍ਰਿਯ ਚਰਿਤ੍ਰ ਤੇ ਬਚਤ ਨ ਕੋਈ ॥**
ਪੰਨਾ ੧੧੨੩ :- ਚੰਚਲਾਨ ਕੇ ਚਰਿਤ੍ਰ ਕੋ ਚੀਨਿ ਸਕਤ ਨਹਿ ਕੋਇ ॥
ਬ੍ਰਹਮ ਬਿਸਨ ਰੁਦ੍ਰਾਦਿ ਸਭ ਸੁਰ ਸੁਰਪਤਿ ਕੋਊ ਹੋਇ ॥
ਪੰਨਾ ੧੧੭੦ :- ਤਰੁਨਿਨ ਕਰ ਹਿਯਰੋ ਨਹਿ ਦੀਜੈ ॥ ਤਿਨ ਕੋ ਚੋਰਿ ਸਦਾ ਚਿਤ ਲੀਜੈ ॥
ਤ੍ਰਿਯ ਕੋ ਕਛੁ ਬਿਸਵਾਸ ਨ ਕਰਿਯੈ॥ ਤ੍ਰਿਯ ਚਰਿੱਤ੍ਰ ਤੇ ਜਿਯ ਅਤਿ ਡਰਿਯੈ ॥
ਪੰਨਾ ੧੨੬੭ :- ਅੰਤ ਤ੍ਰਿਯਨ ਕੇ ਕਿਨੂੰ ਨ ਪਾਯੋ ॥ **ਬਿਧਨਾ ਸਿਰਜਿ ਬਹੁਰਿ ਪਛੁਤਾਯੋ ॥**
ਜਿਨ ਇਹ ਕਿਯੋ ਸਕਲ ਸੰਸਾਰੋ ॥ ਵਹੈ ਪਛਾਨਿ ਭੇਦ ਤ੍ਰਿਯ ਹਾਰੋ ॥
ਪੰਨਾ ੧੨੭੮ ;- ਇਨ ਇਸਤ੍ਰਿਨ ਕੇ ਚਰਿਤ ਅਪਾਰਾ ॥**ਸਜਿ ਪਛੁਤਾਨਯੋ ਇਨ ਕਰਤਾਰਾ ॥**
ਪੰਨਾ ੧੨੯੬ :- **ਤ੍ਰਿਯ ਕੋ ਚਰਿਤ ਨ ਬਿਧਨਾ ਜਾਨੈ** ॥ ਮਹਾ ਰੁਦ੍ਰ ਭੀ ਕਛੁ ਨ ਪਛਾਨੈ ॥
ਇਨਕੀ ਬਾਤ ਏਕ ਹੀ ਪਾਈ ॥ ਜਿਨ ਇਸਤ੍ਰੀ ਜਗਦੀਸ ਬਨਾਈ ॥
ਪੰਨਾ ੧੩੫੧ :- ਚੰਚਲਾਨ ਕੇ ਚਰਿਤ ਅਪਾਰਾ ॥ **ਚਕ੍ਰਿਤ ਰਹਾ ਕਰਿ ਕਰਿ ਕਰਤਾਰਾ ॥**

**ਇਹਨਾਂ ਅੰਦਰਲੇ ਪ੍ਰਮਾਣਾਂ ਤੋਂ ਸਾਫ਼ ਜ਼ਾਹਿਰ ਹੁੰਦਾ ਹੈ** ਕਿ ਇਸਤ੍ਰੀ ਨੂੰ ਸਾਜ ਕੇ ਕਰਤਾਰ ਭੀ ਪਛਤਾਯਾ!? ਮਨੁਖ ਵਿਚਾਰਾ ਤਾਂ ਕੀ, ਇੰਦਰ,ਵਿਸ਼ਨੂੰ,ਬ੍ਰਹਮਾ,ਸ਼ਿਵ ਆਦਿਕ ਦੇਵਤੇ ਵੀ ਇਸਤ੍ਰੀ ਦੇ ਮਨ ਦੇ ਭੇਦ ਨਹੀ ਜਾਣ ਸਕੇ । ਇਸਤ੍ਰੀਆਂ ਦਾ ਇਤਬਾਰ ਨ ਕਰਯੋ, ਇਹਨਾਂ ਤੋਂ ਡਰ ਕੇ ਰਹਿਣਾ। ਲਿਖਾਰੀ ਨੇ ਸਰਬ-ਸਮਰਥ ਕਰਤਾਰ ਨੂੰ ਵੀ ਇਸਤ੍ਰੀ ਦੇ ਸਾਮ੍ਹਣੇ ਅਸਮਰਥ ਸਿਧ ਕਰ ਦਿੱਤਾ । **ਇਸ ਦਾ ਆਧਾਰ ਸ਼ਿਵ ਪੁਰਾਣ (ਪੰਨਾ ੫੮੧, ਇਸਤ੍ਰੀਆਂ ਦੇ ਚਰਿਤ੍ਰ) ਵਿਚ ਲਿਖੀ ਨਾਰਦ ਅਤੇ ਪੰਚਚੂੜਾ (ਇਕ ਅਪਸਰਾ) ਦੀ ਵਾਰਤਾਲਾਪ ਹੈ ।** ਯਕੀਨਨ ਇਸ ਗ੍ਰੰਥ ਦੇ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਨਹੀ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਮਤਿ ਵਿਚਾਰਧਾਰਾ ਨਾਲ ਇਸਤ੍ਰੀ ਪ੍ਰਤੀ ਬਚਿਤ੍ਰ ਨਾਟਕ ਗ੍ਰੰਥ / ਅਖਉਤੀ ਦਸਮ ਗ੍ਰੰਥ ਦੀ ਵਿਚਾਰਧਾਰਾ ਉੱਕਾ ਹੀ ਮੇਲ ਨਹੀ ਖਾਂਦੀ।

**ਜ਼ਾਹਿਰ ਹੈ ਅਖੌਤੀ ਦਸਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਰੋਧੀ ਗ੍ਰੰਥ ਹੈ ; ਤਿਆਗਣ ਯੋਗ ਹੈ।**

# ਅਸ਼ਲੀਲ ਸ਼ਬਦਾਵਲੀ ਦੇ ਕੁਝ ਅੰਸ਼

**ਅਸ਼ਲੀਲਤਾ, ਨਸ਼ਾ ਪ੍ਰਚਾਰ ਕਰਨ ਵਾਲੀਆਂ ਅਤੇ ਆਚਰਨ-ਹੀਣਤਾ ਸਿਖਾਉਣ ਵਾਲੀਆਂ ਰਚਨਾਂਵਾਂ :-**
ਪੰਨਾ ੪੯ :- ਪ੍ਰੀਤ ਕੀਏ ਪ੍ਰਭ ਪਾਯਤ ਹੈ ਕਿਰਪਾਲ ਨ ਭੀਜਤ 'ਲਾਂਡ ਕਟਾਏ'॥ (ਕਾਲ ਉਸਤਤਿ..)

ਪੰਨਾ ੧੦੧੭ :- ਵਾ ਕੋ ਧਾਮ ਬੁਲਾਵਨ ਕੀਨੋ ॥ ਭਾਂਤਿ ਭਾਂਤਿ ਸੋ ਆਸਨ ਦੀਨੋ ॥੨॥ ਤਾਹਿ ਕੇਸ਼-ਅਰਿ ਬਕਤ੍ਰ ਲਗਾਯੋ ॥ ਸਭ ਕੇਸਨ ਕੋ ਦੂਰ ਕਰਾਯੋ ॥੩॥ ਚਿਮਟਿ ਚਿਮਟਿ ਤਾਂ ਸੋ ਲਪਟਾਈ ॥ ਮਨ ਮਾਨਤ ਤ੍ਰਿਯ ਕੇਲ ਕਮਾਈ ॥੪॥ (ਧਾਮ=ਘਰ ; ਕੇਸ਼-ਅਰਿ-ਬਕਤ੍ਰ = ਕੇਸ ਨਾਸ਼ਕ ਤੇਲ ; ਕੇਲ = ਕਾਮ ਖੇਡਾਂ) ..ਸਿੱਖੀ ਦੀ ਪਹਿਚਾਨ ਕੇਸਾਂ ਤੇ ਹਮਲਾ।

ਪੰਨਾ ੧੦੪੦ :- ਮੋ ਸੋ ਭੋਗ ਮੀਤ ਅਬ ਕਰੀਯੈ ॥ ਯਾ ਚਿੰਤਾ ਤੈ ਨੈਕ ਨ ਡਰੀਯੈ ॥ ਪਕਰਿ ਮੀਤ ਅਪਨੇ ਉਪਰਿ ਲਯੋ ਚੜ੍ਹਾਇ ॥ ਤਾਂ ਸੋਂ ਰਤਿ ਮਾਨਤ ਭਈ ਲਪਟਿ ਲਪਟਿ ਸੁਖ ਪਾਇ ॥੧੫॥(ਨੈਕ=ਥੋੜਾ ਜਿੰਨਾ ਵੀ ;ਰਤਿ =ਕਾਮ ਕ੍ਰੀੜਾ )

ਪੰਨਾ ੧੨੬੭ :- ਕੈ ਤਹਿ ਕਾਟਿ ਕਰੈ ਸਤ ਖੰਡਾ ॥ ਕੈ ਦੈ ਮੋਰਿ 'ਭਗ' ਬਿਖੈ 'ਲੰਡਾ' ॥
( ਭਗ = ਇਸਤ੍ਰੀ ਗੁਪਤ ਅੰਗ ; ਲੰਡਾ = ਮਰਦ ਗੁਪਤ ਅੰਗ )

ਪੰਨਾ ੧੨੮੧ :- ਰੈਨਿ ਸਕਲ ਤਿਨ ਤਰੁਨਿ ਬਜਾਈ ॥ਭਾਂਤਿ ਭਾਂਤਿ ਕੇ ਸਾਥ ਹੰਢਾਈ ॥
ਆਸਨ ਕਰੇ ਤਰੁਨਿ ਬਹੁ ਹਾਰਾ ॥ ਚੁੰਬਨਾਦਿ ਨਖ ਘਾਤ ਅਪਾਰਾ ॥ (ਕੁਆਰੀਆਂ ਲੜਕੀਆਂ ਨੂੰ ਗਲਤ ਸਿਖਿਆ)
(ਤਰੁਨਿ = ਕੁਆਰੀ ਲੜਕੀ ; ਬਜਾਈ = ਭੋਗ ਕੀਤਾ ; ਨਖ ਘਾਤ = ਨਹੁੰਆਂ ਨਾਲ ਜ਼ਖ਼ਮ )

ਪੰਨਾ ੧੩੧੯ :- ਪੋਸਤ ਭਾਂਗ ਅਫ਼ੀਮ ਮੰਗਾਵਹਿ ॥ ਏਕ ਸੇਜ ਦੋਊ ਬੈਠ ਚੜਾਵਹਿ ॥ਕੈਫ਼ਹਿ ਹੋਤ ਰਸਮਸੇ ਜਬਹੀ ॥ ਕ੍ਰੀੜਾ ਕਰਤ ਦੋਊ ਮਿਲਿ ਤਬ ਹੀ ॥ਭਾਂਤਿ ਭਾਂਤਿ ਤਨ ਆਸਨ ਲੈ ਕੇ ॥ ਚੁੰਬਨ ਔਰ ਆਲਿੰਗਨ ਕੈ ਕੇ ॥
(ਕੈਫ਼ਹਿ = ਸ਼ਰਾਬ; ਰਸਮਸੇ = ਮਸਤ), ............... ਅਰਥਾਤ ਨਸ਼ੇ ਵਿਭਚਾਰ ਤੋਂ ਮਨਾਹੀ ਨਹੀ ।

ਪੰਨਾ ੧੩੪੨ :- ਪ੍ਰਥਮ ਜਾਰ ਜਬ ਧਕਾ ਲਗਾਯੋ ॥ ਤਬ ਰਾਨੀ ਲੈ ਢੋਲ ਬਜਾਯੋ ॥ ਜਬ ਤਿਹ 'ਲਿੰਗ' ਸੁ 'ਭਗ' ਤੇ ਕਾਢਾ ॥ ਤ੍ਰਿਯ ਦਿਲ ਢੋਲ ਢਮਾਕਾ ਗਾਢਾ ॥ ......... (ਭਗ=ਇਸਤ੍ਰੀ ਅੰਗ ; ਲਿੰਗ=ਮਰਦ ਅੰਗ)

ਪੰਨਾ ੧੩੫੮ ; ਚਰਿਤ੍ਰੋ ਪਾਖਯਾਨ / ਤ੍ਰਿਯਾ ਚਰਿਤ੍ਰ ਨੰ: ੪੦੨ :- ਪੋਸਤ ਭਾਂਗ ਅਫ਼ੀਮ ਖਿਲਾਇ॥ ਆਸਨ ਤਾਂ ਤਰ ਦੀਯੋ ਬਨਾਇ ॥ ਚੁੰਬਨ ਰਾਇ ਆਲਿੰਗਨ ਲਏ॥ 'ਲਿੰਗ' ਦੇਤ ਤਿਹ 'ਭਗ' ਮੋ ਭਏ ॥੨੩॥'ਭਗ' ਮੋ 'ਲਿੰਗ' ਦੀਯੋ ਰਾਜਾ ਜਬ॥ ਰੁਚਿ ਉਪਜੀ ਤਰੁਨੀ ਕੇ ਜਿਯ ਤਬ॥ ਲਪਟਿ ਲਪਟਿ ਆਸਨ ਤਰਿ ਗਈ॥ ਚੁੰਬਨ ਕਰਤ ਭੂਪ ਕੇ ਭਈ ॥੨੪॥ ਗਹਿ ਗਹਿ ਤਹਿ ਕੋ ਗਰੇ ਲਗਾਵਾ ॥ ਆਸਨ ਸੋਂ ਆਸਨਹਿ ਛੁਹਾਵਾ ॥ ਅਧਰਨ ਸੋਂ ਦੋਊ ਅਧਰ ਲਗਾਈ ॥ ਦੁਹੂੰ ਕੁਚਨ ਸੋਂ ਕੁਚਨ ਮਿਲਾਈ ॥੨੫॥ (ਅਧਰ=ਹੋਠ ; ਕੁਚਨ=ਛਾਤੀਆਂ)

ਐਸੀਆਂ ਅਨੇਕਾਂ ਹੋਰ ਪੰਕਤੀਆਂ ਸ਼ਯਾਮ ਕਵਿ ਅਤੇ ਰਾਮ ਕਵਿ ਰਚਿਤ ਇਸ ਸ਼ਾਕਤ-ਮਤੀਏ ਅਖਉਤੀ ਦਸਮ ਗ੍ਰੰਥ ਵਿਚ ਪੰਨਾ ੮੦੯ ਤੋਂ ਪੰਨਾ ੧੩੮੮ ਤਕ ਅਰਥਾਤ ੫੮੦ ਪੰਨੇ (੪੦੫ ਨੰਬਰ ਤਕ ਦੇ ਚਰਿਤ੍ਰੋ ਪਾਖਯਾਨਾਂ ਅਤੇ ਹਿਕਾਇਤਾਂ ਵਿਚੋਂ) ਪਾਠਕ ਖੁਦ ਪੜ ਸਕਦੇ ਹਨ । ਅਰਥ ਸਮਝਣ ਲਈ ਡਾ: ਰਤਨ ਸਿੰਘ ਜੱਗੀ ਦਾ ਪੰਜ ਪੋਥੀਆਂ ਵਿਚ ਕੀਤਾ ਟੀਕਾ ਪੜਿਆ ਜਾ ਸਕਦਾ ਹੈ ।

ਸ਼ਾਕਤ-ਮਤੀਏ ਇਤਨੇ ਬੇਸ਼ਰਮ ਲੋਗ ਹਨ ਕਿ ਦੇਵੀ-ਉਸਤਤਿ ਕਰਦਿਆਂ ਵੀ ਭਗ (ਇਸਤ੍ਰੀ ਗੁਪਤ ਅੰਗ) ਅਤੇ ਲਿੰਗ (ਮਰਦ ਗੁਪਤ ਅੰਗ) ਲਫ਼ਜ਼ਾਂ ਦੀ ਵਰਤੋਂ ਖੁੱਲੇ-ਡੁੱਲੇ ਹੋ ਕੇ ਕਰਦੇ ਹਨ। ਸਵਾਮੀ ਉਗ੍ਰ ਚੰਡੇਸ਼ਵਰ ਕਪਾਲੀ ਦੀ ਲਿਖੀ ਮਹਾਕਾਲੀ ਉਪਾਸਨਾ ਪੁਸਤਕ ਦੇ ਪੰਨਾ ੭੭ ਤੇ ਸ਼ਲੋਕ :-
ਲਿੰਗਸਥਾ ਲਿੰਗਨੀ ਲਿੰਗ-ਰੂਪਿਣੀ ਲਿੰਗ-ਸੁੰਦਰੀ ॥ ਲਿੰਗ-ਗੀਤਿ-ਮਹਾਪ੍ਰੀਤਾ ਭਗ-ਗੀਤਿ-ਮਹਾ-ਸੁਖਾ ॥
ਭਗ-ਲਿੰਗ-ਅੰਮ੍ਰਿਤ-ਪ੍ਰੀਤਾ ਭਗ ਲਿੰਗ ਸਵਰੂਪਿਣੀ ॥ਭਗ-ਲਿੰਗਸਯ ਰੂਪਾ ਚ ਭਗ-ਲਿੰਗ ਸੁਖਾਵਹਾ ॥

**ਅਸ਼ਲੀਲ ਸ਼ਬਦਾਂ ਵਾਲੀਆਂ ਰਚਨਾਂਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਨਹੀਂ ਹੋ ਸਕਦੀਆਂ।**

# ਬਚਿਤ੍ਰ ਨਾਟਕ ਗ੍ਰੰਥ / ਅਖਉਤੀ ਦਸਮ ਗ੍ਰੰਥ ਵਿਚ
# ਜ਼ਫਰਨਾਮਹ ਅਤੇ ਹਿਕਾਯਤਾਂ

**ਇਸ ਗ੍ਰੰਥ ਦੇ ਅਖੀਰ ਵਿਚ ਚਰਿਤ੍ਰ ਪਖਯਾਨ ਤੋਂ ਬਾਦ ਜ਼ਫ਼ਰਨਾਮਹ ਅਤੇ ੧੧ ਹਿਕਾਯਤਾਂ ਹਨ ।** ਜ਼ਫ਼ਰਨਾਮਹ ਦਾ ਨੰਬਰ ੧ ਲਿਖਿਆ ਹੈ ਅਤੇ ੧੧ਵੀਂ ਹਿਕਾਯਤ ਦੇ ਅਖੀਰ ਤੇ ( ਪੰਨਾ ੧੪੨੮ ) ਨੰਬਰ ੧੨ ਲਿਖਿਆ ਹੈ ।

ਪੰਨਾ ੧੩੮੯ ਤੇ ਜ਼ਫਰਨਾਮਹ ਦਾ ਮੰਗਲਾਚਰਨ **"੧ਓ ਹੁਕਮ ਸੱਤਿ ਸ੍ਰੀ ਵਾਹਿਗੁਰੂ ਜੀ ਕੀ ਫਤਹ॥"** ਬਿਲਕੁਲ ਨਵੇਕਲਾ ਹੀ ਮੰਗਲਾਚਰਨ ਹੈ। **ਹੁਕਮ ਸੱਤਿ** ਲਿਖਣਾ ਅਤੇ **ਫ਼ਤਹ ਨਾਲ ਸ੍ਰੀ** ਅੱਖਰ ਲਿਖਣਾ ਗੁਰ-ਮਰਯਾਦਾ ਨਹੀ । ਜ਼ਫਰਨਾਮਹ ਵਿਚ ਕੁਝ ਸ਼ੇਅਰ (ਨੰ: ੮੯,੯੦,੯੧,੯੨,੯੩) ਜ਼ਾਲਮ ਬਾਦਸ਼ਾਹ ਔਰੰਗਜ਼ੇਬ ਨੂੰ ਧਰਮੀ, ਚੰਗੀ ਜ਼ਮੀਰ ਵਾਲਾ, ਬਖ਼ਸ਼ਿਸ਼ਾਂ ਕਰਣ ਵਾਲਾ ਲਿਖ ਕੇ ਉਸਦੀ ਵਡਿਆਈ ਕਰ ਰਹੇ ਹਨ ਅਤੇ ਹੋਰ ਕਈ ਸ਼ੇਅਰਾਂ ਵਿਚ ਉਸਨੂੰ ਫ਼ਰੇਬੀ, ਜ਼ਾਲਮ ਮੱਕਾਰ ਆਦਿਕ ਲਿਖਦੇ ਹਨ । ਕੀ ਇਹ ਆਪਾ-ਵਿਰੋਧੀ ਖ਼ਿਆਲ ਦਸਮ ਨਾਨਕ ਜੀ ਨੇ ਲਿਖੇ ਹੋਣਗੇ ?

ਹਿਕਾਯਤਾਂ ਦੀ ਵਿਸ਼ਾ-ਵਸਤੂ ( **subject matter**) ਚਰਿਤ੍ਰੋ ਪਖਯਾਨ / ਤ੍ਰਿਯਾ ਚਰਿਤ੍ਰਾਂ ਨਾਲ ਹੂ-ਬ-ਹੂ ਮੇਲ ਖਾਂਦਾ ਹੈ। ਜਿਵੇਂ ਚਰਿਤ੍ਰੋ ਪਾਖਯਾਨ ਕਵਿ ਸ਼ਯਾਮ ਤੇ ਕਵਿ ਰਾਮ ਦੀ ਰਚਨਾ ( ਵੇਖੋ, ਸਪਸ਼ਟ ਲਿਖੀ ਕਵੀ-ਛਾਪ ) ਤਿਵੇਂ ਹੀ ਹਿਕਾਇਤਾਂ ਇਹਨਾਂ ਕਵੀਆਂ ਦੀ ਰਚਨਾ ਹਨ । ਹੇਠ ਲਿਖੇ ਨੁਕਤੇ ਖਾਸ ਤੌਰ ਤੇ ਨੋਟ ਕਰਨੇ ਜ਼ਰੂਰੀ ਹਨ :-
**( ੧ ) ਚਰਿਤ੍ਰ ਪਖਯਾਨ ਨੰ: ੨੬੭ (ਪੰਨਾ ੧੨੧੦) ਦੀ ਕਹਾਣੀ ਹਿਕਾਯਤ ਨੰ: ੫ (ਪੰਨਾ ੧੪੦੬) 'ਹਿਕਾਯਤ ਸ਼ੁਨੀਦਮ ਯਕੇ ਕਾਜ਼ੀਅਸ਼'**ਦੀ ਕਹਾਣੀ ਨਾਲ ਬਿਲਕੁਲ ਮੇਲ ਖਾਂਦੀ ਹੈ; ਸਿਰਫ਼ ਪਾਤਰਾਂ ਦੇ ਨਾਂ ਬਦਲ ਦਿੱਤੇ ਹਨ । ਹਿਕਾਯਤ ਦੀ ਕਹਾਣੀ ਸੰਖੇਪ ਵਿਚ ਇਸ ਤਰ੍ਹਾਂ ਹੈ :- ਇਕ ਕਾਜ਼ੀ...ਉਸਦੀ ਸੁੰਦਰ ਪਤਨੀ...ਇਕ ਸੁੰਦਰ ਨੌਜਵਾਨ ਰਾਜੇ ਸਬਲ ਸਿੰਘ ਨਾਲ ਵਿਆਹ ਦੀ ਇਛੁਕ...ਰਾਜੇ ਨੇ ਪਹਿਲੇ ਪਤੀ ਦਾ ਸਿਰ ਵੱਢ ਕੇ ਲਿਆਉਣ ਦੀ ਸ਼ਰਤ ਰਖੀ... ਸੁੱਤੇ ਪਤੀ ਦਾ ਸਿਰ ਵੱਢ ਲਿਆਈ...ਰਾਜਾ ਡਰ ਗਿਆ...ਇਨਕਾਰ ਕਰ ਦਿੱਤਾ..ਪਤੀ ਦਾ ਸਿਰ ਓਥੇ ਹੀ ਸੁਟ ਕੇ ਆ ਗਈ..ਪਤੀ ਦਾ ਕਤਲ ਕਿਸੇ ਕਰ ਦਿੱਤਾ, ਇਹ ਸ਼ੋਰ ਮਚਾ ਕੇ ਲੋਕ ਕੱਠੇ ਕੀਤੇ...ਰਸਤੇ ਵਿਚ ਲਹੂ ਦੇ ਨਿਸ਼ਾਨ ਰਾਜੇ ਤਕ ਲੈ ਗਏ... ਕਤਲ ਦਾ ਇਲਜ਼ਾਮ...ਬਾਦਸ਼ਾਹ ਜਹਾਂਗੀਰ ਅੱਗੇ ਪੇਸ਼ੀ.. ਬਾਦਸ਼ਾਹ ਦਾ ਫ਼ੈਸਲਾ- ਕਾਤਲ ਨਾਲ ਔਰਤ ਜੋ ਸਲੂਕ ਕਰਨਾ ਚਾਹੇ,ਕਰ ਸਕਦੀ ਹੈ... ਔਰਤ ਨੇ ਗਲ ਮੰਨਣ ਦੀ ਫਿਰ ਪੇਸ਼ਕਸ਼ ਕੀਤੀ,ਨਹੀ ਤਾਂ ਮੌਤ... ਰਾਜੇ ਨੇ ਗਲ ਮੰਨ ਲਈ... ਬਰੀ ਕਰਾ ਕੇ ਘਰ ਲੈ ਆਈ... ਅਧੀ ਰਾਤ ਯਾਰ ਰਾਜੇ ਨਾਲ ਸ਼ਹਰ ਛੱਡ ਗਈ ।
ਚਰਿਤ੍ਰੋ ਪਾਖਯਾਨ ਨੰ: ੨੬੭ ਦੀ ਕਹਾਣੀ ( ਪੰਨਾ ੧੨੧੦) :- ਰਾਜਾ ਰੂਪਸੈਨ...ਇਕ ਕਾਜ਼ੀ ਦੀ ਪਤਨੀ ਰਾਜੇ ਤੇ ਮੋਹਿਤ ... ਰਾਜੇ ਦੀ ਕਾਜ਼ੀ ਨੂੰ ਮਾਰਣ ਦੀ ਸ਼ਰਤ...ਸਿਰ ਕੱਟ ਲਿਆਈ...ਰਾਜਾ ਡਰ ਗਿਆ... ਕਟਿਆ ਸਿਰ ਬਰਾਮਦ ਹੋਣ ਤੇ ਰਾਜੇ ਤੇ ਕਤਲ ਦਾ ਦੋਸ਼...ਬਾਦਸ਼ਾਹ ਜਹਾਂਗੀਰ ਕੌਲ ਸ਼ਿਕਾਇਤ...ਮੌਤ ਤੋਂ ਡਰ ਕੇ ਰਾਜੇ ਨੇ ਸੁਲਹ ਕੀਤੀ...ਮੱਕੇ ਜਾਣ ਦਾ ਲੋਕਾਂ ਨੂੰ ਕਹਿ ਕੇ ਰਾਜੇ ਕੋਲ ਆ ਗਈ ।

**(੨) ਇਸੇ ਤਰ੍ਹਾਂ ਆਖਰੀ ਹਿਕਾਯਤ ਨੰ: ੧੨ (ਪੰਨਾ ੧੪੨੭) 'ਸ਼ੁਨੀਦਮ ਸੁਖ਼ਨ ਕੋਹ ਕੈਬਰ ਅਜ਼ੀਮ'** .....................
ਅਤੇ **ਚਰਿਤ੍ਰ ਪਾਖਯਾਨ ਨੰ: ੨੨੧ (ਪੰਨਾ ੧੧੩੧)** ; ਦੋਹਾਂ ਕਹਾਣੀਆਂ ਵਿਚ ਔਰਤ ਬੇਵਫ਼ਾ..ਯਾਰ ਨੂੰ ਮਾਰ ਕੇ ਪਤੀ ਸਾਹਮਣੇ ਸਚੀ ਬਣ ਗਈ..ਯਾਰ ਨੂੰ ਮਾਰ ਕੇ ਉਹਦਾ ਮਾਸ ਪਤੀ ਨੂੰ ਖੁਆ ਦਿੱਤਾ।

**(੩) ਹਿਕਾਯਤ ਨੰ:੧੨ ਦੇ ਅਖ਼ੀਰ ਤੇ ਲਿਖੇ ਸ਼ੇਅਰ :-**

ਬਿਦਿਹ ਸਾਕੀਯਾ ਸਾਗ਼ਰੇ ਸਬਜ਼ ਰੀ ॥ ਕਿ ਮਾ ਰਾ ਬਕਾਰਸਤ ਜੰਗ ਅੰਦਰੂੰ ॥੨੦॥
ਲਬਾਲਬ ਬਕੁਨ ਦਮ ਬਦਮ ਨੋਸ਼ ਕੁਨ ॥ ਗ਼ਮੇ ਹਰ ਦੁ ਆਲਮ ਫ਼ਰਾਮੋਸ਼ ਕੁਨ॥੨੧॥੧੨॥

**ਅਰਥਾਤ, ਹੇ ਸਾਕੀ! ਮੈਨੂੰ ਹਰੇ ਰੰਗ (ਦੀ ਸ਼ਰਾਬ) ਦਾ ਪਿਆਲਾ ਦੇ,ਜੋ ਮੈਨੂੰ ਜੰਗ ਵਿਚ ਲੋੜੀਂਦਾ ਹੈ।੨੦।ਉਹ ਪਿਆਲਾ ਕੰਢੇ ਤਕ ਭਰਿਆ ਹੋਵੇ ਜਿਸ ਨੂੰ ਮੈਂ ਹਰ ਵੇਲੇ ਪੀਂਦਾ ਰਹਾਂ ਅਤੇ ਦੋਹਾਂ ਜਹਾਨਾਂ ਦੇ ਗ਼ਮਾ ਨੂੰ ਭੁਲਾ ਦਿਆਂ ।੨੧।੧੨।**
ਇਸੇ ਮਜ਼ਮੂਨ ਤੇ ਹਿਕਾਯਤ ਨੰ: ੨ ਦਾ ਸ਼ੇਅਰ ਨੰ:੬੪, ਹਿਕਾਯਤ ਨੰ: ੩ ਦਾ ਸ਼ੇਅਰ ਨੰ: ੫੬ , ਹਿਕਾਯਤ ੪ ਸ਼ੇਅਰ ੧੩੮ ਅਤੇ ੧੩੯,ਹਿਕਾਯਤ ੫ ਸ਼ੇਅਰ ੫੦,ਹਿਕਾਯਤ ੬ ਸ਼ੇਅਰ ੪੩ , ਹਿਕਾਯਤ ੭ ਸ਼ੇਅਰ ੪੮ ਅਤੇ ੪੯ ,ਹਿਕਾਯਤ ੮ ਸ਼ੇਅਰ ੪੬ , ਹਿਕਾਯਤ ੯ ਦੇ ਸ਼ੇਅਰ ੪੩ ਅਤੇ ੪੪, ਹਿਕਾਯਤ ੧੦ ਦੇ ਸ਼ੇਅਰ ੧੭੮ ਅਤੇ ੧੭੯ , ਹਿਕਾਯਤ ੧੧ ਦਾ ਸ਼ੇਅਰ ੫੯ ਅਤੇ ੬੦ ਸ਼ਰਾਬ ਅਤੇ ਨਸ਼ੇ ਵਰਤਣ ਲਈ ਉਕਸਾਂਦੇ ਹਨ । **ਹਿਕਾਯਤ ੧੧ ਦਾ ਸ਼ੇਅਰ ੫੯ ਅਤੇ ੬੦:-**

ਬਿਦਿਹ ਸਾਕੀਯਾ ਸਾਗ਼ਰੇ ਕੋਕਨਾਰ ॥ ਦਰੇ ਵਕਤ ਜੰਗਸ਼ ਬਿਯਾਮਦ ਬ ਕਾਰ ॥੫੯॥
ਕਿ ਖੂਬਸਤ ਦਰ ਦਰ ਵਕਤ ਖ਼ਸਮ ਅਫ਼ਕਨੀ ॥ ਕਿ ਯਕ ਕੁਰਤਯਸ ਫ਼ੀਲ ਰਾ ਪੈਕਨੀ ॥੬੦॥੧੧॥

**ਅਰਥਾਤ, ਹੇ ਸਾਕੀ! ਮੈਨੂੰ ਪੋਸਤ ਦੇ ਡੋਡਿਆਂ ਦੀ ਸ਼ਰਾਬ ਦਾ ਪਿਆਲਾ ਬਖ਼ਸ਼ ਜੋ ਜੰਗ ਵੇਲੇ ਮੇਰੇ ਕੰਮ ਆ ਸਕੇ ॥੫੯॥ ਇਸਦਾ ਇਕ ਘੁਟ ਪੀ ਕੇ ਹਾਥੀ ਨੂੰ ਡੇਗਿਆ ਜਾ ਸਕਦਾ ਹੈ ॥੬੦॥੧੧॥**

**(੪) ਹਿਕਾਯਤਾਂ ਦੇ ਸ਼ੁਰੂ ਵਿਚ ਵਰਤੀ 'ਜਾਪ' ਰਚਨਾ ਵਿਚ ਲਿਖੀ ਸ਼ਬਦਾਵਲੀ :-**

ਹਿਕਾਯਤ ਨੰ: ੨ :- (ਪੰਨਾ ੧੩੯੪) **ਅਗੰਜੇ ਅਭੰਜੇ ਅਰੂਪੇ ਅਰੇਖ ॥ ਅਗਾਧੇ ਅਬਾਧੇ ਅਭਰਮੇ ਅਲੇਖ॥੧॥ ਅਰਾਗੇ ਅਰੂਪੇ ਅਰੇਖੇ ਅਰੰਗ ॥ ਅਜਨਮੇ ਅਬਰਨੇ ਅਭੂਤੇ ਅਭੰਗ ॥੨॥ ਅਛੇਦੇ ਅਭੇਦੇ ਅਕਰਮੇ ਅਕਾਮ ॥ ਅਖੇਦੇ ਅਭੇਦੇ ਅਭਰਮੇ ਅਭਾਮ ॥੩॥ ਅਰੇਖੇ ਅਭੇਖੇ ਅਲੇਖੇ ਅਭੰਗ ॥** ਖ਼ੁਦਾਵੰਦ ਬਖਸ਼ਿੰਦ ਹੇ ਰੰਗ ਰੰਗ ॥੪॥ ਹਿਕਾਯਤ ਸ਼ੁਨੀਦੇਮ ..

ਹਿਕਾਯਤ ਨੰ: ੪ :- **ਕਿ ਰੋਜ਼ੀ ਦਿਹੰਦ ਅਸਤੁ ਰਾਜ਼ਕ ਰਹੀਮ ॥** ਰਹਾਈ ਦਿਹੋ ਰਹਿਨੁਮਾਏ ਕਰੀਮ ॥੧॥

ਹਿਕਾਯਤ ਨੰ:੬ :- ਹਿਕਾਯਤ ਸ਼ੁਨੀਦੇਮ ਦੁਖ਼ਤਰ ਵਜ਼ੀਰ ॥ **ਕਿ ਹੁਸਨਲ ਜਮਾਲ ਅਸਤ** ਰਉਸ਼ਨ ਜ਼ਮੀਰ ॥੩॥

ਹਿਕਾਯਤ ਨੰ: ੭:- ਖ਼ੁਦਾਵੰਦ ਬਖ਼ਸ਼ਿੰਦਹੇ ਬੇਸ਼ੁਮਾਰ ॥**ਕਿ ਜ਼ਾਹਰ ਜ਼ਹੂਰ ਅਸਤ** ਸਾਹਿਬ ਦਿਯਾਰ ॥੧॥
ਤਬੀਅਤ ਬਹਾਲਸਤ **ਹੁਸਨਲ ਜਮਾਲ॥ਚੁ ਹੁਸਨਲ ਜਮਾਲੋ** ਫ਼ਜ਼ੀਲਤ ਕਮਾਲ ॥੨॥

ਹਿਕਾਯਤ ਨੰ:੮ :- ਹਿਕਾਯਤ ਸ਼ੁਨੀਦੇਮ ਸ਼ਾਹੇ ਅਜੰਮ ॥ **ਕਿ ਹੁਸਨਲ ਜਮਾਲ ਅਸਤੁ ਸਾਹਿਬ ਕਰੰਮ॥੩॥**

ਹਿਕਾਯਤ ਨੰ: ੧੦ :- ਕਿ ਨਾਮਸ਼ ਵਜ਼ੀਰਸਤ ਸਾਹਿਬ ਸ਼ਊਰ॥**ਕਿ ਸਾਹਿਬ ਦਿਮਾਗ ਅਸਤ ਜ਼ਾਹਰ ਜ਼ਹੂਰ ॥੪॥**
**ਕਿ** ਪਿਸਰੇ ਅਜ਼ਾਂ ਬੂਦ ਰਉਸ਼ਨ ਜ਼ਮੀਰ ॥ **ਕਿ ਹੁਸਨਲ ਜਮਾਲ ਅਸਤ ਸਾਹਿਬ ਅਮੀਰ ॥੫॥**

**ਉਪਰ ਲਿਖੇ ਨੁਕਤੇ (੧),(੨),(੩) ਤੋਂ ਸਾਫ਼ ਜ਼ਾਹਰ ਹੁੰਦਾ ਹੈ** ਕਿ ਲਿਖਾਰੀ ਚਰਿਤ੍ਰੋ ਪਾਖਯਾਨ ਲਿਖਣ ਵਾਲਾ ਵਿਕਾਰੀ, ਵਿਭਚਾਰੀ ਸੋਚ ਵਾਲਾ , ਨਸ਼ੇ ਵਰਤਣ ਵਾਲਾ ਕਵਿ ਸ਼ਯਾਮ ਜਾਂ ਉਸਦਾ ਸਾਥੀ ਕਵਿ ਰਾਮ ਹੈ । ਕ੍ਰਿਸ਼ਨਾਵਤਾਰ ਦੇ (ਪੰਨਾ ੪੯੭) ਕਾਲਜਮਨ ਬਧ ਅਧਿਆਇ ਵਿਚ ਕਵਿ ਸ਼ਯਾਮ ਫ਼ਾਰਸੀ ਵਿਚ ਸਵੈਯਾ ਲਿਖਦਾ ਹੈ :-

**ਸਵੈਯਾ॥ਜੰਗ ਦਰਾਇਦ ਕਾਲਜਮੰਨ ਬਗੋਇਦ ਕੀਮਨ ਫੌਜ ਕੋ ਸ਼ਾਹਮ॥ ਬਾ ਮਨ ਜੰਗ ਬੁਗੋ ਕੁਨ ਬਯਾ ਹਰਗਿਜ ਦਿਲ ਮੋ ਜਰਾ ਕੁਨ ਵਾਹਮ॥ ਰੋਜ ਮਯਾਂ ਦੁਨੀਆ ਅਫਤਾਬਮ 'ਸਯਾਮ' ਸ਼ਬੇ ਅਦਲੀ ਸਭ ਸ਼ਾਹਮ॥ਕਾਨ੍ਹ ਗੁਰੈਜੀ ਮਕੁਨ ਤੁ ਬਿਆ ਖੁਸਮਾਤੁਕੁ ਨੇਮ ਜਿ ਜੰਗ ਗੁਆਹਮ॥੧੯੧੭॥**

ਇਸ ਸਵੈਯੇ ਤੋਂ ਸਪਸ਼ਟ ਹੁੰਦਾ ਹੈ ਕਿ ਕਵਿ ਸਯਾਮ ਫ਼ਾਰਸੀ ਜ਼ਬਾਨ ਵਿਚ ਵੀ ਲਿਖਦਾ ਹੈ।

**ਉਪਰ ਲਿਖੇ ਨੁਕਤਾ (੪) ਵਿਚ ਦਰਸਾਈ ਸ਼ਬਦਾਵਲੀ 'ਜਾਪੁ' ਵਿਚ ਵੀ ਲਿਖੀ ਹੈ। ਸਵਾਲ ਪੈਦਾ ਹੁੰਦਾ ਹੈ ਕਿ 'ਜਾਪ' ਦੀ ਸ਼ਬਦਾਵਲੀ ਕਵਿ ਸ਼ਯਾਮ ਨੇ ਚੁਰਾਈ ਹੈ ਜਾਂ 'ਜਾਪ' ਕਵਿ ਸ਼ਯਾਮ ਦੀ ਰਚਨਾ ਹੈ ?**

**ਪੰਨਾ ੧ : ੧ਓ ਸਤਿਗੁਰ ਪ੍ਰਸਾਦਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹ ॥ ਜਾਪੁ ॥ ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥**

ਜਦੋਂ ਕੋਈ ਅੰਮ੍ਰਿਤ ਛਕਣ ਸਮੇਂ ਆਖਦਾ ਹੈ: 'ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ ॥ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥'
ਤਾਂ ਪੰਜ ਪਿਆਰੇ ਦਸਦੇ ਹਨ ਕਿ 'ਸ੍ਰੀ' ਅੱਖਰ ਹਟਾ ਕੇ ਫ਼ਤਹ ਗਜਾਈ ਜਾਵੇ । ਲਗਦਾ ਹੈ ਕਿ ਇਸ ਗ੍ਰੰਥ ਦਾ ਲਿਖਾਰੀ ਇਸ ਸਿਧਾਂਤ ਤੋਂ ਵਾਕਿਫ਼ ਨਹੀ।

**ਪਾਤਸ਼ਾਹੀ ੧੦ ਲਿਖੇ ਹੋਣ ਦੀ ਅਸਲੀਯਤ ਪੰਨਾ ੧੫੫ ਤੇ ਸਪਸ਼ਟ ਹੁੰਦੀ ਹੈ :** ੧ਓ ਵਾਹਿਗੁਰੂ ਜੀ ਕੀ ਫਤੇ ॥ **ਪਾਤਸ਼ਾਹੀ ੧੦॥** ਅਥ ਚੌਬੀਸ ਅਵਤਾਰ॥ ਚਉਪਈ॥ਅਬ ਚਉਬੀਸ ਉਚਰੋਂ ਅਵਤਾਰਾ॥ਜਿਹ ਬਿਧ ਤਿਨ ਕਾ ਲਖਾ ਅਪਾਰਾ॥ ਸੁਨੀਅਹੁ ਸੰਤ ਸਭੈ ਚਿਤ ਲਾਈ ॥ **ਬਰਨਤ 'ਸਯਾਮ' ਜਥਾ ਮਤ ਭਾਈ ॥੧ ॥**

**ਕਵਿ ਸਯਾਮ ਨੇ ਅਪਣੀ ਰਚਨਾ ਪ੍ਰਮਾਣੀਕ ਸਿਧ ਕਰਣ ਲਈ 'ਪਾਤਸ਼ਾਹੀ ੧੦' ਸਿਰਲੇਖ ਨਾਲ ਜੋੜ ਦਿੱਤਾ ਹੈ।**

**ਨਮੋ ਕਾਲ ਕਾਲੇ ॥..ਨਮੋ ਸਰਬ ਕਾਲੇ ॥** ......ਉਚਾਰਦਿਆਂ ਸੁਰਤਿ ਪੰਨਾ੭੩ ਦੀ ਪੰਕਤੀ ( ਇਸ਼ਟ ਦਾ ਸਰੂਪ) **'ਸਰਬਕਾਲ ਹੈ ਪਿਤਾ ਅਪਾਰਾ॥ ਦੇਬਿ ਕਾਲਕਾ ਮਾਤ ਹਮਾਰਾ॥' ਅਤੇ 'ਮਹਾਕਾਲ ਕਾਲਕਾ ਅਰਾਧੀ'** ਅਰਥਾਤ ਸ਼ਿਵ ਦੇ ਅਰਧ-ਨਾਰੀਸ਼ਵਰ ਰੂਪ ਵਿਚ ਜਾ ਜੁੜਦੀ ਹੈ;'੧ਓ ਸਤਿਨਾਮੁ' ਤੋਂ ਟੁਟ ਜਾਂਦੀ ਹੈ।ਫਿਰ 'ਜਾਪੁ' ਬਾਣੀ ਪੜ੍ਹੀਏ ਕਿ ਨ?

**ਸ਼ਿਵ ਦਾ ਸਹਸਤ੍ਰ-ਨਾਮਾ(੧੦੦੦ ਨਾਂ), ਦੇਵੀ-ਦੁਰਗਾ-ਉਸਤਤਿ ਦੇ ੭੦੦ ਸ਼ਲੋਕ** (ਦੁਰਗਾ ਸਪਤ-ਸ਼ਤੀ) ਧਿਆਨ ਨਾਲ ਪੜ੍ਹਨ ਤੋਂ ਬਾਦ ਇਉਂ ਲਗਦਾ ਹੈ ਕਿ ਜਾਪੁ ਬਾਣੀ ਵਿਚ ਇਹਨਾਂ ਨਾਂਵਾਂ ਵਿਚੋਂ ਕੁਝ ਨਾਂ (ਜਿਵੇਂ 'ਨਮੋ ਕਾਲ ਕਾਲੇ' ਦੀ ਪੰਕਤੀ ਸ਼ਿਵ ਪੁਰਾਣ ਵਿਚੋਂ **'ਅਥ ਸ਼ਿਵ ਭੁਜੰਗ ਪ੍ਰਯਾਤ ਸਤੋਤ੍ਰਮ'** ਵਿਚ **'ਕਾਲ ਕਾਲੇ ਨਮੋਸਤੁਤੇ ਅਤੇ 'ਨਮੋ ਲੋਕ ਮਾਤਾ' ਦੁਰਗਾ ਦੇ ਜਗਮਾਇ ਅਤੇ ਜਗਮਾਤਾ ਬੋਧਕ ਨਾਂ** ) ਦਰਜ ਕਰ ਦਿਤੇ ਹੋਣ। ਜੇ ਇਹ ਬਾਣੀ ਵਾਕਈ ਧੁਰ ਕੀ ਬਾਣੀ ਹੁੰਦੀ ਤਾਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਇਹ ਬਾਣੀ ਜ਼ਰੂਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੰਦੇ ।ਹੈਰਾਨੀ ਦੀ ਗਲ ਹੈ 'ਜਾਪੁ' ਵਿਚ ਜਾਂ ਇਸ ਗ੍ਰੰਥ ਦੀ ਕਿਸੇ ਰਚਨਾ ਵਿਚ ਕਿਤੇ ਨਾਨਕ ਪਦ ਨਹੀ ਲਿਖਿਆ (ਜੈਸਾ ਕਿ ਨੌਂ ਗੁਰੂ ਸਾਹਿਬਾਨ ਨੇ ਲਿਖਿਆ ਹੈ) । ਨਵੀਂ ਸ਼ੈਲੀ ਦੀ ਛੰਦਾ-ਬੰਦੀ, ਵਖਰੀ ਬੋਲੀ, ਸਿਧਾਂਤਕ ਮਤਭੇਦ ਪੈਦਾ ਕਰਨ ਵਾਲੀਆਂ ਰਚਨਾਂਵਾਂ, ਗੁਰੂ ਗ੍ਰੰਥ ਸਾਹਿਬ ਜੀ ਤੋਂ ਬੇਮੁਖ ਕਰਨ ਵਾਲਾ ਇਹ ਗ੍ਰੰਥ ਹੁਣ ਤਕ ਗੁਰਸਿਖਾਂ ਨੇ ਕਿਉਂ ਪਾਸੇ ਨਹੀ ਕੀਤਾ ।

**ਸਾਡਾ ਭਵਿਖ ਤਾਂ ਹੀ ਸੁਰਖਿਅਤ ਹੈ ਅਰਥਾਤ ਸਾਡੀ ਚੜ੍ਹਦੀ ਤਾਂ ਹੀ ਹੋਵੇਗੀ ਜੇ ਅਸੀ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਨ ਗੁਰੂ ਮੰਨੀਏ । ਗੁਰਬਾਣੀ ਹੀ ਸਾਡੀ ਰਹਤ ਮਰਯਾਦਾ ਹੈ। ਮੌਜੂਦਾ ਸਿਖ ਰਹਤ ਮਰਯਾਦਾ ਨੂੰ ਮੁੜ ਵੀਚਾਰ ਕੇ ਗੁਰਬਾਣੀ ਅਨੁਕੂਲ ਬਣਾਈਏ, ਜੋ ਪੂਰੇ ਪੰਥ ਤੇ ਇਕਸਾਰ ਲਾਗੂ ਹੋਵੇ ।**

## ਕਬਯੋ ਬਾਚ ਬੇਨਤੀ ॥ ਚੌਪਈ ॥ "ਹਮਰੀ ਕਰੋ ਹਾਥ ਦੈ ਰੱਛਾ॥"

# ਇਹ ਬੇਨਤੀ ਕਿਸ ਦੇ ਅੱਗੇ ?

**ਇਹ ਬੇਨਤੀ ਚੌਪਈ ਚਰਿਤ੍ਰੋ ਪਾਖਯਾਨ ਨੰਬਰ ੪੦੫ (ਪੰਨਾ ੧੩੫੯ ਤੋਂ ੧੩੮੮ ਤਕ) ਦੇ ਅਖੀਰ ਤੇ ਦਰਜ ਹੈ । ਇਹਨਾਂ ੩੦ ਪੰਨਿਆ ਤੇ ਕਿਤੇ ਵੀ ਪਾਤਸ਼ਾਹੀ ੧੦ ਨਹੀ ਲਿਖਿਆ ਹੋਇਆ । ਸਮਾਪਤੀ ਸੰਕੇਤ ਇਉਂ ਹੈ : 'ਇਤੀ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਪਾਂਚ ਚਰਿਤ੍ਰ ਸਮਾਪਤਮਸਤੁ ਸੁਭਮਸਤ ॥੪੦੫ ।੭੫੫੫॥ ਅਫਜੂੰ ॥' ਇਸ ਬੇਨਤੀ ਚੋਪਈ ਵਿਚ ਲਿਖੇ ਕਾਲ, ਅਸਿਧੁਜ, ਖੜਗਕੇਤ ਦੇ ਅਰਥ ਪੂਰੀ ਗਹਰਾਈ ਨਾਲ ਸਮਝਣ ਲਈ ਤ੍ਰਿਯਾ ਚਰਿਤ੍ਰ ਅਥਵਾ ਚਰਿਤ੍ਰੋ ਪਾਖਯਾਨ ਨੰਬਰ ੧ , ਨੰਬਰ ੨੬੬ ਅਤੇ ਨੰਬਰ ੪੦੫ ਧਿਆਨ ਨਾਲ ਪੜ੍ਹਨੇ ਜ਼ਰੂਰੀ ਹਨ ।**

**ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਦੀ ਪੁਸਤਕ ਨਿਤਨੇਮ ਸਰਲ ਸਟੀਕ** (ਅਪ੍ਰੈਲ ੨੦੦੩) ਦੇ ਪੰਨਾ ੨੧੪ ਤੋਂ ੨੩੧ ਤਕ ਇਸ ਬੇਨਤੀ ਚੌਪਈ ਦੇ ਅਰਥ ਮੂਲ-ਪਾਠ-ਸਹਿਤ ਲਿਖੇ ਹਨ।ਪੰਨਾ ੨੧੪ ਤੇ ਲਿਖਿਆ ਸਿਰਲੇਖ "ੴ ਵਾਹਿਗੁਰੂ ਜੀ ਕੀ ਫਤਿਹ ॥ ਪਾ : ੧੦" ਇਸ ਗ੍ਰੰਥ ਦੇ ੪੦੫ਵੇਂ ਚਰਿਤ੍ਰ ਦੇ ੩੦ ਪੰਨਿਆਂ ਵਿਚ ਕਿਤੇ ਨਹੀ ਲਿਖਿਆ ; ਜੋਗਿੰਦਰ ਸਿੰਘ ਜੀ ਨੇ ਆਪਣੇ ਕੋਲੋਂ ਲਿਖੇ ਹਨ, ਕਿਉਂ ? 'ਕਬਯੋ ਬਾਚ' ਨੂੰ 'ਕਬਿਯੋ ਬਾਚ' ਲਿਖਿਆ ਹੈ । ਜਿਸ ਪੰਕਤੀ ਵਿਚ ਅਸਿਧੁਜ, ਕਾਲ , ਖੜਗਕੇਤ ਨਾਮ ਲਿਖੇ ਹਨ ਉਸ ਪੰਕਤੀ ਵਿਚ ਅਰਥ **'ਹੇ ਮਹਾਕਾਲ ਜੀ !' ਲਿਖੇ ਹਨ, ੪੦੫ਵੇਂ ਚਰਿਤ੍ਰ ਦੇ ਪ੍ਰਕਰਣ ਅਨੁਸਾਰ ਠੀਕ ਕੀਤੇ ਹਨ ; ਪਰ ਕਈ ਥਾਂਈਂ ਅਕਾਲ ਪੁਰਖ ਜੀਉ! , ਹੇ ਪਰਮ ਪੁਰਖ ਜੀਉ ! ਪ੍ਰਕਰਣ ਨਜ਼ਰ-ਅੰਦਾਜ਼ ਕਰਕੇ ਠੀਕ ਨਹੀਂ ਲਿਖੇ।** ਅਖੀਰ ਤੇ ਪੰਨਾ ੨੩੧ ਤੇ ਲਿਖੇ ਸਪੱਸ਼ਟੀਕਰਣ ਦਾ ਆਧਾਰ ਕੀ ਹੈ, ਜੋ ਕਿ ਬਹੁਤ ਜ਼ਰੂਰੀ ਹੈ, ਲਿਖਿਆ ਹੀ ਨਹੀ **ਸਪੱਸ਼ਟੀਕਰਣ ਇਉਂ ਲਿਖਿਆ ਹੈ :- ਇਸ ਬਾਣੀ ਦੇ ਅਰਥਾਂ ਵਿਚ 'ਕਾਲ' ਦਾ ਅਰਥ 'ਮਹਾ ਕਾਲ' ਕੀਤਾ ਗਿਆ ਹੈ।ਇਹ 'ਮਹਾ ਕਾਲ' ਕਾਲ ਦੇ ਨਾਲ, ਅਕਾਲ ਪੁਰਖ ਦਾ ਵਾਚਕ ਹੈ, ਕਿਸੇ ਮਿਥਿਹਾਸਿਕ ਮਹਾ ਕਾਲ ਦਾ ਵਾਚਕ ਨਹੀ ।**
ਇਸ ਹਥਲੇ ਲੇਖ ਦਾ ਮੰਤਵ ਇਹ ਵੇਖਣਾ ਹੈ ਕਿ ਇਹ ਸਪਸ਼ਟੀਕਰਣ ਠੀਕ ਹੈ ਜਾਂ ਗੁਰਮਤਿ ਵਿਰੁਧ ।

ਮਹਾਕਾਲ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਕ ਸ਼ਬਦ **'ਰਾਮਕਲੀ ਮਹਲਾ ੫, ਅੰਗ ੮੯੫' ਵਿਚ ਆਉਂਦਾ ਹੈ : ਜਪਿ ਗੋਬਿੰਦੁ ਗੋਪਾਲ ਲਾਲੁ ॥ ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾਕਾਲੁ ॥** ਅਰਥਾਤ, ਗੁਰਸਿਖ ਨੇ ਗੋਬਿੰਦ ਨਿਰਾਕਾਰ ਰਾਮ ਦਾ (ਸਤਿਨਾਮ ਵਾਹਿਗੁਰੂ) ਨਾਮ ਸਿਮਰ ਕੇ ਮਹਾਕਾਲ ਨਾਮਕ ਮੌਤ ਦੇ ਫ਼ਰਿਸ਼ਤੇ ਦੇ ਭੈ ਤੋਂ ਮੁਕਤ ਹੋਣਾ ਹੈ। ਇਸ ਸ਼ਬਦ ਦੀ ਵਿਆਖਿਆ ਇਸੇ ਪੁਸਤਕ ਵਿਚ ਪੜ੍ਹੋ ਜੀ ।

**ਮਹਾਕਾਲ ਦਾ ਜ਼ਿਕਰ ਇਕ ਬ੍ਰਾਹਮਣੀ-ਗ੍ਰੰਥ ਸ਼ਿਵ ਪੁਰਾਣ ਵਿਚ ਆਉਂਦਾ ਹੈ** ਜਿਸ ਵਿਚ ਦਵਾਦਸ਼ਲਿੰਗੰ ਦੀ ਕਥਾ ਮੁਤਾਬਕ ਲਿੰਗ ਦੇ ੧੨ ਟੁਕੜੇ ਹੋ ਕੇ ਧਰਤੀ ਤੇ ਡਿੱਗੇ ; ਜੋ ਟੁਕੜਾ ਮੱਧ ਪ੍ਰਦੇਸ਼ ਦੇ ਉਜੈਨ ਸ਼ਹਰ ਵਿਚ ਡਿੱਗਾ, ਉਥੇ ਮਹਾਕਾਲ ਦਾ ਮੰਦਿਰ ਬਣਾ ਦਿਤਾ ਗਿਆ । ਜੋ ਮੂਰਤੀ ਉਸ ਮੰਦਿਰ ਵਿਚ ਸਥਾਪਤ ਕੀਤੀ ਗਈ ਹੈ ਉਸਦਾ ਸਰੂਪ ਬਚਿਤ੍ਰ ਨਾਟਕ ਗ੍ਰੰਥ ਦੇ ਪੰਨਾ ੮੧੦ (ਚਰਿਤ੍ਰ ੧) ਤੇ ਦਰਜ ਹੈ ਤੇ ਇਸੇ ਲੇਖ ਵਿਚ **'ਮੁੰਡ ਕੀ ਮਾਲ..'**ਅਗਲੇ ਪੰਨਿਆਂ ਵਿਚ ਲਿਖਿਆ ਹੈ । ਪੂਰੇ ਬਚਿਤ੍ਰ ਨਾਟਕ ਗ੍ਰੰਥ ਵਿਚ ਮਹਾਕਾਲ-ਕਾਲਕਾ ਹੀ ਇਸ਼ਟ ਵਜੋਂ ਛਾਇਆ ਹੋਇਆ ਹੈ। ਖ਼ਾਸ ਨੋਟ ਕੀਤਾ ਜਾਵੇ ਮਹਾਕਾਲ ਨੂੰ ਗੁਰੂ ਮੰਨਣ ਵਾਲੇ ਨੂੰ ਭੰਗ ਤੇ ਸ਼ਰਾਬ ਜ਼ਰੂਰ ਪੀਣੀ ਪੈਂਦੀ ਹੈ (ਚਰਿਤ੍ਰ ਨੰ :੨੬੬) । **ਇਸੇ ਭੰਗ-ਸ਼ਰਾਬ-ਖ਼ੂਨ ਪੀਣੇ ਮਹਾਕਾਲ ਦਾ ਜ਼ਿਕਰ ਦੇਵੀ-ਦੇਵਤਿਆਂ ਨਾਲ ਜੋੜਨ ਵਾਲੇ ਗ੍ਰੰਥ ਸਰਬਲੋਹ ਗ੍ਰੰਥ ਵਿਚ ਵੀ ਆਉਂਦਾ ਹੈ।** ਇਹੀ ਕਾਰਣ ਹੈ ਅਜ ਨਿਹੰਗ ਸਿਖ ਭੰਗ-ਸ਼ਰਾਬ ਛਕਦੇ ਹਨ ਅਤੇ ਹਜ਼ੂਰ ਸਾਹਿਬ,ਨਾਂਦੇੜ ਗੁਰਦੁਆਰੇ ਵਿਚ ਬਕਰੇ ਦੀ ਬਲੀ ਚੜ੍ਹਦੀ ਹੈ ਜੋ ਕਿ ਸਰਾਸਰ ਗੁਰਮਤਿ ਵਿਰੁੱਧ ਹੈ ।

**ਬਚਿਤ੍ਰ ਨਾਟਕ ਗ੍ਰੰਥ ਵਿਚ ਪੰਨਾ ਨੰਬਰ ੮੦੯ ਤੋਂ ੧੩੮੮ ਤਕ ਦਰਜ ਚਰਿਤ੍ਰੋ ਪਾਖਯਾਨਾਂ** ਦੀ ਸ਼ੁਰੂਆਤ ਦੇਵੀ ਦੁਰਗਾ ਦੀ ਉਸਤਤਿ ( ਜਿਸਦਾ ਆਧਾਰ ਦੁਰਗਾ ਸਪਤ-ਸ਼ਤੀ ਹੈ , ਅਰਥਾਤ ਦੇਵੀ ਦੁਰਗਾ-ਉਸਤਤਿ ਦੇ ੭੦੦ ਸ਼ਲੋਕ, ਜੋ ਕਿ ਮਾਰਕੰਡੇਯ ਪੁਰਾਣ ਵਿਚ ਲਿਖੇ ਹਨ ) ਨਾਲ ਹੁੰਦੀ ਹੈ । ਪੂਰੇ ਬਚਿਤ੍ਰ ਨਾਟਕ ਗ੍ਰੰਥ ਵਿਚ ਇਸ਼ਟ ਦਾ ਸਰੂਪ ਮਹਾਕਾਲ-ਕਾਲਕਾ ਹੀ ਨਜ਼ਰ ਆਉਂਦਾ ਹੈ :**ਸਰਬਕਾਲ ਹੈ ਪਿਤਾ ਅਪਾਰਾ ॥ਦੇਬਿ ਕਾਲਕਾ ਮਾਤ ਹਮਾਰਾ ॥(ਬਚਿਤ੍ਰ ਨਾਟਕ ਗ੍ਰੰਥ,ਪੰਨਾ ੭੩)**
ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ੴ ਪ੍ਰਤੀ ਸਿਧਾਂਤ "ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ॥" ਨਾਲ ਉੱਕਾ ਮੇਲ ਨਹੀ ਖਾਂਦਾ।
**ਮੰਗਲਾਚਰਣ "ਸ੍ਰੀ ਭਗਉਤੀ ਜੀ ਸਹਾਇ" ਜਾਂ "ਸ੍ਰੀ ਭਗੌਤੀ ਏ ਨਮਹ"** ਪ੍ਰਧਾਨ ਹਨ ਜੋ ਕਿ ਦੇਵੀ ਦੁਰਗਾ ਬੋਧਕ ਹਨ।
ਇਹਨਾਂ ਚਰਿਤ੍ਰੋ-ਪਾਖਯਾਨਾਂ ਵਿਚ ਵਰਤੀ ਅਸ਼ਲੀਲ ਸ਼ਬਦਾਵਲੀ , ਆਚਰਣ-ਹੀਣ ਕਰਣ ਵਾਲੇ ਕਿੱਸੇ , ਭੰਗ - ਸ਼ਰਾਬ ਦੀ ਖੁੱਲੀ ਵਰਤੋਂ ਕਰਨ ਦੀ ਪ੍ਰੇਰਣਾ, ਹੋਰ ਕਈ ਭੈੜੀਆਂ ਗੱਲਾਂ ਸਿਖਾਉਣ ਵਾਲੀਆਂ ਕਹਾਣੀਆਂ, ਗੁਰਮਤਿ-ਵਿਰੁਧ ਚਲਣ ਦਾ ਉਪਦੇਸ਼ ਦੇਣ ਵਾਲੀਆਂ , ਮਹਾਕਾਲ-ਕਾਲਕਾ (ਸ਼ਿਵ-ਪਾਰਵਤੀ) ਦਾ ਉਪਾਸਕ ਬਣਾਉਣ ਵਾਲੀਆਂ ਮਨਘੜਤ ਕਥਾਂਵਾਂ ਹਨ । ਸੂਝਵਾਨ ਗੁਰਮੁਖ ਵਿਦਵਾਨ ਇਨ੍ਹਾਂ ਨੂੰ **ਗੁਰੂ-ਕ੍ਰਿਤ ਨਹੀ ਮੰਨਦੇ** । ਇਹਨਾਂ ਪ੍ਰਸੰਗਾਂ ਦੇ ਰਚਨਹਾਰੇ ਸ਼ਾਕਤ-ਮਤੀਏ ਦੇਵੀ-ਪੂਜਕ ਕਵੀ ਹਨ ਜਿਨ੍ਹਾਂ ਦੇ ਨਾਂ (ਤਖੱਲਸ) ਕਵਿ ਸਯਾਮ,ਕਵਿ ਰਾਮ, ਕਵਿ ਕਾਲ ਇਸ ਗ੍ਰੰਥ ਦੇ ਹੇਠ ਲਿਖੇ ਪੰਨਿਆਂ ਤੇ ਛਪੇ ਹਨ :-

**ਕਵਿ ਸਯਾਮ ਦੀ ਕਵਿ–ਛਾਪ :–** ਇਸ ਗ੍ਰੰਥ ਦੇ ਪੰਨਾਂ ਨੰਬਰਾਂ ੧੫੫ – ੧੬੦ – ੨੧੩ – ੨੫੭ – ੨੬੫ – ੨੬੭ – ੨੬੮ – ੨੬੯ – ੨੭੦ – ੨੭੩ – ੨੮੧ – ੨੮੨ – ੨੮੪ – ੨੯੧ – ੨੯੪ – ੨੯੭ – ੨੯੮ – ੩੦੧ – ੩੦੩ – ੩੦੪ – ੩੧੦ – ੩੧੨ ਤੋਂ ੩੧੯ – ੩੨੧ ਤੋਂ ੩੩੭ –੩੩੯ ਤੋਂ ੩੪੩ – ੩੪੬ – ੩੪੯ – ੩੫੦ – ੩੫੨ – ੩੫੩ – ੩੫੪ – ੩੫੬ –੩੫੭ – ੩੬੦ – ੩੬੧ – ੩੬੩ – ੩੬੬ – ੩੬੭– ੩੬੮ – ੩੭੧ – ੩੭੨ – ੩੭੩ – ੩੭੪ – ੩੭੮ ਤੋਂ ੩੮੩ –੩੮੫ –੩੮੭ ਤੋਂ ੩੯੦ – ੩੯੨ –੪੦੩ – ੪੦੫ – ੪੦੬ – ੪੦੭ – ੪੦੯ – ੪੧੩ – ੪੧੪ – ੪੧੮ – ੪੨੫ –੪੩੧ –੪੩੪ – ੪੩੬ – ੪੩੭ – ੪੬੭ – ੪੭੧ – ੪੭੨ – ੪੭੬ – ੪੭੮ ਤੋਂ ੪੮੨ – ੪੮੪ – ੪੮੫ – ੪੮੭ – ੪੮੮ – ੪੯੧ ਤੋਂ ੪੯੫ – ੪੯੭ ਤੋਂ ੫੦੮ – ੫੧੨ – ੫੧੫ – ੫੧੬ – ੫੧੮ –੫੧੯ – ੫੨੧ ਤੋਂ ੫੨੪ – ੫੨੬ ਤੋਂ ੫੩੨ – ੫੩੪ ਤੋਂ ੫੩੭ – ੫੩੯ ਤੋਂ ੫੪੬ – ੫੪੮ ਤੋਂ ੫੫੧ – ੫੫੩ – ੫੫੪ – ੫੫੬ – ੫੫੭ – ੫੫੯ – ੫੬੦ – ੫੬੨ ਤੋਂ ੫੬੫ – ੫੬੯ – ੬੬੯ – ੯੮੯ – ੧੧੩੮ – ੧੨੪੫ – ੧੨੯੪ – ੧੩੫੫ ( ਕਈ ਪੰਨਿਆਂ ਤੇ ਦੋ, ਤਿੰਨ ਜਾਂ ਚਾਰ ਵਾਰੀ ਵੀ ‘ਕਬਿ ਸਯਾਮ ਭਨੈ , ਕਬਿ ਸਯਾਮ ਕਹੈ , ਬਰਨਤ ਸਯਾਮ , ਕਬਿ ਸਯਾਮ ਬਖਾਨੀ ਅਤੇ ਕਿਤੇ ਸਿਰਫ਼ ‘ਸਯਾਮ’ ਕਵੀ–ਛਾਪ ਲਿਖੀ ਮਿਲਦੀ ਹੈ )

**ਕਵੀ ਰਾਮ ਦੀ ਕਵੀ–ਛਾਪ :–** ਇਸ ਗ੍ਰੰਥ ਦੇ ਪੰਨਾਂ ਨੰਬਰਾਂ ੪੦੪ – ੪੦੮ – ੪੧੦ – ੪੧੨ – ੪੧੭ – ੪੧੯ – ੪੨੬ – ੪੩੯ – ੪੪੧ – ੪੫੪ – ੪੮੯ – ੮੩੫ – ੮੪੯ – ੮੫੧ – ੮੮੪ ਤੇ ਕਵੀ ਰਾਮ ਦੀ ਛਾਪ ਲਿਖੀ ਹੈ ।

**ਕਵੀ ਕਾਲ ਦੀ ਕਵੀ–ਛਾਪ :–** ਪੰਨਾ ਨੰਬਰ ੧੧੨੮ ਤੇ ਲਿਖਿਆ ਹੈ ‘ਸੁ ਕਬਿ ਕਾਲ ਤਬ ਹੀ ਭਯੋ ਪੂਰਨ ਕਥਾ ਪ੍ਰਸੰਗ ॥’

**ਇਸ ਗ੍ਰੰਥ ਦਾ ਵੱਡਾ ਹਿੱਸਾ ਦਸਮ ਸਕੰਧ ਪੁਰਾਣ ਵਿਚੋਂ ਲਿਆ ਗਿਆ ਹੈ ; ਸੋ, ‘ਦਸਮ ਸਕੰਧ ਗ੍ਰੰਥ’ ਨਾਂ ਹੀ ਢੁਕਦਾ ਹੈ । ਇਹ ਸਾਰਾ ਗ੍ਰੰਥ ਪੜਿਆਂ ਕਿਤੇ ਵੀ ਕਵੀ–ਛਾਪ (ਤਖ਼ੱਲਸ) ਨਾਨਕ ਲਿਖਿਆ ਨਹੀ ਮਿਲਦਾ ਜੈਸਾ ਕਿ ਗੁਰੂ ਗ੍ਰੰਥ ਸਾਹਿਬ ਵਿਚ** ਨੌਂਵੇਂ ਨਾਨਕ ਤਕ ਗੁਰੂ ਸਾਹਿਬਾਨ ਨੇ ਲਿਖਿਆ ਹੈ। ਇਸ ਗ੍ਰੰਥ ਦੇ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਕਿਵੇਂ ?

**ਚਰਿਤ੍ਰੋ ਪਾਖਯਾਨ ਨੰ:੪੦੫ (ਪੰਨਾ ੧੩੫੯) ਦਾ ਪ੍ਰਸੰਗ ਲਿਖਾਰੀ ਨੇ ਇਉਂ ਲਿਖਿਆ ਹੈ :– ( ਚੋਣਵੀਆਂ ਪੰਕਤੀਆਂ)**
**ਚੌਪਈ ॥ ਸੱਤਿ ਸੰਧਿ ਇਕ ਭੂਪ ਭਨਿੱਜੈ।ਪ੍ਰਥਮੇ ਸਤਿਜੁਗ ਬੀਚ ਕਹਿੱਜੈ।ਜਿਹ ਜਸ ਪੁਰੀ ਚੌਦਹੂੰ ਛਾਯੋ।ਨਾਰਦ ਰਿਖਿ ਤਬ ਰਾਇ ਮੰਗਾਯੋ ।੧। ਸਭ ਦੇਵਨ ਕੋ ਰਾਜਾ ਭਯੋ ।ਬ੍ਰਹਮਾ ਤਿਲਕ ਆਪੁ ਤਿਹ ਦਯੋ।......।੨। ਇਹ ਬਿਧਿ ਰਾਜ ਬਰਖ ਬਹੁ ਕੀਆ। ਦੀਰਘ ਦਾੜ ਦੈਤ ਭਵ ਲਿਯਾ।ਦਸ ਸਹਸ ਛੂਹਨਿ ਦਲ ਲੈ ਕੈ। ਚੜਿ ਆਯੋ ਤਿਹ ਉਪਰ ਤੈ ਕੈ ।੩।**
ਅਰਥਾਤ, ਸਭ ਦੇਵਤਿਆਂ ਦੇ ਰਾਜੇ ਸਤਿ ਸੰਧਿ ਉੱਤੇ ਦੀਰਘ ਦਾੜ ਨਾਂ ਦੇ ਦੈਂਤ ਨੇ ੧੦੦,੦੦ ਪਦਮ ਗਿਣਤੀ ਦੀ ਭਾਰੀ ਫ਼ੌਜ ਨਾਲ ਹਮਲਾ ਕਰ ਦਿੱਤਾ। ਦੇਵਤਿਆਂ ਨੇ ਵੀ ਇਸ ਤੋਂ ਦੂਣੀ ਫ਼ੌਜ ਨਾਲ ਮੁਕਾਬਲਾ ਕੀਤਾ। ਇਹ ਜੰਗ ੨੦ ਸਾਲ ਤਕ ਚਲੀ। ਸਾਰੀ ਫ਼ੌਜ ਮਾਰੀ ਗਈ ਪਰ ਹਾਰ–ਜਿਤ ਦਾ ਫ਼ੈਸਲਾ ਨਹੀ ਹੋਇਆ। ਜਦੋਂ ਰਾਜੇ ਸਤਿ ਸੰਧਿ ਤੇ ਦੀਰਘ ਦਾੜ ਦੈਂਤ ਦੇ ਲੋਹੇ ਦੇ ਸ਼ਸਤ੍ਰ ਖੜਕੇ ਤਾਂ ਅੱਗ ਦੀ ਲਪਟ ਨਿਕਲੀ ਜਿਸ ਵਿਚੋਂ ਇਕ ਖੂਬਸੂਰਤ ਇਸਤ੍ਰੀ ਪੈਦਾ ਹੋਈ !?ਉਸਨੂੰ ਜਗਤ ਦੇ ਸੁਆਮੀ ਨਾਲ ਵਿਆਹ ਦਾ ਵੀਚਾਰ ਫੁਰਿਆ ,ਨਿਮਰਤਾ ਨਾਲ ਸੇਵਾ ਕਰਕੇ ਮਹਾਕਾਲ ( ਕਾਲਕਾ ਦੇਵਾ) ਨੂੰ ਪ੍ਰਸੰਨ ਕਰ ਸਕੇ :–
**ਫਿਰ ਜਿਯ ਮੈ ਇਹ ਭਾਤਿ ਬੀਚਾਰੀ॥ਬਰੌਂ ਜਗਤ ਕੇ ਪਤਿਹਿ ਸੁਧਾਰੀ॥ਤਾ ਤੇ ਕਰੌਂ ਦੀਨ ਹਵੈ ਸੇਵਾ॥ ਹੋਇ ਪ੍ਰਸੰਨ ਕਾਲਿਕਾ ਦੇਵਾ॥੩੧॥...ਕ੍ਰਿਪਾ ਕਰੀ ਜਗਮਾਤ ਭਵਾਨੀ । ਇਹ ਬਿਧ ਬਤਿਯਾ ਤਾਹਿ ਬਖਾਨੀ ।੩੨।** ਫਿਰ ਦੇਵੀ ਭਵਾਨੀ ਨੇ ਮਹਾਕਾਲ ਨਿਰੰਕਾਰ(?) ਅਸਤ੍ਰਧਾਰੀ ਦਾ ਧਿਆਨ ਕਰਣ ਲਈ ਕਿਹਾ। ਫਿਰ ਆਕਾਸ਼ਵਾਣੀ ਹੋਈ ਕਿ ਜਦੋਂ ਸਵਾਸ ਬੀਰਜ ਦਾਨਵ ਨੂੰ ਮਾਰੇਂਗੀ ਤਾਂ ਉਸ ਪਿਛੋਂ ਹੇ ਸੁੰਦਰੀ ਤੂੰ ਮੈਨੂੰ ਵਰੇਂਗੀ। ਇਹ ਸੁਣ ਸੁੰਦਰੀ ਨੇ ਸ਼ਸਤ੍ਰ ਸਜਾ ਕੇ, ਨਾਲ ਫ਼ੌਜ ਲੈਕੇ ਵੈਰੀ ਤੇ ਹਮਲਾ ਕਰ ਦਿੱਤਾ।ਅਸੁਰ ਮਾਰਦੀ ਤਾਂ ਉਹਨਾਂ ਦੇ ਸਵਾਸਾਂ ਵਿਚੋਂ ਹੋਰ ਅਸੁਰ ਪੈਦਾ ਹੋ ਜਾਂਦੇ । ਹਰ ਪਾਸੇ ਦੈਂਤ ਹੀ ਦੈਂਤ ਦਿਸ ਪੈਂਦੇ ॥੫੧॥ **ਚਿਤ ਮੋ ਕਿਯੋ ਕਾਲਕਾ ਧਯਾਨਾ। ਦਰਸਨ ਦਿਯਾ ਆਨਿ ਭਗਵਾਨਾ ।...॥੫੨॥** ਫਿਰ ਕਾਲਕਾ ਅੱਗੇ ਬੇਨਤੀ ਕੀਤੀ ਕਿ ਮੈਨੂੰ ਇਹਨਾ ਦੈਂਤਾਂ ਤੋ ਬਚਾ। ਤਾਂ ਕਾਲ ਹਸਿਆ, ਲਕ ਨਾਲ ਤਲਵਾਰ(ਅਸਿ) ਕੱਸੀ, ਭਗਤ ਦੀ ਰਖਿਆ ਲਈ ਦੈਂਤਾਂ ਨੂੰ ਮਾਰਨ ਲਗਾ। ਬੜਾ ਭਿਆਨਕ ਜੁਧ ਮਚਿਆ...**ਦੀਰਘ ਦਾਤ ਕਾਢਿ ਕਈ ਕੋਸਾ॥ ਧਾਵਤ ਅਸੁਰ ਹੀਏ ਕਰਿ ਜੋਸਾ॥ ਮਾਰਨ ਮਹਾਕਾਲ ਕਹ ਧਾਵੈ॥ ਮਨੋ ਮਾਰਤ ਵੇਈ ਮਰਿ ਜਾਵੈ॥੭੪॥** ( ਦੈਂਤ ਕਈ ਕੋਹਾਂ ਜਿੰਨੇ ਲੰਬੇ ਦੰਦ ਕਢਕੇ ਮਹਾਕਾਲ ਨੂੰ ਮਾਰਣ ਦੌੜਿਆ ) **ਚਾਹਤ ਮਹਾਕਾਲ ਕਹ ਮਾਰੋ ॥ਮਹਾ ਮੁਰਖ ਨਹਿ ਕਰਤ ਬਿਚਾਰੋ ॥ਜਿਨ ਸਭ ਜਗ ਕਾ ਕਰਾ ਪਸਾਰਾ॥ ਤਾਹਿ ਚਹਤ ਤੇ ਮੂੜ ਸੰਘਾਰਾ॥੭੬॥** (ਮਹਾਕਾਲ, ਸ਼ਰੀਰਧਾਰੀ, ਜਗਤ ਦਾ ਰਚਨਹਾਰਾ? ਜਿਸਨੂੰ ਮੂਰਖ ਦੈਂਤ ਮਾਰਨਾ ਚਾਹੁੰਦੇ ਹਨ ) **ਠੋਕ ਠੋਕ ਭੁਜ ਦੰਡਨ ਜੋਧਾ॥ ਧਾਵਤ ਮਹਾਕਾਲ ਪਰ ਕ੍ਰੋਧਾ॥ਬੀਸ ਪਦਮ ਦਾਨਵ ਤਵ ਭਯੋ॥ ਨਾਸ ਕਰਨ ਕਾਲੀ ਕੋ ਧਯੋ ॥੭੭** (ਮਹਾਕਾਲ / ਕਾਲੀ ਨੂੰ ਮਾਰਣ ਲਈ ਵੀਹ ਪਦਮ ਦੈਤ ਗੁੱਸਾ ਖਾ ਕੇ ਧਾਏ। (ਨੋਟ: ਮਹਾਕਾਲ ਤੇ ਕਾਲੀ ਦੋਵੇਂ ਨਾਂ ਇਕੱਠੇ ਇਕੋ ਚੋਪਈ ਵਿਚ ਲਿਖੇ ਹਨ ਜਿਸਤੋਂ ਸ਼ਿਵ ਦਾ ਭਿਆਨਕ ਅਰਧ–ਨਾਰੀਸ਼ਵਰ ਰੂਪ ਮਹਾਕਾਲ–ਕਾਲਕਾ / ਸਰਬਕਾਲ–ਕਾਲਕਾ ਸਿਧ ਹੁੰਦਾ ਹੈ। **ਇਸ ਗ੍ਰੰਥ ਦੇ ਪੰਨਾ ੭੩ ਤੇ ਲਿਖੇ ਮੁਤਾਬਿਕ “ ਸਰਬਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ ॥” ਇਸ ਗ੍ਰੰਥ ਵਿਚ ਇਸ਼ਟ ਦਾ ਸਰੂਪ ਸਰਬਕਾਲ–ਕਾਲਕਾ ਜੋ ਮਹਾਕਾਲ – ਕਾਲਕਾ ਹੀ ਹੈ** )। ਫਿਰ ਘਮਸਾਨ ਦੀ ਜੰਗ ਹੋਈ, ਸਾਰੇ ਦੇਵਤੇ ਡਰ ਗਏ, ਮਹਾਕਾਲ ਦੀ ਸ਼ਰਣ ਵਿਚ ਆ ਗਏ॥੮੯॥

**ਸਭ ਦੇਵਤਿਆਂ ਨੇ ਮਹਾਕਾਲ / ਕਾਲ ਦੀ ਵਡਿਆਈ ਕਰਕੇ ਇਹ ਬੇਨਤੀ ਕੀਤੀ : ਇਹ ਬਿਧਿ ਸਭੈ ਪੁਕਾਰਤ ਭਏ ॥ ਜਨ ਕਰ ਲੂਟ ਬਨਿਕ ਸੇ ਲਏ ॥ ਤ੍ਰਾਹਿ ਤ੍ਰਾਹਿ ਹਮ ਸਰਨ ਤਿਹਾਰੀ ॥ ਸਭ ਭੈ ਤੇ ਹਮ ਲੇਹੁ ਉਬਾਰੀ ॥੯੦॥ ਤੁਮ ਹੋ**

**ਸਕਲ ਲੋਕ ਸਿਰਤਾਜਾ ॥ ਗਰਬਨ ਗੰਜ ਗਰੀਬ ਨਿਵਾਜਾ ॥ ਆਦਿ ਅਕਾਲ ਅਜੋਨਿ ਬਿਨਾ ਭੈ ॥ ਨਿਰਬਿਕਾਰ ਨਿਰਲੰਬ ਜਗਤ ਮੈ ॥੯੧॥ ਨਿਰਬਿਕਾਰ ਨਿਰਜੁਰ ਅਬਿਨਾਸੀ ॥ ਪਰਮ ਜੋਗ ਕੇ ਤਤੁ ਪ੍ਰਕਾਸੀ ॥ ਨਿਰੰਕਾਰ ਨਵ ਨਿਤਯ ਸੁਯੰਭਵ ॥ ਤਾਤ ਮਾਤ ਜਹ ਜਾਤ ਨ ਬੰਧਵ ॥੯੨॥ ਸਤ੍ਰੁ ਬਿਹੰਡ ਸੁਰਿਦਿ (ਭਗਤਾਂ) ਸੁਖਦਾਇਕ ॥ ਚੰਡ ਮੁੰਡ ਦਾਨਵ ਕੇ ਘਾਇਕ॥੯੩॥ (ਦੇਵੀ ਦੁਰਗਾ ਨੇ ਇਹਨਾ ਦੈਂਤਾਂ ਨੂੰ ਮਾਰਿਆ ਸੀ, ਵੇਖੋ ਦੁਰਗਾ / ਭਗਉਤੀ ਕੀਆਂ ਵਾਰਾਂ ) ॥ ਆਦਿ ਅਨੰਤ ਅਰੂਪ ਅਭੇਸਾ ॥ ਘਟ ਘਟ ਭੀਤਰ ਕੀਯਾ ਪ੍ਰਵੇਸਾ ॥ ਅੰਤਰ ਬਸਤ ਨਿਰੰਤਰ ਰਹਈ ॥ ਸਨਕ ਸਨੰਦ ਸਨਾਤਨ ਕਹਈ ॥੯੪॥ ਆਦਿ ਜੁਗਾਦਿ ਸਦਾ ਪ੍ਰਭੁ ਏਕੈ ॥ ਧਰਿ ਧਰਿ ਮੂਰਤਿ ਫਿਰਤਿ ਅਨੇਕੈ ॥ ਸਭ ਜਗ ਕਹ ਇਹ ਬਿਧਿ ਭਰਮਾਯਾ ॥ ਆਪੇ ਏਕ ਅਨੇਕ ਦਿਖਾਯਾ ॥੯੫॥ ਘਟ ਘਟ ਮਹਿ ਸੋਈ ਪੁਰਖ ਬਯਾਪਕ ॥ ਸਕਲ ਜੀਵ ਜੰਤਨ ਕੇ ਥਾਪਕ ॥ ਜਾ ਤੇ ਜੋਤਿ ਕਰਤ ਆਕਰਖਨ ॥ ਤਾ ਕਹ ਕਹਤ ਮ੍ਰਿਤਕ ਜਗ ਕੇ ਜਨ ॥੯੬॥ ਤੁਮ ਜਗ ਕੇ ਕਾਰਨ ਕਰਤਾਰਾ ॥ ਘਟਿ ਘਟਿ ਕੀ ਮਤਿ ਜਾਨਨਹਾਰਾ ॥ ਨਿਰੰਕਾਰ ਨਿਰਵੈਰ ਨਿਰਾਲਮ ॥ ਸਭ ਹੀ ਕੇ ਮਨ ਕੀ ਤੁਹਿ ਮਾਲਮ॥੯੭॥ ਤੁਮ ਹੀ ਬ੍ਰਹਮਾ ਬਿਸਨ ਬਨਾਯੋ ॥ ਮਹਾ ਰੁਦ੍ਰ ਤੁਮ ਹੀ ਉਪਜਾਯੋ॥੯੮॥ ਜਗ ਕਾਰਨ ਕਰੁਨਾਨਿਧਿ ਸਵਾਮੀ॥ਕਮਲ ਨੈਨ ਅੰਤਰ ਕੇ ਜਾਮੀ॥ ਦਯਾਸਿੰਧੁ ਦੀਨਨ ਕੇ ਦਯਾਲਾ ॥ ਹੂਜੈ ਕ੍ਰਿਪਾ ਨਿਧਾਨ ਕ੍ਰਿਪਾਲਾ॥ ੯੯॥ ਚਰਨ ਪਰੇ ਇਹ ਬਿਧਿ ਬਿਨਤੀ ਕਰ॥ ਤ੍ਰਾਹਿ ਤ੍ਰਾਹਿ ਰਾਖਹੁ ਹਮ ਧੁਰਧਰ ॥ ਕਹ ਕਹ ਹਸਾ ਬਚਨ ਸੁਨ ਕਾਲਾ ॥ ਭਗਤ ਜਾਨ ਕਰ ਭਯੋ ਕ੍ਰਿਪਾਲਾ ॥੧੦੦॥**

ਪਾਠਕ ਨੋਟ ਕਰਣ ਕਿ ਚੰਡ, ਮੁੰਡ ਨਾਂ ਦੇ ਦੈਂਤਾਂ ਨੂੰ ਮਾਰਣ ਵਾਲੀ ਦੇਵੀ ਦੁਰਗਾ ਨੂੰ ਰੱਬੀ-ਗੁਣਾਂ ਵਾਲੀ ਦਸਿਆ ਗਿਆ ਹੈ । ਇਸੇ ਦੇਵੀ ਦੁਰਗਾ ਦੀ ਜੈ-ਜੈਕਾਰ ਕਹੀ-ਜਾਂਦੀ-ਅਕਾਲ-ਉਸਤਤਿ (ਅਸਲ ਵਿਚ ਕਾਲ / ਸਰਬਕਾਲ / ਸਰਬਲੋਹ ਉਸਤਤਿ ) ਰਚਨਾ ਵਿਚ ਲਿਖੇ ੨੦ ਛੰਦਾਂ (ਛੰਦ ਨੰ: ੨੧੧ ਤੋਂ ੨੩੦ ਤਕ) "ਜੈ ਜੈ ਹੋਸੀ ਮਹਿਖਾਸੁਰ ਮਰਦਨ..." ਵਿਚ ਕੀਤੀ ਗਈ ਹੈ। ਇਸੇ ਦੇਵੀ ਦੁਰਗਾ ਅਥਵਾ ਕਾਲ ਦੀ ਉਸਤਤਿ ਕਈ ਥਾਂਈਂ ਕੀਤੀ ਗਈ ਹੈ; ਪੰਨਾ ੮੧੦ ਲਿਖਿਆ "ਕਾਲ ਦਾ ਭਿਆਨਕ ਸਰੂਪ" ਮੁੰਡ ਕੀ ਮਾਲ ਦਿਸਾਨ ਕੇ ਅੰਬਰ ਬਾਮ ਕਰਯੋ ਗਲ ਮੈ ਅਸਿ ਭਾਰੋ ॥...ਅੱਗੇ ਪੜਨਾ ਜੀ । **ਦੋਵੇਂ ਚੰਡੀ ਚਰਿਤ੍ਰ ਅਤੇ ਵਾਰ ਦੁਰਗਾ / ਭਗਉਤੀ ਕੀ (ਪੰਨਾ ੭੪ ਤੋਂ ੧੨੭ ਤਕ) ਇਸੇ ਕਾਲ ਨੂੰ ਬਿਆਨ ਕਰਦੇ ਹਨ ਅਤੇ ਇਹ ਸਾਰੇ ਪ੍ਰਸੰਗ ਮਾਰਕੰਡੇਯ ਪੁਰਾਣ ਵਿਚੋਂ ਨਕਲ ਮਾਰ ਕੇ ਲਿਖੇ ਗਏ ਹਨ । ਮਹਾਕਾਲ ਦੀ ਕਥਾ ਸ਼ਿਵ ਪੁਰਾਣ ਵਿਚੋਂ ਲਈ ਗਈ ਹੈ।**

ਅੱਗੇ ਲਿਖੀਆਂ ਚੌਪਈਆਂ ਵਿਚ ਬਿਆਨ ਕੀਤਾ ਹੈ ਕਿ ਕਾਲ (੧੦੨) / ਅਸਿਧੁਜ (੧੦੪) / ਮਹਾਕਾਲ (੧੦੫) ਰਥ ਤੇ ਚੜਿਆ, ਜੰਗ ਵਿਚ ਹਾਹਾਕਾਰ ਮਚਾ ਦਿੱਤੀ (੧੦੮)। **ਫਿਰ ਮਹਾਕਾਲ ਨੂੰ ਪਸੀਨਾ ਆਇਆ (ਭਯੋ ਪ੍ਰਸੇਤਾ, ੧੦੯) ; ਪਸੀਨਾ ਤਾਂ ਸਰੀਰਧਾਰੀ ਨੂੰ ਹੀ ਆਉਂਦਾ ਹੈ। ਸਪਸ਼ਟ ਹੈ ਕਿ ਮਹਾਕਾਲ / ਕਾਲ ਅਜੋਨਿ ਨਹੀ, ਜੈਸਾ ਕਿ ਉਪਰ ਲਿਖੀਆਂ ਚੌਪਈਆਂ ਵਿਚ ਲਿਖਿਆ ਹੈ ।**
ਜੰਗ ਜਾਰੀ ਹੈ। **ਦੈਂਤ ੧੦੦੦੦ ਘੜੇ ਭੰਗ ਦੇ ਪੀ ਪੀ ਕੇ ਝਟਪਟ ਜੰਗ ਵਿਚ ਆ ਭਿੜਦੇ ਸਨ ॥੧੨੩॥ ( ਗਪੋੜ !!)।**
**ਮਹਾਕਾਲ ਕੋਪਤ ਭਯੋ ਜਬ ਹੀ ॥ ਅਸੁਰ ਅਨੇਕ ਬਿਦਾਰੇ ਤਬ ਹੀ ॥੧੨੫॥** ( ਮਹਾਕਾਲ ਨੂੰ ਗੁੱਸਾ ਆਇਆ...)
**ਜਿਤੇ ਦੈਤ ਆਏ ਤਿਤੇ ਕਾਲ ਮਾਰੇ ॥ਬਹੇ ਸ੍ਰੋਨ ਕੇ ਭੂਮ ਹੂੰ ਪੈ ਪਨਾਰੇ ॥੧੩੯॥**(ਕਾਲ ਨੇ ਦੈਂਤ ਮਾਰੇ ਤਾਂ ਖ਼ੂਨ ਦੇ ਪਰਨਾਲੇ ਵੱਗੇ)
**ਜਾ ਪਰ ਮਹਾਕਾਲ ਅਸਿ ਝਾਰਾ॥ਏਕ ਸੁਭਟ ਤੇ ਦਵੈ ਕਰਿ ਡਾਰਾ॥੧੯੨॥**(ਮਹਾਕਾਲ ਨੇ ਇਕ ਵਾਰ ਨਾਲ ਦੋ ਟੋਟੇ ਕਰ ਦਿਤੇ)
**ਜਵਾਲ ਤਜੀ ਕਰਿ ਕੋਪ ਨਿਸਾਚਰ ॥ ਤਿਨ ਤੇ ਭਏ ਪਠਾਨ ਧਨੁਖ ਧਰ ॥੧੯੮॥** (ਦੈਂਤਾਂ ਨੇ ਮੂੰਹ ਵਿਚੋਂ ਅੱਗ ਕੱਢੀ ਤਾਂ ਪਠਾਨ ਤੀਰ ਕਮਾਨ ਫੜੀ ਪੈਦਾ ਹੋ ਗਏ!!? **ਸਤਿਜੁਗ ਵਿਚ ਪਠਾਨ ਕਿਥੋਂ ? ਨਿਰਾ ਝੂਠ ਤੇ ਗਪੋੜ ਲਿਖਣ ਵਾਲਾ ਲਿਖਾਰੀ ਕੋਣ ??)**
ਫਿਰ ਦੈਂਤਾਂ ਨੇ ਸਾਹ ਛੱਡੇ ਤਾਂ ਸੈਯਦ ਤੇ ਸ਼ੇਖ਼ ਪੈਦਾ ਹੋ ਗਏ (੧੯੯)। ਅਮਿਤ ਖ਼ਾਨ,ਨਾਹਰ ਖ਼ਾਨ, ਬੈਰਮ ਖ਼ਾਨ,ਹਸਨ ਖ਼ਾਨ, ਗੈਰਤ ਖ਼ਾਂ, ਬਲਵੰਡ ਖ਼ਾਂ.. ਯੂਸਫ ਖ਼ਾ (੨੧੧), ਨੂਰਮ ਬੇਗ,.. ਸ਼ੇਖ਼ ਫਰੀਦ, ਸ਼ੇਖ਼ ਉਜੈਨ (੨੧੯) .. ਗਪੋੜ !? ਇਹ ਸਾਰੇ ਨਾਂ ਲਿਖਾਰੀ ਨੂੰ ਕਿਵੇਂ ਪਤਾ ਲੱਗੇ ? ਕੀ ਦੈਂਤਾਂ ਨੇ ਆਪਣੇ ਫ਼ੌਜੀਆਂ ਦੀ ਲਿਸਟ ਮਹਾਕਾਲ / ਕਾਲ ਜਾਂ ਲਿਖਾਰੀ ਨੂੰ ਦਿਤੀ ਸੀ ?

ਜੰਗ ਹਾਲੇ ਜਾਰੀ ਹੈ । ... **ਹੁੰਅ ਸਬਦ ਅਸਿਧੁਜਹਿ (ਮਹਾਕਾਲ ਨੇ) ਉਚਾਰਾ॥ਤਿਹ ਤੇ ਆਧਿ ਬਯਾਧਿ ਬਪੁ ਧਾਰਾ ॥੨੩੪॥**
ਮਹਾਕਾਲ ਨੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਦੇ ਕੀਟ ਫੈਲਾ ਦਿੱਤੇ ( **Biological warfare** )ਤਾਂ ਦੈਂਤ ਬੀਮਾਰੀਆਂ ਨਾਲ ਮਰਣ ਲਗੇ ॥੨੪੬॥... **ਇਹ ਬਿਧਿ ਭਯੋ ਦਾਨਵਨ ਨਾਸਾ ॥ਖੜਗਕੇਤ (ਮਹਾਕਾਲ) ਅਸੁ ਕਿਯਾ ਤਮਾਸਾ ॥੨੪੭॥**
ਫਿਰ ਅਗਨੀ-ਅਸਤ੍ਰ, ਵਰੁਣ-ਅਸਤ੍ਰ,ਮੇਘ-ਅਸਤ੍ਰ,ਵਾਯੂ-ਅਸਤ੍ਰ......ਆਦਿਕ ਅਸਤ੍ਰਾਂ ਨਾਲ ਘੋਰ ਜੰਗ ਹੁੰਦੀ ਰਹੀ ।
**ਜੁਝਿ ਗਿਰੇ ਖੜਗਾਧੁਜ ਸੌ ਲਰਿ ਸ੍ਰੋਨਿਤ ਸੋ ਸਿਗਰੇ ਅੰਗ ਭੀਨੇ॥੨੭੮॥**(ਖ਼ੂਨ-ਸਨੇ ਦੈਂਤ ਮਹਾਕਾਲ ਨਾਲ ਲੜ ਕੇ ਡਿੱਗੇ)

ਫਿਰ ਮਹਾਕਾਲ ਨੇ ਪਾਵਕ-ਅਸਤ੍ਰ..ਆਦਿਕ ਵਰਤੇ, **ਮਹਾਕਾਲ ਤਬ ਬਾਨ ਪ੍ਰਹਾਰੇ ॥ਦਾਨਵ ਏਕ ਏਕ ਕਰਿ ਮਾਰੇ॥ ੨੯੩॥**
**ਲਗਦਾ ਹੈ ਕਿ ਕਵੀ ਨੇ ਭੰਗ ਬਹੁਤੀ ਚਾੜ੍ਹ ਲਈ ਹੈ ਕਿਉਂਕਿ ਅੱਗੇ ਫਿਰ ਜੰਗ ਦਾ ਹਾਲ ਦੁਹਰਾਇਆ ਜਾ ਰਿਹਾ ਹੈ ।**
**ਬਹੁ ਜੁਝੇ ਇਹ ਭਾਤਿ ਸਿਪਾਹੀ॥ਭਾਤਿ ਭਾਤਿ ਧੁਜਨੀ ਰਿਪੁ ਗਾਹੀ॥ਉਤ ਕੀਯ ਸਿੰਘ ਬਾਹਨੀ ( ਦੁਰਗਾ,ਕਾਲ ) ਕੋਪੈ॥ਇਤਿ ਅਸਿਧੁਜ ( ਮਹਾਕਾਲ ) ਲੈ ਧਾਯੋ ਧੋਪੈ ॥੩੫੧॥**(ਦੁਰਗਾ ਗੁੱਸੇ ਵਿਚ ਆਈ ਤੇ ਮਹਾਕਾਲ ਤਲਵਾਰ ਲੈ ਕੇ ਪੈ ਗਿਆ )
ਅਖੀਰ, **ਤਬ ਅਸਿਧੁਜ (ਮਹਾਕਾਲ) ਅਸ ਮੰਤ੍ਰ ਬਿਚਾਰੋ ॥ ਜਿਹ ਬਿਧਿ ਤੇ ਦਾਨਵਹਿ ਸੰਘਾਰੋ ॥੩੬੩॥ ਸਰਬਾਕਰਖਨ ਕਿਯ**

ਜਬ॥ ਉਪਜਤ ਤੇ ਰਹਿ ਗਏ ਅਸੁਰ ਤਬ॥ਆਗਯਾ ਬਹੁਰਿ ਕਾਲਿ (ਕਾਲਿਕਾ) ਕਹ ਦਈ ॥ ਸਤ੍ਰੁ ਸੈਨ ਭਛਨ ਕਰਿ ਗਈ ॥੩੬੪॥ ਫਿਰ ਮਹਾਕਾਲ ਨੇ ਸਭ ਦਾ ਬਲ ਖਿਚ ਲਿਆ, ਹੋਰ ਦੈਂਤ ਪੈਦਾ ਨ ਹੋਏ ਤੇ ਕਾਲੀ ਬਾਕੀ ਦਾਨਵ ਸੇਨਾ ਖਾ ਗਈ। ਮਹਾਕਾਲ ਜੀ ! ਇਹ ਸੋਝੀ ਤੁਹਾਨੂੰ ਪਹਿਲੋਂ ਕਿਉਂ ਨ ਆਈ, ਐਂਵੇਂ ਲੰਮੀ ਜੰਗ ਵਿਚ ੨੦ ਪਦਮ ਅਪਣੀ ਸੇਨਾ ਮਰਵਾਈ । ਏਕੈ ਅਸੁਰ ਤਬੈ ਰਹਿ ਗਯੋ॥ਤ੍ਰਾਸਿਤ ਅਧਿਕ ਚਿਤ ਮਹਿ ਭਯੋ॥੩੬੫॥(ਇਕ ਦੈਂਤ ਬਚ ਗਿਆ,ਮਨ ਵਿਚ ਬਹੁਤ ਡਰਿਆ)
ਦੋਹਰਾ ॥ ਮਹਾਕਾਲ ਕੀ ਸਰਨਿ ਜੇ ਪਰੇ ਸੁ ਲਏ ਬਚਾਇ ॥ ਔਰ ਨ ਉਪਜਾ ਦੂਸਰ ਜਗ ਭਛਿਯੋ ਸਭੈ ਬਨਾਇ ॥੩੬੬ ॥
ਜੋ ਪੂਜਾ ਅਸਿਕੇਤੁ ਕੀ ਨਿਤ ਪ੍ਰਤਿ ਕਰੈ ਬਨਾਇ ॥ ਤਿਨ ਪਰ ਅਪਨੇ ਹਾਥ ਦੈ ਅਸਿਧੁਜ ਲੇਤ ਬਚਾਇ ॥੩੬੭॥
ਅਰਥਾਤ, ਮਹਾਕਾਲ ਦੀ ਜੋ ਸ਼ਰਨ ਵਿਚ ਪੈਂਦਾ ਹੈ, ਉਸ ਨੂੰ ਬਚਾ ਲਿਆ ਜਾਂਦਾ ਹੈ; ਮਹਾਕਾਲ ਵਰਗਾ ਹੋਰ ਦੂਜਾ ਜਗਤ ਵਿਚ ਪੈਦਾ ਨਹੀ ਹੋਇਆ (ਕਾਲਿ) ਨੇ ਸਭ ਨੂੰ ਖਾ ਲਿਆ ।੩੬੬। ਜੋ ਅਸਿਕੇਤ (ਮਹਾਕਾਲ) ਦੀ ਹਰ ਰੋਜ਼ ਪੂਜਾ ਕਰਦੇ ਹਨ, ਉਹਨਾਂ ਨੂੰ ਆਪਣਾ ਹਥ ਦੇ ਕੇ ਅਸਿਧੁਜ (ਮਹਾਕਾਲ) ਬਚਾ ਲੈਂਦਾ ਹੈ ॥੩੬੭॥ **ਇਹੀ ਸਾਰੇ ਬਚਿਤ੍ਰ ਨਾਟਕ ਗ੍ਰੰਥ ਦਾ ਉਪਦੇਸ਼ ਹੈ । ਸਪਸ਼ਟ ਹੈ ਕਿ ਲਿਖਾਰੀ ਕਵਿ ਸ਼ਯਾਮ ਹਰ ਹੀਲੇ ਸਿੱਖਾਂ ਨੂੰ ਮਹਾਕਾਲ ਦਾ ਸ਼ਰਧਾਲੂ ਬਣਾ ਰਿਹਾ ਹੈ।**
ਇਕ ਦੈਂਤ ਰਹਿ ਗਿਆ ਜਿਸਨੇ ਬਹੁਤ ਤੀਰ ਚਲਾ ਕੇ ਮਹਾਕਾਲ ਤੇ ਹਮਲਾ ਕੀਤਾ। ਮਹਾਕਾਲ ਨੇ ਵੀ ੨੦੦੦੦ ਤੀਰ ਚਲਾਕੇ ਵਾਰ ਰੋਕੇ । ਮਹਾਕਾਲ ਪੁਨਿ ਜੀਯ ਮੈਂ ਕੋਪਾ ॥ ਧਨੁਖ ਟੰਕੋਰਿ ਬਹੁਰਿ ਰਨ ਰੋਪਾ ॥ ਏਕ ਬਾਨ ਤੇ ਧੁਜਹਿ ਗਿਰਾਯੋ ॥ ਦੁਤਿਯ ਸੱਤ੍ਰੁ ਕੋ ਸੀਸ ਉਡਾਯੋ ॥ ੩੭੨ ॥...ਬਹੁਰਿ ਅਸੁਰ ਕਾ ਕਾਟਸਿ ਮਾਥਾ ॥ ਸ੍ਰੀ ਅਸਿਕੇਤ ਜਗਤ ਕੇ ਨਾਥਾ॥੩੭੪॥
ਮਹਾਕਾਲ ਜੀ! ਸਿਰ ਉਡਾ ਕੇ ਮਾਰੇ ਹੋਇ ਰਾਛਸ ਦਾ ਮੱਥਾ ਕਟ ਰਹੇ ਹੋ,ਬੜੇ ਬਹਾਦਰ ਹੋ! ਹੁਣ ਫਿਰ ਸਿਰ ਕੱਟਣ ਚਲੇ ਹਨ, ਪੁਨਿ ਰਾਛਸ ਕਾ ਕਾਟਾ ਸੀਸਾ ॥ ਸ੍ਰੀ ਅਸਿਕੇਤੁ ਜਗਤ ਕੇ ਈਸਾ ॥ ਪੁਹਪਨ ਬ੍ਰਿਸਟਿ ਗਗਨ ਤੇ ਭਈ ॥ ਸਬਹਿਨ ਆਨ ਬਧਾਈ ਦਈ ॥ ੩੭੫ ॥ ਧੰਨਯ ਧੰਨਯ ਲੋਗਨ ਕੇ ਰਾਜਾ ॥ ਦੁਸਟਨ ਦਾਹ ਗਰੀਬ ਨਿਵਾਜਾ ॥ ਅਖਲ ਭਵਨ ਕੇ ਸਿਰਜਨਹਾਰੇ ॥ ਦਾਸ ਜਾਨਿ ਮੁਹਿ ਲੇਹੁ ਉਬਾਰੇ ॥ ੩੭੬ ॥

## ਕਬਯੋ ਬਾਚ ॥ ਬੇਨਤੀ ॥ ਚੌਪਈ ॥

ਹਮਰੀ ਕਰੋ ਹਾਥ ਦੈ ਰਛਾ ॥ ਪੂਰਨ ਹੋਇ ਚਿਤ ਕੀ ਇਛਾ ॥ ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥ ੩੭੭ ॥ { ਨੋਟ: ਇਹ ਬੇਨਤੀ ਮਹਾਕਾਲ / ਅਸਿਕੇਤ / ਅਸਿਧੁਜ / ਜਗਤ ਕੇ ਈਸ਼ਵਰ (?) / ਗਰੀਬ ਨਿਵਾਜ (?) ਅੱਗੇ ਕੀਤੀ ਗਈ ਹੈ । ਪੜੋ ਜੀ , ਉਪਰ ਲਿਖੀਆਂ ਚੌਪਈਆਂ ੯੦ ਤੋਂ ੧੦੦ ਤਕ ; ੩੬੬ ,੩੬੭, ੩੭੫, ੩੭੬ । ਇਥੇ ' ਤਵ ਚਰਨਨ ' ਦਾ ਅਰਥ ਮਹਾਕਾਲ ਦੇ ਚਰਨ ਹੈ। ਸਿਰਲੇਖ ੧ੴ ਵਾਹਿਗੁਰੂ ਜੀ ਕੀ ਫਤਿਹ। ਪਾਤਸ਼ਾਹੀ ੧੦ ॥ ਉਪਰ ਕਿਤੇ ਨਹੀਂ ਲਿਖਿਆ ਜੈਸਾ ਕਿ ਗੁਟਕਿਆਂ ਵਿਚ ਲਿਖਿਆ ਮਿਲਦਾ ਹੈ ; ਕੀ ਏਹ ਸਰਾਸਰ ਧੋਖਾ ਜਾਂ ਸ਼ਰਾਰਤ ਨਹੀਂ ? }
ਤੁਮਹਿ ਛਾਡਿ ਕੋਈ ਅਵਰ ਨ ਧਯਾਊਂ ॥ ਜੋ ਬਰ ਚਾਹੋਂ ਸੁ ਤੁਮ ਤੇ ਪਾਊਂ ॥..॥੩੮੦॥ ਅਰਥਾਤ, ਸਿਖ ੧ੴ ਸਤਿਨਾਮੁ ਅਤੇ ਵਾਹਿਗੁਰੂ ਵਾਹਿਗੁਰੂ ਜਪਣਾ ਛੱਡ ਕੇ 'ਮਹਾਕਾਲ ਮਹਾਕਾਲ' ਸ਼ਰੀਰਧਾਰੀ ਨੂੰ ਹੀ ਧਿਆਇਆ ਕਰਣ ! ਕਿਉਂ?
ਹੂਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥ ੩੮੧ ॥ ਇਹ ਬੇਨਤੀ ਅਸਿਧੁਜ / ਮਹਾਕਾਲ ਅੱਗੇ ਹੀ ਕੀਤੀ ਜਾ ਰਹੀ ਹੈ ਜਿਸਦਾ ਸਿਖ ਬਣਾਨ ਸਮੇਂ ਸਿਖ ਨੂੰ ਭੰਗ ਤੇ ਸ਼ਰਾਬ ਪਿਲਾਈ ਜਾਂਦੀ ਹੈ ; ਸਾਰਾ ਤ੍ਰਿਯਾ ਚਰਿਤ੍ਰ ਨੰ: ੨੬੬ ਪੜ੍ਹ ਕੇ ਆਖ਼ਰੀ ਦੋਹਿਰਾ "ਮਹਾਕਾਲ ਕੋ ਸਿੱਖਯ ਕਰਿ ਮਦਿਰਾ ਭਾਂਗ ਪਿਵਾਇ ॥ ਪੰਨਾ ੧੨੧੦" ਧਿਆਨ ਨਾਲ ਪੜਨਾ ਜੀ ।

ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵ ਜੂ ਅਵਤਰਾ॥ ਕਾਲ ਪਾਇ ਕਰਿ ਬਿਸਨ ਪ੍ਰਕਾਸਾ॥ ਸਕਲ ਕਾਲ ਕਾ ਕੀਆ ਤਮਾਸਾ ॥੩੮੩॥ਜਵਨ ਕਾਲ ਜੋਗੀ ਸਿਵ ਕੀਯੋ ॥ਬੇਦ ਰਾਜ ਬ੍ਰਹਮਾ ਜੂ ਥੀਯੋ ॥ ਜਵਨ ਕਾਲ ਸਭ ਲੋਕ ਸਵਾਰਾ ॥ ਨਮਸਕਾਰ ਹੈ ਤਾਹਿ ਹਮਾਰਾ ॥ ੩੮੪ ॥ ਜਵਲ ਕਾਲ ਸਭ ਜਗਤ ਬਨਾਯੋ ॥ ਦੇਵ ਦੈਤ ਜੱਛਨ ਉਪਜਾਯੋ ॥ਆਦਿ ਅੰਤ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥੩੮੫॥ਨਮਸਕਾਰ ਤਿਸਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥..॥੩੮੬॥
ਅਰਥਾਤ, ਜਿਸ ਕਾਲ ਨੇ ਬ੍ਰਹਮਾ,ਸ਼ਿਵ ,ਵਿਸ਼ਨੂੰ ,ਸਾਰਾ ਜਗਤ, ਹੋਰ ਦੇਵਤੇ ਤੇ ਰਾਛਸ ਆਦਿਕ ਬਣਾਏ ;ਉਸਨੂੰ ਅਸੀ ਬਾਰੰਬਾਰ ਨਮਸਕਾਰ ਕਰਦੇ ਹਾਂ ਕਿਉਂਕਿ ਓਹੀ ਆਦਿ ਸਮੇਂ ਤੋਂ ਅਵਤਾਰ ਅਤੇ ਸਾਡਾ ਗੁਰੂ ਹੈ ।ਅੱਗੇ ਚੌਪਈ ੩੮੫ ਵਿਚ ਵੀ ਇਸੇ ਕਾਲ ਨੂੰ "ਆਦਿ ਜੁਗਾਦਿ ਸਰੂਪ ਸੁਯੰਭਵ॥" ਲਿਖਿਆ ਹੈ । ਪਰ ਗੁਰੂ ਗ੍ਰੰਥ ਸਾਹਿਬ ਜੀ ਦਸਦੇ ਹਨ : ੧ੴ ਸਤਿਨਾਮੁ...... ਹੀ ਜਗਤ ਦਾ ਕਰਤਾ ਹੈ, ਸੈਭੰ ਹੈ ਅਤੇ ਓਹੀ ਹੈ "ਆਦਿ ਸਚੁ ਜੁਗਾਦਿ ਸਚੁ॥ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥" ਸਪਸ਼ਟ ਹੈ ਕਿ ਇਹ ਬੇਨਤੀ ਚੌਪਈ ਗੁਰੂ ਗ੍ਰੰਥ ਸਾਹਿਬ ਜੀ ਤੋਂ ਬੇਮੁਖ ਕਰਣ ਵਾਲੀ ਰਚਨਾ ਹੈ ; ਦਸਮ ਨਾਨਕ ਦੀ ਬਾਣੀ ਕਿਵੇਂ ?
ਕਾਲ ਦੀ ਅਸਲੀਯਤ ਜਾਣਨ ਲਈ ਤ੍ਰਿਯਾ ਚਰਿਤ੍ਰ ਨੰ: ੧ (ਪੰਨਾ ੮੦੯ ਤੋਂ ਪੰਨਾ ੮੧੩) ਦਾ ਸਵੈਯਾ ੧੭ਵਾਂ ਪੜੋ ਜੀ :-
ਮੁੰਡ ਕੀ ਮਾਲ ਦਿਸਾਨ ਕੇ ਅੰਬਰ ਬਾਮ ਕਰਯੋ ਗਲ ਮੈਂ ਅਸਿ ਭਾਰੋ ॥ ਲੋਚਨ ਲਾਲ ਕਰਾਲ ਦਿਪੈ ਦੋਊ ਭਾਲ ਬਿਰਾਜਤ ਹੈ ਅਨਿਯਾਰੋ ॥ ਛੂਟੇ ਹੈਂ ਬਾਲ ਮਹਾ ਬਿਕਰਾਲ ਬਿਸਾਲ ਲਸੈ ਰਦ ਪੰਤਿ ਉਜਯਾਰੋ ॥ ਛਾਡਤ ਜਵਾਲ ਲਏ ਕਰ ਬਯਾਲ ਸੁ ਕਾਲ ਸਦਾ ਪ੍ਰਤਿਪਾਲ ਤਿਹਾਰੋ ॥ ੧੭ ॥ (ਪੰਨਾ ੮੧੦) ..ਇਤਿ ਸ੍ਰੀ ਚਰਿਤ੍ਰ ਪਖਯਾਨੇ ਚੰਡੀ ਚਰਿਤ੍ਰੇ ਪ੍ਰਥਮ ਧਯਾਇ..
ਗਲੇ ਵਿਚ ਖੋਪੜੀਆਂ ਦੀ ਮਾਲਾ, ਨੰਗਾ ਸਰੀਰ, ਖੱਬੇ ਪਾਸੇ ਭਾਰੀ ਤਲਵਾਰ, ਮਥੇ ਤੇ ਅੱਖਾਂ ਲਾਲ ਅੰਗਾਰੇ ਵਾਂਙ, ਵਾਲ ਖਿਲਰੇ ਹੋਏ, ਖ਼ੂਨ ਨਾਲ ਲਿਬੜੇ ਦੰਦ ਤੇ ਜੀਭ, ਮੂੰਹ ਵਿਚੋਂ ਨਿਕਲ ਰਹੀਆਂ ਹਨ ਅੱਗ ਦੀਆਂ ਲਪਟਾਂ , ਇਕ ਹਥ ਵਿਚ ਕਟੀ ਹੋਈ ਖੋਪੜੀ...ਐਸੇ ਭਿਆਨਕ ਸਰੂਪ ਵਾਲਾ ਹੈ 'ਕਾਲ', ਤੁਹਾਡਾ ਸਦਾ ਪਾਲਣਹਾਰਾ ।(ਪੜ੍ਹੋ ਜੀ, ਲੇਖ "ਇਸ਼ਟ ਦਾ ਸਰੂਪ")
ਨਿਰੰਕਾਰ ਨਿਰਬਿਕਾਰ ਨ੍ਰਿਲੰਭ ॥ ਆਦਿ ਅਨੀਲ ਅਨਾਦਿ ਅਸੰਭ ॥...॥੩੯੧॥ ਅਰਥਾਤ, ਮਹਾਕਾਲ ਹੀ ਨਿਰੰਕਾਰ ਹੈ,

ਵਿਕਾਰਾਂ (ਭੰਗ ਸ਼ਰਾਬ ਪੀਣ-ਪਿਲਾਣ ਵਾਲਾ ?) ਤੋਂ ਮੁਕਤ ਹੈ, ਕਿਸੇ ਦਾ ਮੁਥਾਜ ਨਹੀ ; ਮਹਾਕਾਲ ਹੀ ਸੰਸਾਰ ਦਾ ਮੁੱਢ ਹੈ, ਬੇਦਾਗ ਹੈ, ਅਨਾਦੀ ਅਤੇ ਜਨਮ-ਮਰਣ-ਜੂਨਾਂ ਤੋਂ ਰਹਤ ਹੈ !!? ਇਹ ਵਿਚਾਰ ਗੁਰਬਾਣੀ ਵਿਰੁਧ ਹੈ ਕਿਉਂਕਿ ਜਪੁ ਬਾਣੀ ਵਿਚ ਰੋਜ਼ ਪੜ੍ਹਦੇ ਹਾਂ ਕਿ **ੴਸਤਿਨਾਮੁ ਵਾਹਿਗੁਰੂ ਹੀ 'ਆਦਿ ਅਨੀਲ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ਪਉੜੀ ੨੮॥' ਇਸ ਤਰ੍ਹਾਂ ਬੇਨਤੀ ਚੌਪਈ ਸਿਖਾਂ ਨੂੰ ਜਪੁ ਬਾਣੀ ਦੇ ਉਲਟ ਸਿਧਾਂਤ ਨਾਲ ਜੋੜ ਰਹੀ ਹੈ ।**

**ਏਕੈ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵ ਕਹੀ ਭੂਪਾ ॥..॥੩੯੪॥**

ਹੂ-ਬ-ਹੂ ਇਹੀ ਪੰਕਤੀਆਂ ਇਸ ਗ੍ਰੰਥ ਦੇ ਪੰਨਾ ੧੫੮ ਤੇ ਲਿਖੀਆਂ ਹਨ ਚੋਪਈ ੩੬ ਤੋਂ ਬਾਦ ਕਾਲ ਦੀ ਉਸਤਤਿ ਵਿਚ :- **ਪ੍ਰਥਮ ਕਾਲ ਸਭ ਜਗ ਕੋ ਤਾਤਾ ॥ ਤਾ ਤੇ ਭਯੋ ਤੇਜ ਬਿਖਯਾਤਾ ॥ਸੋਈ ਭਵਾਨੀ ਨਾਮ ਕਹਾਈ ॥ ਜਿਨ ਸਿਗਰੀ ਯਹ ਸ੍ਰਿਸਟਿ ਉਪਾਈ ॥੨੯॥.. ਕਾਲ ਰੂਪ ਭਗਵਾਨ ਭਨੈਬੋ ॥ ਤਾ ਮਹਿ ਲੀਨ ਜਗਤਿ ਸਭ ਹਵੈਬੋ ॥੩੪॥ ...ਏਕਹ ਰੂਪ ਅਨੂਪ ਸਰੂਪਾ॥ ਰੰਕ ਭਯੋ ਰਾਵ ਕਹੂ ਭੂਪਾ ॥੩੭॥( ਅਰਥਾਤ, ਕਾਲ ਹੀ ਦੇਵੀ ਭਵਾਨੀ / ਕਾਲ-ਰੂਪ ਭਗਵਾਨ / ਸ੍ਰਿਸ਼ਟੀ ਕਰਤਾ ਹੈ !!? )**

**ਜੇ ਅਸਿਧੁਜ ਤਵ ਸਰਣੀ ਪਰੇ ॥ ਤਿਨ ਕੇ ਦੁਸਟ ਦੁਖਿਤ ਹਵੈ ਮਰੇ ॥..॥੩੯੭॥** ਅਰਥਾਤ, ਹੇ ਝੰਡੇ ਉਤੇ ਕ੍ਰਿਪਾਨ ਦੇ ਚਿੰਨ੍ਹ ਵਾਲੇ ਮਹਾਕਾਲ ਜੀ ! ਜਿਹੜੇ ਜਿਹੜੇ ਜੀਵ ਤੁਹਾਡੀ ਸ਼ਰਨੀ ਆ ਪਏ , ਉਨ੍ਹਾਂ ਦੇ ਦੁਸ਼ਟ-ਦੋਖੀ ਦੁਖੀ ਹੋ ਕੇ ਮਰ ਗਏ ।

**ਏਕ ਬਾਰ ਜਿਨ ਤੁਮੈਂ ਸੰਭਾਰਾ ॥ ਕਾਲ ਫਾਂਸ ਤੇ ਤਾਹਿ ਉਬਾਰਾ ॥ ਜਿਨ ਨਰ ਨਾਮ ਤਿਹਾਰੋ ਕਹਾ ॥ ਦਾਰਿਦ ਦੁਸਟ ਦੋਖ ਤੇ ਰਹਾ ॥੪੦੦ ॥ ਖੜਗਕੇਤ ਮੈਂ ਸਰਨਿ ਤਿਹਾਰੀ ॥ ਆਪੁ ਹਾਥ ਦੈ ਲੇਹੁ ਉਬਾਰੀ ॥ਸਰਬ ਠੌਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥੪੦੧॥**ਅਰਥਾਤ, ਹੇ ਮਹਾਕਾਲ ਜੀ ! ਜਿਸ ਜੀਵ ਨੇ ਇਕ ਵਾਰੀ ਤੁਹਾਨੂੰ ਯਾਦ ਕੀਤਾ, ਤੁਸੀ ਉਸਨੂੰ ਕਾਲ ਦੀ ਫਾਹੀ ਤੋਂ ਬਚਾਅ ਲਿਆ। ਜਿਸਨੇ ਤੁਹਾਡਾ ਨਾਮ ਸਿਮਰਿਆ, ਉਹ ਗਰੀਬੀ (ਕੰਗਾਲੀ) ,ਦੁਸ਼ਮਨਾਂ ਅਤੇ ਔਗੁਣਾਂ ਤੋਂ ਬਚ ਗਿਆ ।੪੦੦। ਹੇ ਖੜਗ-ਚਿੰਨ੍ਹ ਦੇ ਝੰਡੇ ਵਾਲੇ ਮਹਾਕਾਲ ਜੀ ! ਮੈਂ ਆਪਜੀ ਦੀ ਸ਼ਰਣ ਆਇਆ ਹਾਂ, ਅਪਣੇ ਹਥ ਦਾ ਸਹਾਰਾ ਦੇ ਕੇ ਮੈਨੂੰ ਬਚਾਅ ਲਉ । ਹਰ ਥਾਂ ਮੇਰੀ ਮਦਦ ਕਰਿਓ, ਮੈਨੂੰ ਦੁਸਟ-ਦੋਖੀਆਂ ਤੋਂ ਬਚਾਅ ਲਉ । ੪੦੧।

**ਅੰਤ ਵਿਚ ਲਿਖਾਰੀ ਅਪਣੇ ਇਸ਼ਟ ਜਗਮਾਤਾ ( ਦੇਵੀ ਮਾਤਾ ਕਾਲਕਾ) ਤੇ ਅਸਿਧੁਜ (ਮਹਾਕਾਲ) ਦਾ ਗ੍ਰੰਥ ਪੂਰਨ ਹੋਣ ਤੇ ਸ਼ੁਕਰਾਨਾ ਕਰਦਾ ਹੈ :- ਕ੍ਰਿਪਾ ਕਰੀ ਹਮ ਪਰ ਜਗਮਾਤਾ ॥ ਗ੍ਰੰਥ ਕਰਾ ਪੂਰਨ ਸੁਭਰਾਤਾ ॥ ..॥੪੦੨॥ ਸ੍ਰੀ ਅਸਿਧੁਜ ਜਬ ਭਏ ਦਇਆਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥..॥੪੦੩॥**

ਉਪਰ ਕੀਤੀ ਵੀਚਾਰ ਤੋਂ ਇਹ ਨੁਕਤੇ ਪ੍ਰਤੱਖ ਹੁੰਦੇ ਹਨ :-

(੧) ਮਹਾਕਾਲ ਰਥ ਤੇ ਚੜ੍ਹਿਆ , ਧਨੁਖ-ਬਾਣ ਚਲਾਏ, ਕ੍ਰੋਧ ਕੀਤਾ, ਕ੍ਰਿਪਾਨ ਚਲਾਈ... ; ਭਾਵ ਸ਼ਰੀਰਧਾਰੀ ਹੈ ,

(੨) ਮਹਾਕਾਲ ਨੂੰ ਪਸੀਨਾ ਆਉਂਦਾ ਹੈ ; ਅਸੀ ਸਭ ਜਾਣਦੇ ਹਾਂ ਕਿ ਪਸੀਨਾ ਕੇਵਲ ਸ਼ਰੀਰਧਾਰੀ ਨੂੰ ਆਉਂਦਾ ਹੈ ,

(੩) ਮਹਾਕਾਲ / ਕਾਲ ਖੋਪੜੀਆਂ ਦੀ ਮਾਲਾ ਗਲ ਵਿਚ ਪਾਉਣ ਵਾਲਾ ਸ਼ਿਵ- ਪਾਰਵਤੀ ਦਾ ਡਰਾਉਣਾ ਸਰੂਪ ਹੈ ,

(੪) ਮਹਾਕਾਲ ਦਾ ਅਰਥ ਵਾਹਿਗੁਰੂ ਨਹੀ ਕਿਉਂਕਿ ਮਹਾਕਾਲ ਦੇ ਸਿਖ ਨੂੰ ਭੰਗ ਤੇ ਸ਼ਰਾਬ ਪੀਣੀ ਪੈਂਦੀ ਹੈ ।

**ਸਪਸ਼ਟ ਹੈ ਕਿ ਇਹ ਬੇਨਤੀ ਚੌਪਈ ਮਹਾਕਾਲ / ਕਾਲਕਾ ਅੱਗੇ ਕੀਤੀ ਅਰਜ਼ੋਈ ਹੈ ਜੋ ਕਿ ਮਿਥਿਹਾਸਕ ਦੇਵਤਾ ਹੈ, ਨ ਕਿ "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ"। ਗੁਰਸਿਖ ਨੂੰ ਗੁਰੂ ਗ੍ਰੰਥ ਸਹਿਬ ਜੀ ਤੋਂ ਬੇਮੁਖ ਕਰਣ ਵਾਲੀ ਇਹ ਰਚਨਾ ਬ੍ਰਾਹਮਣੀ-ਗ੍ਰੰਥਾਂ ਸ਼ਿਵ ਪੁਰਾਣ, ਮਾਰਕੰਡੇਯ ਪੁਰਾਣ ਦਾ ਨਿਚੋੜ ਹੈ, ਗੁਰਬਾਣੀ ਨਹੀ ।**

**ਕਬਯੋ ਬਾਚ ਅਰਥਾਤ ਕਵੀ (ਸ਼ਯਾਮ) ਦੀ ਰਚਨਾ ਹੈ, ਗੁਰਬਾਣੀ ਨਹੀ। ਗੁਰਸਿਖ ਨੂੰ ਪੜ੍ਹਨ ਦੀ ਲੋੜ ਨਹੀ ।**

**ਗੁਰਵਾਕ ਹੈ : ਬਿਖ ਮਹਿ ਅੰਮ੍ਰਿਤੁ ਸਿੰਚੀਐ ਬਿਖ ਕਾ ਫਲੁ ਪਾਇਆ ॥(ਗੁਰੂ ਗ੍ਰੰਥ ਸਾਹਿਬ, ਅੰਗ ੧੨੪੪)**

**ਭਾਵ, ਜ਼ਹਰ ਵਿਚੋਂ ਅੰਮ੍ਰਿਤ ਦਾ ਸਵਾਦ ਕਿਵੇਂ ਪਾਇਆ ਜਾ ਸਕਦਾ ਹੈ ?**

ਗੁਰਸਿਖ ਨੂੰ ਸਤਿਗੁਰੂ ਗੁਰੂ ਗ੍ਰੰਥ ਸਹਿਬ ਜੀ ਦੇ ਇਹ ਫ਼ੁਰਮਾਨ ਮੰਨਣੇ ਚਾਹੀਦੇ ਹਨ :

(੧) ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ਰਹਾਉ॥..
ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥ (ਅੰਗ ੧੧੫੮)

(੨) ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥ (ਅੰਗ ੭੬੧)

(੩) ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥(੯੨੦)

(੪) ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥ (ਅਨੰਦੁ ਬਾਣੀ, ਅੰਗ ੯੨੦)

(੫) ਸਿਵਾ ਸਕਤਿ ਸੰਬਾਦੰ ॥ਮਨ ਛੋਡਿ ਛੋਡਿ ਸਗਲ ਭੇਦੰ ॥ਸਿਮਰਿ ਸਿਮਰਿ ਗੋਬਿੰਦੰ ॥ਭਜੁ ਨਾਮਾ ਤਰਸਿ ਭਵ ਸਿੰਧੰ॥(੮੭੩)
ਅਰਥਾਤ, ਹੇ ਮਨ! ਸ਼ਿਵਾ-ਸ਼ਕਤੀ (ਮਹਾਕਾਲ-ਕਾਲਕਾ), ਜਿਨ੍ਹਾਂ ਤੇ ਕਰਤੇ ਦਾ ਹੁਕਮ ਹੀ ਵਰਤਦਾ ਹੈ, ਦੀਆਂ ਹੋਛੀਆਂ ਕਥਾ ਕਹਾਣੀਆਂ ਦੇ ਚਰਚੇ ਛੱਡ ਕੇ ਸਰਬ-ਵਿਆਪਕ ਪਰਮਾਤਮਾ ੴਸਤਿਨਾਮੁ ਵਾਹਿਗੁਰੂ ਨੂੰ ਸਿਮਰ, ਤਾਂ ਹੀ ਸੰਸਾਰ ਸਾਗਰ ਤੋਂ ਪਾਰ ਹੋ ਸਕਦਾ ਹੈਂ ।

**ਗੁਰਸਿਖ ਨੇ ਅਨਮਤੀ ਗ੍ਰੰਥ ਅਤੇ ਬ੍ਰਾਹਮਣੀ-ਗ੍ਰੰਥਾਂ ਤੇ ਆਧਾਰਿਤ ਗ੍ਰੰਥਾਂ ਨੂੰ ਤਿਆਗ ਕੇ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਗੁਰਬਾਣੀ,ਸੱਚੀ ਬਾਣੀ,ਕਰਕੇ ਮੰਨਣੀ ਹੈ ।**

# ਪ੍ਰਿਥਮ ਵਾਹਿਗੁਰੂ ਸਿਮਰ ਕੇ .., ਪ੍ਰਿਥਮ ਭਗੌਤੀ ਸਿਮਰ ਕੇ.., ਜਾਂ...?

(ਸਿਖ ਰਹਤ ਮਰਯਾਦਾ ਦਾ ਇਹ ਦੋਗਲਾ-ਪਨ ਦੂਰ ਕਰਨ ਲਈ ਸਿਖ ਰਹਤ ਮਰਯਾਦਾ ਵਿਚ ਸੋਧ ਅਤਿ ਜ਼ਰੂਰੀ )

ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ : **ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥** (੫੧੯)
ਗੁਰਸਿਖ ਦੀ ਅਰਦਾਸ ਗੁਰੂ ਅੱਗੇ ਹੀ ਹੋਣੀ ਚਾਹੀਦੀ ਹੈ ਕਿਉਂਕਿ ਗੁਰੂ ਵਿਚ ਅਕਾਲ ਪੁਰਖ (ਵਾਹਿਗੁਰੂ) ਵਸਦਾ ਹੈ :
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥ (ਵਾਰ ਆਸਾ , ਅੰਗ ੪੬੬)

**ਪੰਥ-ਪਰਵਾਣਤ ਕਹੀ ਜਾਂਦੀ ਸਿੱਖ ਰਹਤ ਮਰਯਾਦਾ ਵਿਚ ਗੁਰਮਤਿ ਦੀ ਰਹਿਣੀ ਸਿਰਲੇਖ ਹੇਠ ਲਿਖਿਆ ਹੈ :**
ਸਿਖ ਦੀ ਆਮ ਰਹਿਣੀ, ਕ੍ਰਿਤ , ਵਿਰਤ ਗੁਰਮਤਿ ਅਨੁਸਾਰ ਹੋਵੇ । ਗੁਰਮਤਿ ਇਹ ਹੈ :
(ੳ) ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀ ਕਰਨੀ ।...
(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼ ਇਕੋ ਰੂਪ ਕਰਕੇ ਮੰਨਣਾ ।......
**(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ ।......**
(ਠ) ਗੁਰੂ ਦਾ ਸਿੱਖ ਜਨਮ ਤੋਂ ਲੈਕੇ ਦੇਹਾਂਤ ਤੱਕ ਗੁਰ ਮਰਯਾਦਾ ਕਰੇ ।

**ਉਪਰੋਕਤ ਗੁਰ-ਹੁਕਮ ਅਤੇ ਰਹਤ ਮਰਯਾਦਾ ਦੀਆਂ ਪੰਕਤੀਆਂ ਸਪਸ਼ਟ ਕਰਦੀਆਂ ਹਨ ਕਿ ਗੁਰਸਿਖ ਦੀ ਜਨਮ ਤੋਂ ਲੈਕੇ ਦੇਹਾਂਤ ਤਕ ਅਰਦਾਸ ਗੁਰ ਮਰਯਾਦਾ ਅਨੁਸਾਰ ਵਾਹਿਗੁਰੂ, ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਅੱਗੇ ਹੀ ਹੋਣੀ ਚਾਹੀਦੀ ਹੈ ਨ ਕਿ ਕਿਸੇ ਦੇਵੀ ਦੇਵਤਾ ਅੱਗੇ ।**

**ਭਗੌਤੀ / ਭਗਉਤੀ ਪਦ ਬਾਰੇ ਭੁਲੇਖਾ ਦੂਰ ਕਰਣ ਲਈ ਅਰਥ ਮਹਾਨ ਕੋਸ਼ (ਕ੍ਹਾਨ ਸਿੰਘ) ਵਿਚ ਪੜ੍ਹੋ ਜੀ :-**
(੧). ਭਗਵਤ ਭਕਤ, ਕਰਤਾਰ ਦਾ ਉਪਾਸਕ.
"ਸੋ ਭਗਉਤੀ ਜੋੁ ਭਗਵੰਤੈ ਜਾਣੈ ॥ ਗੁਰਪਰਸਾਦੀ ਆਪੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥ ਜੀਵਤੁ ਮਰੈ ਹਰਿਨਾਮੁ ਵਖਾਣੈ ॥ ਐਸਾ ਭਗਉਤੀ ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ॥" (ਮ :੩, ਵਾਰ ਸਿਰੀ ਰਾਗ,ਅੰਗ ੮੮) ;
ਸਾਧਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥(ਸੁਖਮਨੀ ,ਮ:੫,ਅੰਗ ੨੭੪)॥
(੨). ਭਗਵਤ ਦੀ , "ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥(ਪ੍ਰਭਾਤੀ ਅ:ਮ:੫), ਪਰਮੇਸ਼ਵਰ ਦੇ ਭੇਖ ਦੀ ਮੁਦ੍ਰਾ ਹੈ ਪਰ ਮਨ ਮਾਇਆ ਮੋਹਿਆ . (੩). ਭਗਵਤੀ , ਦੁਰਗਾ ਦੇਵੀ "ਵਾਰ ਸ੍ਰੀ ਭਗਉਤੀ ਜੀ ਕੀ" (ਚੰਡੀ ੩).
(੪).ਖੜਗ ,ਸ੍ਰੀ ਸਾਹਿਬ , ਤਲਵਾਰ "ਲਈ ਭਗਉਤੀ ਦੁਰਗਸਾਹ"(ਚੰਡੀ ੩) "ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥ" (ਸਨਾਮਾ), "ਨਾਉ ਭਗਉਤੀ ਲੋਹ ਘੜਾਇਆ (ਭਾਗੁ) (੫). ਮਹਾਕਾਲ "ਪ੍ਰਿਥਮ ਭਗਉਤੀ ਸਿਮਰ ਕੈ"(ਚੰਡੀ ੩).
(੬).ਇਕ ਛੰਦ, ਕਈ ਥਾਂਈ ਸ੍ਰੀ ਭਗਵਤੀ ਭੀ ਇਸ ਛੰਦ ਦਾ ਨਾਮ ਹੈ।

**ਭਗਉਤੀ ਪਰਥਾਂਇ ਗੁਰਬਾਣੀ (ਵਾਰ ਸਿਰੀ ਰਾਗੁ,ਮ:੩, ਅੰਗ ੮੮) ਦੀਆਂ ਪੰਕਤੀਆਂ ਵਿਚ** "ਭਗਉਤੀ ਐਸਾ ਉਤਮ ਮਨੁਖ ਹੈ ਜਿਸਨੇ ਪਰਮਾਤਮਾ ਨੂੰ ਜਾਣ ਲਿਆ ਹੈ, ਜਿਸਨੇ ਗੁਰੂ ਦੀ ਕਿਰਪਾ ਸਦਕਾ ਆਪਾ ਪਛਾਣ ਲਿਆ ਹੈ ( ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥) ਜਿਸਨੇ ਆਪਣੇ ਭਟਕਦੇ ਮਨ ਨੂੰ ਇਕ ਪ੍ਰਭੂ ਦੇ ਚਰਨਾਂ ਵਿਚ ਟਿਕਾ ਲਿਆ ਹੈ, ਜਿਸਨੇ ਗੁਰੂ-ਹੁਕਮ ਬੁਝ ਕੇ ਗੁਰਮਤਿ ਨਾਮ ਜਪ ਕੇ 'ਜੀਵਤੁ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮੁ ਨ ਹੋਈ ॥(ਅੰਗ ੧੧੦੪)' ਦੀ ਜੀਵਨ-ਜਾਚ ਸਿਖ ਲਈ ਹੈ ; ਹੇ ਨਾਨਕ! ਐਸਾ ਉਤਮ ਪ੍ਰਭੂ-ਭਗਤ ਮਨੁਖ ਹੀ ਸਦਾ-ਥਿਰ ਪਰਮਾਤਮਾ ਵਿਚ ਸਮਾ ਜਾਂਦਾ ਹੈ।

**ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥(ਮ:੩,ਅੰਗ ੮੮) ,**
ਅਰਥਾਤ, ਜਿਸ ਮਨੁਖ ਦੇ ਹਿਰਦੇ ਵਿਚ ਛਲ-ਕਪਟ ਹੋਵੇ ਪਰ ਪ੍ਰਭੂ-ਭਗਤ ਅਖਵਾਏ , ਪਾਖੰਡ ਕਰਮਾਂ ਵਿਚ ਫਸਿਆ ਐਸਾ ਮਨੁਖ ਪਰਮਾਤਮਾ ਨੂੰ ਕਦੀ ਪਾ ਨਹੀ ਸਕਦਾ । ਸੋ, ਇਥੇ ਭਗਉਤੀ ਦਾ ਅਰਥ ਹੈ-ਭਗਵਤ ਭਕਤ / ਕਰਤਾਰ ਦਾ ਉਪਾਸਕ।

**ਗਉੜੀ ਸੁਖਮਨੀ ਮਹਲਾ ੫ ਦੀ ਪਦੀ ...... (ਗੁਰੂ ਗ੍ਰੰਥ ਸਾਹਿਬ, ਅੰਗ ੨੭੪) :-**
ਭਗਉਤੀ ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ ॥ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ ਪੂਜੈ ਸਗਲ ਪਾਰਬ੍ਰਹਮੁ ॥ ਸਾਧਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥ ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥ ਮਨੁ ਤਨੁ ਅਰਪੈ ਬਿਸਨ ਪਰੀਤਿ ॥ ਹਰਿ ਕੇ ਚਰਨ ਹਿਰਦੈ ਬਸਾਵੈ ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥
ਅਰਥਾਤ, ਭਗਉਤੀ ਐਸਾ ਮਨੁਖ ਹੈ ਜਿਸਦੇ ਮਨ ਤੇ ਪ੍ਰਭੂ-ਭਗਤੀ ਦਾ ਰੰਗ ਚੜ੍ਹ ਗਿਆ ਹੈ,ਜਿਸਨੇ ਮਨਮੁਖ ਸਾਕਤ ਦਾ ਸੰਗ ਪੂਰਨ ਤੌਰ ਤੇ ਤਿਆਗ ਦਿੱਤਾ ਹੈ, ਜਿਸਦੇ ਮਨ ਦਾ ਸਭ ਤਰ੍ਹਾਂ ਦਾ ਭਰਮ ਨਾਸ ਹੋ ਗਿਆ ਹੈ, ਸਰਬ-ਵਿਆਪਕ ਪ੍ਰਭੂ ਨੂੰ ਜਪਦਾ ਹੈ, ਜਿਸਨੇ ਗੁਰਮੁਖਾਂ ਦੀ ਸੰਗਤ ਵਿਚ ਜਾ ਕੇ ਮਨ ਤੇ ਚੜ੍ਹੀ ਪਾਪਾਂ (ਮਨਮੁਖੀ ਕਰਮਾਂ) ਦੀ ਮੈਲ ਹਟਾ ਲਈ ਹੈ, ਐਸੇ ਪ੍ਰਭੂ-ਭਗਤ ਦੀ ਸੋਚਣੀ / ਅਕਲ ਸਰਬ-ਸ੍ਰੇਸ਼ਟ ਹੁੰਦੀ ਹੈ । ਐਸੀ ਉਤਮ ਸੋਚਣੀ ਵਾਲਾ ਮਨੁਖ ਹਰ ਸਮੇਂ ਖਾਲਕ ਤੇ ਖਲਕ ਦੀ ਸੇਵਾ ਵਿਚ ਲਗਾ ਰਹਿੰਦਾ ਹੈ, ਪ੍ਰਭੂ-ਪ੍ਰੀਤ ਖ਼ਾਤਰ ਆਪਾ ਵੀ ਕੁਰਬਾਨ ਕਰ ਦਿੰਦਾ ਹੈ , "ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ



vwr sI BgaqI jI ivc vrxn kIq ge
d|qW nwl c|fI dvI dw XD



vwr sI BgaqI jI ivc vrxn kIq ge
d|qW nwl c|fI dvI dw XD

ਪਾਲਿ॥(ਅੰਗ ੬੮੦)" ਮੁਤਾਬਕ ਗੁਰੂ ਦੀ ਸੱਚੀ ਬਾਣੀ ( ਗੁਰ-ਸਬਦ,ਗੁਰ-ਮੰਤਰ) ਰੂਪੀ ਪ੍ਰਭੂ-ਚਰਨ ਹਿਰਦੇ ਵਿਚ ਵਸਾ ਲੈਂਦਾ ਹੈ, ਹੇ ਨਾਨਕ ! ਐਸਾ ਭਗਉਤੀ / ਕਰਤਾਰ ਦਾ ਉਪਾਸਕ ਹੀ ਮਨੁਖਾ-ਜੀਵਨ ਦੀ ਮੰਜ਼ਿਲ "ਅਕਾਲਪੁਰਖੁ" ਨੂੰ ਪਾ ਲੈਂਦਾ ਹੈ ।

**ਕੁਝ "ਅਗਿਆਨੀ / ਚੁੰਚ-ਗਿਆਨੀ"** ਉਪਰ ਲਿਖੇ ਮ:੩ ਅਤੇ ਮ:੫ ਦੇ ਗੁਰਵਾਕ ਸੁਣਾ ਕੇ "ਪ੍ਰਿਥਮ ਭਗੌਤੀ ਸਿਮਰ ਕੈ..." ਵਾਲੀ ਪੰਕਤੀ ਨੂੰ ਅਰਥਾਉਂਣ ਦੀ ਕੋਸ਼ਿਸ਼ ਕਰਦੇ ਹਨ । ਭਗਉਤੀ ਦਾ ਵਾਹਿਗੁਰੂ / ਅਕਾਲ ਪੁਰਖੁ ਅਰਥ ਕਰਣ ਵਾਲੇ "ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥"ਪੰਕਤੀ ਦੇ ਬਿਲਕੁਲ ਗਲਤ ਅਰਥ ਕਰਣਗੇ , ਕਿਉਂਕਿ ਅਰਥ ਹੋਣਗੇ ਕਿ "ਹੇ ਨਾਨਕ ! ਐਸਾ ਅਕਾਲਪੁਰਖ ਅਕਾਲਪੁਰਖ ਨੂੰ ਪਾ ਲੈਂਦਾ ਹੈ।" ਇਸੇ ਤਰ੍ਹਾਂ ਬਾਕੀ ਪੰਕਤੀਆਂ ਦੇ ਅਰਥ ਵੀ ਗ਼ਲਤ ਹੀ ਹੋਣਗੇ ਜੋ ਕਿ ਬਾਣੀ ਗੁਰੂ ਗੁਰੂ ਹੈ ਬਾਣੀ ਦਾ ਘੋਰ ਨਿਰਾਦਰ ਹੋਵੇਗਾ। ਬਾਣੀ-ਗੁਰੂ ਜੀ ਦੇ ਨਿੰਦਕ ਦਾ ਅੰਤ ਬਹੁਤ ਮਾੜਾ ਹੋਵੇਗਾ।

ਪ੍ਰਿਥਮ ਭਗੌਤੀ ਸਿਮਰ ਕੈ...... ਪੰਕਤੀ ਵਿਚ ਭਗੌਤੀ ਦੇ ਅਰਥ ਉਪਰ ਭਾਈ ਕਾਨ੍ਹ ਸਿੰਘ ਜੀ ਨੇ ਲਿਖ ਦਿਤੇ ਹਨ। ਵਧੇਰੇ ਡੂੰਘਾਈ ਨਾਲ ਸਮਝਣ ਲਈ 'ਵਾਰ ਦੁਰਗਾ ਕੀ' ਅਥਵਾ 'ਵਾਰ ਸ੍ਰੀ ਭਗਉਤੀ ਜੀ ਕੀ' ਦੀ ਪੜਚੋਲ ਜ਼ਰੂਰੀ ਹੈ । ਇਹ ਵਾਰ ਬਚਿਤ੍ਰ ਨਾਟਕ ਗ੍ਰੰਥ (ਅਖਉਤੀ ਦਸਮ ਗ੍ਰੰਥ) ਵਿਚ ਪੰਨਾ ਨੰਬਰ ੧੧੯ ਤੋਂ ੧੨੭ ਤਕ ਦਰਜ ਹੈ ਅਤੇ ਇਸ ਵਾਰ ਦੀਆਂ ਕੁਲ ੫੫ ਪਉੜੀਆਂ ਹਨ । ਸਾਰੀ ਵਾਰ ਵਿਚ ਦੇਵੀ ਦੁਰਗਾ ( ਚੰਡੀ ) ਦਾ ਮਹਿਖਾਸੁਰ, ਧੂਮ੍ਰਲੋਚਨ, ਚੰਡ, ਮੁੰਡ, ਸ੍ਰਣਵਤਬੀਜ ( ਰਕਤਬੀਜ ), ਸੁੰਭ , ਨਿਸੁੰਭ ਨਾਂ ਦੇ ਦੈਂਤਾਂ ਨਾਲ ਜੁਧਾਂ ਦਾ ਜ਼ਿਕਰ ਹੈ । ਇਸਦਾ ਆਧਾਰ ਗ੍ਰੰਥ ਮਾਰਕੰਡੈਯ ਪੁਰਾਣ ਹੈ । ਪੰਨਾ ੯੧ ਅਤੇ ੯੫ ਤੇ ਵੀ ਚੰਡੀ ਦੇ ਜੰਗਾਂ ਦਾ ਹਾਲ ਲਿਖਿਆ ਹੈ ਅਤੇ ਸਮਾਪਤੀ ਸੰਕੇਤ ਇਉਂ ਲਿਖੇ ਹਨ :

**ਇਤਿ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ....)** , ਜਿਸਦੀ ਨਾਇਕਾ ਦੇਵੀ ਦੁਰਗਾ ਹੈ ਜਿਸਨੂੰ ਆਦਿ-ਸ਼ਕਤੀ, ਸ਼ਿਵਾ, ਜਗਮਾਇ, ਜਗਮਾਤਾ, ਭਵਾਨੀ, ਭਗਉਤੀ, ਕਾਲ, ਕਾਲੀ, ਕਾਲਕਾ, ਮਹਾਕਾਲੀ ਆਦਿਕ ਨਾਂਵਾਂ ਨਾਲ ਬਿਆਨ ਕੀਤਾ ਗਿਆ ਹੈ । (ਪੜ੍ਹੋ ਜੀ, ਮਾਰਕੰਡੇਯ ਪੁਰਾਣ ਅਤੇ ਉਸਤੇ ਆਧਾਰਿਤ ਪੁਸਤਕ ਸ੍ਰੀ ਦੁਰਗਾ ਸਪਤ-ਸ਼ਤੀ )

**ਇਸ ਵਾਰ ਦੀ ਪਹਿਲੀ ਪਉੜੀ : ਪ੍ਰਿਥਮ ਭਗੌਤੀ ਸਿਮਰ ਕੇ ਗੁਰ ਨਾਨਕ ਲਈ ਧਿਆਇ ॥... ਅਤੇ ਆਖਰੀ ਪਉੜੀ ਨੰ: ੫੫ : ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥ਫੇਰ ਨ ਜੂਨੀ ਆਇਆ ਜਿਨ ਇਹ ਗਾਇਆ॥** ਅਰਥਾਤ, ਸਾਰੀਆਂ ਪਉੜੀਆਂ ਦੇਵੀ ਦੁਰਗਾ ਦੀ ਉਸਤਤਿ,ਵਡਿਆਈ ਕਰਨ ਲਈ ਹੀ ਰਚੀਆਂ ਹਨ । ਭਗਉਤੀ ਦਾ ਅਰਥ ਪ੍ਰਕਰਣ ਅਨੁਸਾਰ ਦੇਵੀ ਦੁਰਗਾ ਹੀ ਹੈ । ਇਸ ਵਾਰ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਰਚਨਾ ਮੰਨਣ ਵਾਲੇ ਦਸਣ ਕਿ ਗੁਰੂ ਨਾਨਕ ਸਾਹਿਬ ਜੀ ਦੀ ਦਸਵੀਂ ਜੋਤ ਨੂੰ ਦੇਵੀ-ਪੂਜਕ ਕਿਵੇਂ ਮੰਨੀਏ ? ਜੇ ਮੰਨੀਏ ਤਾਂ ਉਪਰ ਲਿਖੀ ਮਰਯਾਦਾ (ੳ) ਤੇ (ੲ) ਦੀ ਅਤੇ ਗੁਰਵਾਕ **'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥(੯੬੬) ਦੀ ਉਲੰਘਣਾ ਹੁੰਦੀ ਹੈ।**

**ਦੂਜੀ ਗਲ, ਗੁਰਵਾਕ :** ਤੂ ਕਹੀਅਤ ਹੀ ਆਦਿ ਭਵਾਨੀ ॥ਮੁਕਤਿ ਕੀ ਬਰੀਆ ਕਹਾ ਛਪਾਨੀ ॥(ਅੰਗ ੮੭੪), ਅਨੁਸਾਰ ਇਹ ਦੇਵੀ ਭਵਾਨੀ ਅਰਥਾਤ ਦੁਰਗਾ ਖ਼ੁਦ ਮੁਕਤੀ ਨਹੀ ਦੇ ਸਕਦੀ । ਤਾਂ ਉਸਦਾ ਪਾਠ ਕਿਵੇਂ ਜੂਨਾਂ ਤੋਂ ਬਚਾ ਸਕਦਾ ਹੈ ?

**ਸਪਸ਼ਟ ਹੈ ਕਿ ਪ੍ਰਿਥਮ ਭਗੌਤੀ ਸਿਮਰ ਕੇ ... ਅਰਦਾਸ ਦੀ ਆਰੰਭਤਾ ਗੁਰਮਤਿ ਅਨੁਕੂਲ ਨਹੀ ਕਿਉਂਕਿ ਇਹ ਅਰਦਾਸ ਸਭ ਤੋਂ ਪਹਿਲਾਂ "ਦੇਵੀ ਦੁਰਗਾ / ਦੇਵਤਾ ਮਹਾਕਾਲ" ਨੂੰ ਸਿਮਰ ਕੇ ਕੀਤੀ ਜਾ ਰਹੀ ਹੈ।** ਗੁਰ-ਫੁਰਮਾਨ "ਪੰਡਿਤ ਮੁਲਾ ਜੋ ਲਿਖ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥" ਜੇ ਅਸੀ ਮੰਨ ਲਈਏ ਤਾਂ ਉਪਰੋਕਤ ਗੁਰਮਤਿ ਵੀਚਾਰ ਅਨੁਸਾਰ ਸਿਖ ਦੀ ਅਰਦਾਸ ਦੀ ਸ਼ੁਰੂਆਤ ਇਉਂ ਹੋਣੀ ਚਾਹੀਦੀ ਹੈ ;(ਸੁਝਾਅ ਹੈ, ਪੰਥ ਗੌਰ ਕਰੇ):-

੧ੴ ਸਤਿਗੁਰ ਪ੍ਰਸਾਦਿ ॥ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਜੀਉ ॥
ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥ ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥ ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥ ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥ (ਅੰਗ ੧੪੦੮)
ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥(ਅੰਗ ੫੨੨)
ਧੰਨੁ ਗੁਰੂ ਨਾਨਕ ਸਾਹਿਬ ਜੀ ।ਧੰਨੁ ਗੁਰੂ ਅੰਗਦ ਸਾਹਿਬ ਜੀ । ਧੰਨੁ ਗੁਰੂ ਅਮਰਦਾਸ ਸਾਹਿਬ ਜੀ।ਧੰਨੁ ਗੁਰੂ ਰਾਮਦਾਸ ਸਾਹਿਬ ਜੀ । ਧੰਨੁ ਗੁਰੂ ਅਰਜਨ ਸਾਹਿਬ ਜੀ । ਧੰਨੁ ਗੁਰੂ ਹਰਗੋਬਿੰਦ ਸਾਹਿਬ ਜੀ । ਧੰਨੁ ਗੁਰੂ ਹਰਿਰਾਇ ਸਾਹਿਬ ਜੀ । ਧੰਨੁ ਗੁਰੂ ਹਰਿਕਿਸ਼ਨ ਸਾਹਿਬ ਜੀ । ਧੰਨੁ ਗੁਰੂ ਤੇਗ ਬਹਾਦਰ ਸਾਹਿਬ ਜੀ । ਧੰਨੁ ਗੁਰੂ ਗੋਬਿੰਦ ਸਿੰਘ ਸਾਹਿਬ ਜੀ । ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤ ਧੰਨੁ ਧੰਨੁ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਖਾਲਸਾ ਜੀ ਬੋਲੋ ਜੀ ਵਾਹਿਗੁਰੂ॥
ਅੱਗੇ ਰਹਤ ਮਰਯਾਦਾ ਵਿਚ ਛਪੀ ਅਰਦਾਸ (ਕੁਝ ਥਾਂਈਂ ਸੁਧਾਈ ਦੀ ਲੋੜ ਪੈ ਸਕਦੀ ਹੈ), ਅਤੇ ਅਖੀਰ ਤੇ 'ਨਾਨਕ ਨਾਮ ਚੜ੍ਹਦੀ ਕਲਾ' ਦੀ ਥਾਂ 'ਹੇ ਵਾਹਿਗੁਰੂ ! ਤੇਰੇ ਨਾਮ ਦੀ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ ।' ਉਚਾਰਿਆ ਜਾਵੇ (ਨਾਨਕ ਪਦ ਵਰਤ ਕੇ ਕੋਈ ਰਚਨਾ ਲਿਖਣ ਦਾ ਹੱਕ ਕਿਸੇ ਸਿਖ ਜਾਂ ਜਥੇਦਾਰ ਨੂੰ ਨਹੀ ) ।

**ਵਾਹਿਗੁਰੂ / ਬਾਣੀ ਗੁਰੂ ਸਾਹਿਬ ਜੀ ਦੇ ਸਨਮੁਖ ਨਿਮਾਣੇ ਜਨ ਬਣ ਕੇ ਕੀਤੀ ਅਰਦਾਸ ਹੀ ਪਰਵਾਨ ਹੁੰਦੀ ਹੈ।**
**(ਨੋਟ: ਪ੍ਰਿਥਮ ਅਕਾਲ ਪੁਰਖੁ ਸਿਮਰ ਕੇ .. ਬੋਲਿਆਂ 'ਅਕਾਲ ਪੁਰਖੁ' ਅਤੇ 'ਕਾਲ ਪੁਰਖ =ਦੇਵੀ' ਦਾ ਭੁਲੇਖਾ ਪੈ ਸਕਦਾ ਹੈ)**

# DID GURU GOBIND SINGH WORSHIP CHANDI DEVI BHAGVATI ?

**(** Note : This is to clarify some points, on above subject, in the article written by Dr. Debabrata Das of Kolkata printed in Sikh Review of January , 2008 )

**Dr. D.Das** has very nicely interpreted the quotations from Guru Granth Sahib on pages 227, 456, 1138 and 1162 on the principle of worshipping one and only transcendental Brahm (Nirguna Brahm). He has very correctly summed up that

(1) Sikhs reject all the gods and the goddesses,
(2) these deities, being under the influence of Maya, are unable to know the secrets of the Lord,
(3) these deities cannot help their devotees in the attainment of emancipation,
(4) these deities are prone to death like other beings. So far all O.K.

**Dr.D.Das** has not gone deep into the question "Who is the Author of the Bachitra Natak Granth or the so-called Dasam Granth?" Critical study of this Granth reveals the names of the poet Shyaam (Kabi Shyaam) , poet Raam (Kabi Raam) and poet Kaal (Kabi Kaal). These poets were worshippers of Mahakal-Kalka or destructive-Ardh-narishwar form of Shiv/Durga; the fact amply proved by following statement in the Bachitra Natak Granth or the so called Dasam Granth :-
**Sarabkaal hai Pitaa apaaraa . Debi Kaalka Maat hamaaraa ( page 73)**
Reference to Mahakal (destructive form of Shiv) is taken from Shiv Purana (story of Dvadash-lingama) and reference to Kalka (destructive form of goddess Parbati / Durga) is taken from Markanday Purana. In Debi-Ustat (page 809 in Bachitra Natak Granth) many names have been assigned to this goddess (derived from Markanday Purana's Durga Sapt-shatee, 700 shlokas or verses), such as Durga, Bhavani, Shakti, Bhagvati, Shiva, Kaali, Mahakaali, Kaal, Kaalka,Chhimaa, Manglaa, totalaa and so on.
Even the composition wrongly-called Akaal Ustat has 20 stanzas (211 to 230) praising Goddess Durga, the killer of demon Mahikhasur; last line of each stanza is **Jai jai Hosee Mahikhasur mardan….. which shows that Akaal Ustat is actually Kaal – Ustat or Devi-Durga-Ustat.**
Poets Shyaam & Raam further emphasise that they are worshippers of Mahakal / Kalka:-
**Maen Na Ganeshaeh Pritham Manaun. Kishan Bishan Kabhun Na Dheayaun**
**Kaan sunay Pehchaan na tinn sion. Liv laagee Moree pug ein sion**
**MAHAAKAAL Rakhvaaar Hamaaro. Mahaaloh Hum Kinkar Thaaro. (Page 309 of B.N. Grnth )**
These lines very clearly show that writers know no other deity than Mahakaal, also called Mahaaloh.
A disciple (Sikh) of Mahakaal is beptised by forcing him to drink wine & narcotics :-
**Eh Chhal so Misrah Chhalaa Paahan Dae Bahaae. ]**
**Mahakaal ko Sikh Kar Madiraa Bhaang Pivaae. ] (page 1210 of Bachittar Natak Granth)**
In Mahakal / Kalka temples OR Shiv / Parvati temples madira(alcohol/wine) & Bhang(intoxicant) are distributed as PRASAD , whereas Guru Granth Sahib very strongly forbids the consumption of alcohol, wine , drugs, narcotics etc. in any form as an intoxicant ,
**Amrit Ka Vapaaree hovae Kyaa Mad Chhuchhae Bhao Dhrae.(page 360;Guru Granth Sahib)**
**Thus**, we can easily conclude that Bachittar Natak Granth or the so-called Dasam Granth was not written by Guru Gobind Singh, because in this Granth

(i) one & only transcendental Brahm (ੴ) is not worshipped ,
(ii) consumption of wine/alcohol/ intoxicants is permitted
(iii) adultery / homosexuality is also allowed
(iv) women are defamed ; said to be treacherous
(v) writer-poets commit mistakes / wrong history etc. & permit the reader to rectify mistakes.
**All these are opposed to basic principles laid down in the holy Guru Granth Sahib**.

**We have to** interpret the verses from the so-called Dasam granth **with reference to context, especially Bhagvati in Chandi Chritras.** In Var Sri Bhagauti ji ki OR Durga ki Var (see ending remarks in earlier copies of Bachitra Natak Granth ) where First stanza begins with 'Pritham Bhgauti Simar Ke….' And the last 55th stanza is " Durga Paath Banaeya Sabhaey Pauriaan….." that entire composition is Durga-Paath only ( translated form of 700 shlokas) & this proves beyond any doubt that **Bhagvati is Durga,** the killer of

demons named Mahikhasur, Dhumar-lochan, Shumbh, Nishumbh etc. as described in Markanday Puraan and translated by Poets Shyaam, Raam & Kaal (apparent reason for three-Durga-chritras in Dasam granth). In the following line of Guru Granth Sahib, Sukhmani Mahla 5,

**Bhagauti Bhagwant Bhagat Ka Rang .** Bhagauti is in entirely different context ; here Bhagauti is a 'person' who is devotee of ੴ , the formless God.

The title **Patshaahee 10** written on some pages of the so-called Dasam Granth is also a big Fraud. This fraud is revealed on **page 155** of this so-called Dasam Granth when we go through the lines :

**Patshaahee 10. Ath Chaubees Avtar . ……..Barnat 'Shyaam' Jathaa Mat Bhaaee.**

Name of the writer / Poet Shyaam is very clearly written and this leaves no doubt that Patshahee 10 is written by some mischievous person to defame Guru Gobind Singh and to misguide the Sikhs ; this fraud / trick is played in similar way **on page 669** of the so-called Dasam Granth also. In Guru Granth Sahib, Mahla 1, Mahla 2,…Mahla 9 are written for Gurus upto $9^{th}$ but for tenth Guru **why is Patshaahee 10 instead of Mahla 10 ?** Sikhs , having utmost regard for the Guru, used to address the Guru very humbly with the word Patshaah and thus, Patshaahee 10 is not written by the Guru but by some-one else with malafide intentions. All research scholars should read original texts and should not just copy other writers; **secondary evidence is usually not reliable.**

**While quoting Sikh history,** we have to be careful to analyse it in the light Guru Granth Sahib Vaani and philosophy. Any story that goes against Gurbanee and /or Sikh traditions is not Sikh History which could be distorted by some anti-Guru writers; the fact rightly understood by Dr.D.Das. All the Sikh Gurus were the same Jyot (ੴ) & preached same way / principles of life (jugat) as clarified in Guru Granth Sahib:-

**Jot ohaa Jugat Saai Saih Kaaeyaa Pher palateeae . ( Page 966 , Guru Grnth Sahib )**

**Sixth Guru**, Guru Hargobind Sahib, after the martyrdom of his father Guru, Guru Arjan Sahib, kept two swords and this tradition of **martial spirit** was kept alive by the successors. Ninth Guru, Guru Teg Bahadar Sahib earned this name when he showed prowess in fighting with a sword (Teg) when he was 14 years of age , in a battle against Muslim forces. These Gurus never called sword or Khanda as any Goddess as Creator and nowhere they said anything which could be similar to saying "Jai Tegum.." Why should Guru Gobind Singh be defamed as worshipper of Khanda / Teg / Devi CHANDI /SHIVA etc.etc.? It is an historical fact that Bhai Lehna ( who later on became $2^{nd}$ Guru of the Sikhs, Guru Angad) was worshipper of Devi Durga ,but, after serving Guru Nanak for many years, he clearly understood the real path to God, the GURMAT, and the reality that **Devi Durga cannot help him in attainment emancipation** . This is very clearly written in the Holy Guru Granth Sahib :

**Tu Kaheeat hi Adi-Bhavani. Mukat ki bareeaa kahaan chhapaanee. ( page 874)**

**It is further clarified in Gurbani, Gaurhi Sukhmani Mahla 5,**

**Jab Nirgun Prabh Sahaj Subhai. Tab Shiv Shakti kahau kit thaien.**

which means that **, when God did not create the visible world/universe , where were Shiva and his wife Parvati (Shakti) ? i.e. these so-called Gods & Godesses did not exist.**

**This year** , the Sikhs are celebrating $300^{th}$ anniversary of Guruship of Guru Granth Sahib. Guruship was endowed by Guru Gobind Singh 300 years ago on this very Granth only which was got written by Guru Gobind Singh at Sabo Ki Talvandi (Punjab) after including Gurbani of Ninth Guru in the Adi Granth. **At that time, Dasam Granth did not even exist (refer to introduction by Dr. Ratan Singh Jaggi in the first volume translating the so-called Dasam Granth in five volumes) ;** this is an historical fact every historian ought to know.

**In nutshell,** we conclude that the so-called Dasam Granth, which was originally named as Bachitra Natak Granth , is based on Markanday Puraan, Shiv Puraan, Srimad Bhaagvat Puran (stories of Ramayan, Krisnavtaar, 24 avtaars of Vishnu) and translated by the poets Shyaam, Raam etc in a language, style and principles entirely different from those of the Nine Sikh Guru Nanak(s) & Guru Granth Sahib. Guru Gobind Singh during Guruship period (1675 to1708) never visited Hemkunt & never written or followed or preached anything against the holy Guru Granth Sahib. **He was undoubtedly worshipper of only & only ੴ .**

**GURU GOBIND SINGH NEVER WORSHIPPED DURGA / CHANDI / SHIVA / KALKA.**

**Every Gur-Sikh should follow Guru Granth Sahib only as ordained by Guru Gobind Singh in 1708. All other Granths are just literature (Kachchee Bani) and not Gurbani.**

**(Dalbir Singh, M.Sc.,31-D, Madan Park, East Punjabi Bagh, New Delhi-110026, Ph.91-9899058458)**

## ਬਚਿਤ੍ਰ ਨਾਟਕ ਗ੍ਰੰਥ ਜਾਂ ਕਵਿ ਸ਼ਯਾਮ / ਕਵਿ ਰਾਮ ਗ੍ਰੰਥ ਜਾਂ

# ਅਖਉਤੀ ਦਸਮ ਗ੍ਰੰਥ ਜਾਂ ਮਹਾਕਾਲ-ਕਾਲਕਾ-ਗ੍ਰੰਥ

ਸਿਖ ਜਗਤ ਵਿਚ ਜਿਸ ਗ੍ਰੰਥ ਨੂੰ ਦਸਮ ਗ੍ਰੰਥ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਉਹ ਗ੍ਰੰਥ ਦਸਮ ਨਾਨਕ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਨਹੀ ਹੈ । ਇਸ ਗ੍ਰੰਥ ਵਿਚ ਇਸ਼ਟ ਦਾ ਸਰੂਪ '੧ੴਸਤਿਨਾਮੁ' ਨਹੀ ਬਲਕਿ ਸ਼ਿਵ-ਪਾਰਵਤੀ ਦਾ ਜੁੜਵਾਂ ਭਿਆਨਕ ਸਰੂਪ ਮਹਾਕਾਲ-ਕਾਲਕਾ ਹੈ । ਨਕਲੀ ਲਿਖਾਰੀ-ਕਵੀ ਵਾਮ-ਮਾਰਗੀ ਕਵੀ ਸ਼ਯਾਮ,ਕਵੀ ਰਾਮ..ਸਨ ਜੋ ਕਿ ਮਹਾਕਾਲ-ਕਾਲਕਾ ਦੇ ਉਪਾਸਕ ਸਨ ।
ਇਸ ਗ੍ਰੰਥ ਦੀ ਡੂੰਘੀ ਪੜਚੋਲ ਸਿਧ ਕਰਦੀ ਹੈ ਕਿ ਇਹ ਗ੍ਰੰਥ ਤਿੰਨ ਬ੍ਰਾਹਮਣੀ ਗ੍ਰੰਥਾਂ ਤੇ ਆਧਾਰਤ ਹੈ :-

(੧) **ਮਾਰਕੰਡੇਯ ਪੁਰਾਣ :-** ਸ਼ਿਵ ਦੀ ਪਤਨੀ ਦੇਵੀ ਪਾਰਵਤੀ ਦੇ ਅਵਤਾਰਾਂ ਚੰਡੀ,ਦੁਰਗਾ,ਸ਼ਿਵਾ,ਕਾਲ,ਭਗੌਤੀ, ਭਵਾਨੀ, ਕਾਲੀ ਮਹਾਕਾਲੀ, ਕਾਲਕਾ ਦੀਆਂ ਦੈਂਤਾਂ ਨਾਲ ਜੰਗ-ਕਥਾਵਾਂ ਅਤੇ ਦੇਵੀ ਉਸਤਤਿ । ਦੇਵੀ-ਪ੍ਰਸੰਗਾਂ ਦੇ ਅੰਤ ਵਿਚ ਲਿਖੇ ਸਮਾਪਤੀ ਸੰਕੇਤ 'ਇਤੀ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਮਾਰਕੰਡੇ ਪੁਰਾਣੇ...' ਮਾਰਕੰਡੇ ਪੁਰਾਣ ਤੇ ਆਧਾਰਿਤ ਹੋਣ ਦਾ ਪ੍ਰਤੱਖ ਸਬੂਤ ਹਨ ।
(੨) **ਸ਼ਿਵ ਪੁਰਾਣ :-** ਦੇਵਤਾ ਸ਼ਿਵ ਦੇ ਅਵਤਾਰਾਂ ਦੀਆਂ ਕਥਾਂਵਾਂ ਅਤੇ ਸ਼ਿਵ ਦੇ ੧੨ ਲਿੰਗਾਂ ਦੀ ਕਥਾ ਮੁਤਾਬਕ ਸ਼ਿਵ ਦੇ ਭਿਆਨਕ ਰੂਪ ਮਹਾਕਾਲ (ਜਿਸਦਾ ਮੰਦਿਰ ਉੱਜੈਨ,ਮੱਧ ਪ੍ਰਦੇਸ਼ ਵਿਚ ਹੈ), ਜਿਸਦੇ ਹੋਰ ਨਾਂ ਬਚਿਤ੍ਰ ਨਾਟਕ ਗ੍ਰੰਥ ਵਿਚ ਸਰਬਕਾਲ,ਸਰਬਲੋਹ, ਖੜਗਕੇਤ,ਅਸਿਧੁਜ,ਅਸਿਕੇਤ ਵਗੈਰਾ ਲਿਖੇ ਹਨ,ਦੀ ਉਸਤਤਿ ਹੈ । ਸ਼ਿਵ ਸਹਸਤ੍ਰ-ਨਾਮਾ ਵਿਚ ਸ਼ਿਵ ਨੂੰ ਅਕਾਲ-ਪੁਰਖੀ ਗੁਣਾਂ ਵਾਲਾ ਬਿਆਨ ਕੀਤਾ ਗਿਆ ਹੈ ਜਿਸ ਤੋਂ ਸਿਖ ਕੌਮ ਭੁਲੇਖਾ ਖਾ ਕੇ 'ਨਮੋ ਕਾਲ ਕਾਲੇ', 'ਨਮੋ ਸਰਬ ਕਾਲੇ' ਨੂੰ ਵਾਹਿਗੁਰੂ-ਉਸਤਤਿ ਸਮਝ ਰਹੀ ਹੈ। ਸ਼ਿਵ ਪੁਰਾਣ ਵਿਚ ਔਰਤਾਂ ਨੂੰ ਮਾੜੇ ਚਲਨ ਵਾਲੀਆਂ ਦਸਿਆ ਗਿਆ ਹੈ ; ( ਚਰਿਤ੍ਰੋ ਪਾਖਯਾਨ ਦਾ ਆਧਾਰ )।
(੩) **ਸ੍ਰੀਮਦ ਭਾਗਵਤ ਪੁਰਾਣ :-** ਇਸ ਪੁਰਾਣ ਦੇ ਦਸਮ ਸਕੰਧ ( ਦਸਵਾਂ ਕਾਂਡ) ਦੀਆਂ ਲੜੀਵਾਰ ਕਥਾਵਾਂ ਨੇ ਬਚਿਤ੍ਰ ਨਾਟਕ ਗ੍ਰੰਥ ਦਾ ਤਕਰੀਬਨ ਚੌਥਾ ਹਿੱਸਾ ਦੇਵਤਾ ਵਿਸ਼ਨੂ ਦੇ ੨੪ ਅਵਤਾਰਾਂ ਰਾਮ, ਕ੍ਰਿਸ਼ਨ ਆਦਿਕ ਦੀਆਂ ਕਥਾਂਵਾਂ ਨੇ ਮਲਿਆ ਹੈ । ਸਮਾਪਤੀ ਸੰਕੇਤ 'ਇਤੀ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਦਸਮ ਸਕੰਧ ਪੁਰਾਣੇ...' ਭਾਗਵਤ ਪੁਰਾਣ ਤੇ ਆਧਾਰਤ ਹੋਣ ਦਾ ਪ੍ਰਤੱਖ ਸਬੂਤ ਹਨ । ਚਲਾਕ ਸਿਖ-ਵਿਰੋਧੀਆਂ ਨੇ 'ਦਸਮ ਸਕੰਧ' ਨੂੰ 'ਦਸਮ ਗ੍ਰੰਥ' ਕਰਕੇ ਸਿਖਾਂ ਨੂੰ ਭੁਲੇਖਾ ਪਾਇਆ ਹੈ । ਕਵਿ ਰਾਮ / ਕਵਿ ਸ਼ਯਾਮ ਨੇ ਇਹਨਾਂ ਅਵਤਾਰਾਂ ਨੂੰ ਵੀ ਸ਼ਿਵ-ਦੁਰਗਾ ਅਥਵਾ ਮਹਾਕਾਲ-ਕਾਲਕਾ ਦਾ ਉਪਾਸਕ ਸਿਧ ਕੀਤਾ।

**ਇਸ ਬਚਿਤ੍ਰ ਨਾਟਕ (Strange Drama) ਗ੍ਰੰਥ / ਅਖੌਤੀ (so called) ਦਸਮ ਗ੍ਰੰਥ ਦੀਆਂ ਕੁਝ ਪੰਕਤੀਆਂ** ਪੰਨਾ ਨੰਬਰ ਸਹਿਤ ਹੇਠ ਲਿਖਤ ਹਨ । ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਨਾਲ ਤੁਲਨਾ ਕੀਤਿਆਂ ਸਪਸ਼ਟ ਹੋ ਜਾਂਦਾ ਹੈ ਕਿ ਸਿਖਾਂ ਨੂੰ ਕੁਰਾਹੇ ਪਾਉਣ (੧ੴਸਤਿਨਾਮੁ .. ਤੋਂ ਤੋੜਨ) ਲਈ ਹੀ ਇਸ ਗ੍ਰੰਥ ਨਾਲ ਜੋੜਿਆ ਜਾ ਰਿਹਾ ਹੈ :-

## ਪੰਨਾ੭੩ : ਸਰਬਕਾਲ ਹੈ ਪਿਤਾ ਅਪਾਰਾ॥ਦੇਬਿ ਕਾਲਕਾ ਮਾਤ ਹਮਾਰਾ॥(ਇਸ਼ਟ ਦਾ ਸਰੂਪ)

ਅਰਥਾਤ, ਸਰਬਕਾਲ(ਮਹਾਕਾਲ) ਪਿਤਾ ਹੈ ਅਤੇ ਕਾਲਕਾ ਮਾਤਾ ਹੈ ; ਇਹ ਹੈ ਇਸ ਗ੍ਰੰਥ ਵਿਚ ਇਸ਼ਟ ਦਾ ਸਰੂਪ । ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ੧ੴਸਤਿਨਾਮੁ ਅਰਥਾਤ ਨਿਰਾਕਾਰ ਪ੍ਰਭੂ ਨੂੰ "ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ॥" ਮੰਨਦੀ ਹੈ। ਇਸ ਤਰ੍ਹਾਂ ਇਹ ਕਵਿ-ਰਚਿਤ-ਗ੍ਰੰਥ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਰੋਧੀ ਗ੍ਰੰਥ ਹੈ ।
**ਇਸ ਬਚਿਤ੍ਰ ਨਾਟਕ ਗ੍ਰੰਥ ਦੇ ਲਿਖਾਰੀ ਕਈ ਗਲਤੀਆਂ ਕਰਦੇ ਹਨ,ਭੁਲਣਹਾਰ ਹਨ।**ਹੇਠ ਲਿਖੇ ਪ੍ਰਮਾਣ ਗੌਰ ਨਾਲ ਪੜੋ ਜੀ :
**ਪੰਨਾ ੪੭:** ਪ੍ਰਿਥਮ **ਕਾਲ** ਜਬ ਕਰਾ ਪਸਾਰਾ॥ ...ਏਕ ਸ੍ਰਵਣ (ਕਾਨ) ਤੇ ਮੈਲ ਨਿਕਾਰਾ॥ਤਾਂਤੇ ਮਧੁ ਕੀਟਭ ਤਨ ਧਾਰਾ॥ ਦੁਤੀਆ ਕਾਨ ਤੇ ਮੈਲ ਨਿਕਾਰੀ॥ਤਾਂਤੇ ਭਈ ਸ੍ਰਿਸਟੀ ਸਾਰੀ॥(ਨੋਟ: ਸ੍ਰਿਸਟੀ ਰਚਨਾ ਦਾ ਇਹ ਸਿਧਾਂਤ 'ਅਰਬਦ ਨਰਬਦ ਧੁੰਧੂਕਾਰਾ..' ਗੁਰਬਾਣੀ ਅਤੇ ਵਿਗਿਆਨਕ ਖੋਜ ਦੇ ਵਿਰੁਧ ਹੈ । ਕੰਨਾਂ ਦੀ ਮੈਲ ਨਾਲ ਸੰਸਾਰ ਰਚਨਾ ਕਿਵੇਂ? ਕੀ ਵਾਹਿਗੁਰੂ ਸ਼ਰੀਰਧਾਰੀ ਹੈ ? )
**ਪੰਨਾ ੧੧੯ :ਪੁਰਾਤਨ ਬੀੜਾਂ ਵਿਚ ਲਿਖੇ (ਵੇਖੋ ਪਹਿਲੀ ਪੋਥੀ ਟੀਕਾ ਡਾ: ਰਤਨ ਸਿੰਘ ਜਗੀ )** ਸਮਾਪਤੀ ਸੰਕੇਤ ਮੁਤਾਬਿਕ ਇਹ **ਵਾਰ ਦੁਰਗਾ ਕੀ** ਹੈ ਜਿਸਨੂੰ ਹੁਣ ਵਾਰ ਸ੍ਰੀ ਭਗਉਤੀ ਕੀ ਕਿਹਾ ਜਾਂਦਾ ਹੈ । ਇਸ ਵਾਰ ਦੀ ਪਹਿਲੀ ਪਉੜੀ - "ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ॥" ਅਤੇ ਆਖਰੀ ਪਉੜੀ-" **ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥..੫੫॥** ਸਪਸ਼ਟ ਹੈ ਕਿ ਇਥੇ ਭਗਉਤੀ ਦਾ ਅਰਥ ਦੇਵੀ ਦੁਰਗਾ ਹੈ । ਸਿਖ ਦੀ ਅਰਦਾਸ ਨਿਰਾਕਾਰ ਪਰਮਾਤਮਾ ਜਾਂ ਗੁਰੂ ਅੱਗੇ ਹੁੰਦੀ ਹੈ ਨ ਕਿ ਦੇਵੀ ਦੁਰਗਾ ਅੱਗੇ । ਜੇਕਰ ਸਿਖ ਪੰਥ ਅਰਦਾਸ ਦੀ ਪਹਿਲੀ ਪੰਕਤੀ ਬਦਲ ਕੇ " ਪ੍ਰਿਥਮ ਵਾਹਿਗੁਰੂ ਸਿਮਰ ਕੇ ...॥" ਸੋਧ ਦੇਵੇ ਤਾਂ ਬੇਹਤਰ ਹੋਵੇਗਾ ।(**ਨੋਟ :ਇਸ ਗ੍ਰੰਥ ਦੇ ਭੁਲਣਹਾਰ ਲਿਖਾਰੀ ਕਵੀਆਂ ਨੇ ਕਈ ਪੰਨਿਆਂ ਤੇ ਲਿਖਿਆ ਹੈ :- "ਭੂਲ ਹੋਇ ਕਬਿ ਲੇਹੁ ਸੁਧਾਰੀ ॥" ਅਰਥਾਤ,** ਲਿਖਾਰੀ ਕਵੀਆਂ ਨੂੰ ਕੋਈ ਇਤਰਾਜ਼ ਨਹੀ ਜੇ ਅਸੀ ਇਸ ਗ੍ਰੰਥ ਦੀ ਕੋਈ ਪੰਕਤੀ ਸੁਧਾਰ ਕਰ ਲਈਏ ਜਾਂ ਹਟਾ ਦਈਏ ।)

**ਪੰਨਾ ੧੫੫ : ॥ਪਾਤਸ਼ਾਹੀ ੧੦॥ਅਥ ਚੋਬੀਸ ਅਵਤਾਰ॥.. ਸੁਨੀਅਹੁ ਸੰਤ ਸਭੈ ਚਿਤ ਲਾਈ॥ ਬਰਨਤ ਸਯਾਮ ਜਥਾ ਮਤ ਭਾਈ॥੧॥** ਸਯਾਮ-ਕਵਿ-ਛਾਪ ਸਿਧ ਕਰਦੀ ਹੈ ਕਿ ਪਾਤਸ਼ਾਹੀ ੧੦ ਲਿਖ ਕੇ ਸਿੱਖਾਂ ਨੂੰ ਧੋਖਾ ਦਿੱਤਾ ਜਾ ਰਿਹਾ ਹੈ। ਸੋ ਅਰਦਾਸ ਦਾ ਸਿਰਲੇਖ "ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦" ਹਟਾ ਕੇ ਕੀਤੀ ਗਈ ਅਰਦਾਸ ਗੁਰਮਤਿ ਵਿਰੁਧ ਨਹੀ ਹੋਵੇਗੀ । ਪੰਥ ਦੇ ਆਗੂਆਂ ਨੂੰ ਸਨਿਮਰ ਬੇਨਤੀ ਹੈ ਕਿ ਇਸ ਮਸਲੇ ਤੇ ਸਿਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਕੂਲ ਸੇਧ ਦੇਣ ।

**ਪੰਨਾ ੩੦੯: ॥ਚੋਪਈ॥ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ॥ਕਿਸਨ ਬਿਸਨ ਕਬਹੁ ਨ ਧਿਆਊਂ॥...ਛੰਦ-੪੩੪॥ ਮਹਾਕਾਲ ਰਖਵਾਰ ਹਮਾਰੋ॥ ਮਹਾਲੋਹ ਹਮ ਕਿੰਕਰ ਥਾਰੋ॥ਛੰਦ-੪੩੫॥ (ਨੋਟ: ਲਿਖਾਰੀ ਕਵਿ ਸਯਾਮ ਦਾ ਰਖਵਾਲਾ ਉਸਦਾ ਇਸ਼ਟ ਮਹਾਕਾਲ ਅਥਵਾ ਮਹਾਲੋਹ / ਸਰਬਲੋਹ ਹੈ । ਮਹਾਕਾਲ ਦਾ ਅਰਥ ਵਾਹਿਗੁਰੂ ਨਹੀ ; ਅੱਗੇ ਪੰਨਾ ੧੨੭੦ ਦਾ ਦੋਹਰਾ ਪੜੋ ਜੀ ।**

**ਪੰਨਾ ੭੧੧ :ਕੇਵਲ 'ਕਾਲ' ਈ ਕਰਤਾਰ॥**(ਕਾਲ ਸ੍ਰਿਸਟੀ ਦਾ ਰਚਨਹਾਰਾ ਕਿਵੇਂ ? (ਵੇਖੋ ਉਪਰ ਪੰ: ੪੭ )

ਪੰਨਾ ੮੦੯ : ਦੁਰਗਾ ਤੂੰ ਛਿਮਾ ਤੂੰ ਸ਼ਿਵਾ ਰੂਪ ਤੇਰੋ ॥( ਦੇਵੀ ਦੁਰਗਾ ਦੇ ਅਨੇਕ ਨਾਂ ; ਚਰਿਤ੍ਰੋ ਪਾਖਯਾਨ ਦੇ ਸ਼ੁਰੂ ਵਿਚ ਦੇਵੀ-ਉਸਤਤ ਵਿਚੋਂ । ਸਪਸ਼ਟ ਹੈ ਕਿ ਦੇਵੀ ਦੁਰਗਾ ਹੀ ਸ਼ਿਵਾ ਹੈ) । ਇਸ ਗ੍ਰੰਥ ਦੇ ਪੰਨਾ ੯੯ ਤੇ ਲਿਖੀ ਰਚਨਾ "ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥" ਵਿਚ **ਸ਼ਿਵਾ ਦਾ ਅਰਥ ਦੁਰਗਾ** ਹੀ ਸਿਧ ਹੁੰਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇਵੀ ਦੁਰਗਾ ਨੂੰ ੧ੴ ਦਾ ਸੇਵਕ ਮੰਨਦੀ ਹੈ "**ਦੁਰਗਾ ਕੋਟਿ ਜਾ ਕੇ ਮਰਦਨ ਕਰਹਿ ॥**" ਇਸ ਲਈ ਗੁਰਸਿਖਾਂ ਨੂੰ " ਦੇਹ ਸ਼ਿਵਾ ਬਰ ਮੋਹਿ ਇਹੈ..." ਰਚਨਾ ਨ ਪੜਨੀ ਚਾਹੀਦੀ ਹੈ ਨ ਗਾਇਨ ਕਰਨੀ ਚਾਹੀਦੀ ਹੈ ।

**ਪੰਨਾ ੮੧੦ :-'ਕਾਲ / ਕਾਲਕਾ ਦਾ ਭਿਆਨਕ ਸਰੂਪ ਜਗ ਦਾ ਪਾਲਣਹਾਰ (?)** (ਗੁਰਮਤਿ ਵਿਰੋਧੀ ਵਿਚਾਰ)

**ਮੁੰਡ ਕੀ ਮਾਲ ਦਿਸਾਨ ਕੇ ਅੰਬਰ ਬਾਮ ਕਰਯੋ ਗਲ ਮੈ ਅਸਿ ਭਾਰੋਂ॥ ਲੋਚਨ ਲਾਲ ਕਰਾਲ ਦਿਪੈ ਦੋਊ ਭਾਲ ਬਿਰਾਜਤ ਹੈ ਅਨਿਯਾਰੋ॥ ਛੂਟੇ ਹੈ ਬਾਲ ਮਹਾ ਬਿਕਰਾਲ ਬਿਸਾਲ ਲਸੈ ਰਦ ਪੰਤਿ ਉਜਯਾਰੋ॥ ਛਾਡਤ ਜਵਾਲ ਲਏ ਕਰ ਬਯਾਲ ਸੁ 'ਕਾਲ' ਸਦਾ ਪ੍ਰਤਿਪਾਲ ਤਿਹਾਰੋ॥**

**ਅਰਥਾਤ ਗਲੇ ਵਿਚ ਖੋਪੜੀਆਂ ਦੀ ਮਾਲਾ, ਸਰੀਰ ਨੰਗਾ, ਖੱਬੇ ਪਾਸੇ ਭਾਰੀ ਤਲਵਾਰ, ਲਾਲ ਅੰਗਾਰੇ ਵਰਗੀਆਂ ਡਰਾਉਣੀਆਂ ਅੱਖਾਂ ਬਿਖਰੇ ਵਾਲ, ਖੂਨ ਨਾਲ ਲਿਬੜੇ ਦੰਦ, ਮੂੰਹ ਚੋਂ ਨਿਕਲਦੀਆਂ ਅੱਗ ਦੀਆਂ ਲਪਟਾਂ.. ਇਹ 'ਕਾਲ' ਤੁਹਾਡਾ ਪਾਲਣਹਾਰ !??? ਚੋਪਈ 'ਹਮਰੀ ਕਰੋ ਹਾਥ ਦੇ ਰਛਾ' ਵਿਚ ਇਸੇ ਮਹਾਕਾਲ/ ਕਾਲ ਦਾ ਉਪਾਸਕ ਗੁਰੂ ਜੀ ਅਤੇ ਸਿਖਾਂ ਨੂੰ ਬਣਾਇਆ ਜਾ ਰਿਹਾ ਹੈ।**

**ਪੰਨਾ ੧੨੭੦ :-** ਚਰਿਤ੍ਰੋ ਪਾਖਯਾਨ ਨੰ: ੨੬੬ ਦਾ ਆਖਰੀ ਦੋਹਿਰਾ :

**ਇਹ ਛਲ ਸੋ ਮਿਸਰਹ ਛਲਾ ਪਾਹਨ ਦਏ ਬਹਾਇ॥ ਮਹਾਕਾਲ ਕੋ ਸਿਖਯ ਕਰਿ ਮਦਿਰਾ ਭਾਂਗ ਪਿਵਾਇ ॥**

**ਅਰਥਾਤ ਮਹਾਕਾਲ ਦੇ ਸਿਖ ਨੂੰ ਕੜਾਹ-ਪ੍ਰਸ਼ਾਦ ਨਹੀ, ਭੰਗ ਤੇ ਸ਼ਰਾਬ ਛਕਾਈ ਜਾਂਦੀ ਹੈ। ਪਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਸ਼ੀਲੇ ਪਦਾਰਥ ਵਰਤਣ ਵਰਤਾਣ,ਛਕਣ ਛਕਾਉਣ ਤੋਂ ਸਖਤੀ ਨਾਲ ਮਨ੍ਹਾ ਕਰਦੀ ਹੈ । ਸਪਸ਼ਟ ਸਿਧ ਹੁੰਦਾ ਹੈ ਕਿ ਮਹਾਕਾਲ ਦਾ ਅਰਥ ਵਾਹਿਗੁਰੂ ਜਾਂ ਮੂਲ-ਮੰਤ੍ਰ ਵਿਚ ਬਿਆਨ ਕੀਤਾ ਅਕਾਲ ਪੁਰਖੁ ਜਾਂ ਨਿਰਾਕਾਰ ਪਰਮਾਤਮਾ ਨਹੀ । ਸ਼ਿਵ/ਕਾਲੀ ਮੰਦਿਰਾਂ ਵਿਚ ਭੰਗ/ਸ਼ਰਾਬ ਦਾ ਹੀ ਪਰਸ਼ਾਦ ਦਿਤਾ ਜਾਂਦਾ ਹੈ।**

**ਪੰਨਾ ੧੩੮੭॥ ਕਬਯੋ ਬਾਚ ਬੇਨਤੀ॥ਚੋਪਈ॥**(ਰਹਿਰਾਸ ਵਿਚ ਪੜ੍ਹੀ ਜਾਂਦੀ ਚੌਪਈ : ਗ੍ਰੰਥ ਵਿਚ ਪਾ:੧੦ ਅੰਕਤ ਨਹੀ ਪਰ ਗੁਟਕੇ ਛਾਪਣ ਵਾਲੇ ਮਨ-ਮਰਜ਼ੀ ਨਾਲ ਛਾਪੀ ਜਾ ਰਹੇ ਹਨ।) ਹਮਰੀ ਕਰੋ ਹਾਥ ਦੈ ਰਛਾ॥..ਜਵਨ **ਕਾਲ** ਸਭ ਜਗਤ ਬਨਾਯੋ॥..ਆਦਿ ਅੰਤ ਏਕੈ ਅਵਤਾਰਾ(?)॥ਸੋਈ ਗੁਰੂ ਸਮਝਿਯੋ ਹਮਾਰਾ॥... ਖੜਗਕੇਤ (ਮਹਾਕਾਲ) ਮੈ ਸਰਨ ਤੁਮਾਰੀ ॥(ਨੋਟ :ਇਹ ਰਚਨਾ ਆਖ਼ਰੀ ਤ੍ਰਿਯਾ ਚਰਿਤ੍ਰ ਦਾ ਅੰਸ਼ ਹੈ , ਮਹਾਕਾਲ-ਕਾਲਕਾ ਦਾ ਦੈਂਤਾਂ ਨਾਲ ਜੰਗ ; ਮਹਾਕਾਲ ਨੂੰ ਪਸੀਨਾ ਆਉਣਾ ਸਿਧ ਕਰਦਾ ਹੈ ਕਿ ਮਹਾਕਾਲ ਸ਼ਰੀਰਧਾਰੀ ਦੇਵਤਾ ਹੈ। ਤ੍ਰਿਯਾ ਚਰਿਤ੍ਰ ਅਸ਼ਲੀਲ ਅਤੇ ਗੁਰਮਤਿ ਵਿਰੁਧ ਹਨ, ਜੋ ਗੁਰੁ-ਰਚਿਤ ਹੋ ਹੀ ਨਹੀ ਸਕਦੇ)। ਇਹ ਚੌਪਈ ਮਹਾਕਾਲ-ਕਾਲਕਾ ਨੂੰ ਸੰਬੋਧਨ ਕਰਕੇ ਕੀਤੀ ਗਈ ਕਵਿ ਸ਼ਯਾਮ / ਕਵਿ ਰਾਮ ਦੀ ਬੇਨਤੀ ਹੈ। ਸਿਖਾਂ ਨੂੰ ਧੋਖੇ ਵਿਚ ਰਖਕੇ ਕੱਚੀ ਬਾਣੀ ਨਾਲ ਜੋੜਨ ਦੀ ਸਿਖ-ਵਿਰੋਧੀਆਂ ਦੀ ਸਾਜ਼ਸ਼ ਹੈ ।

**ਸ਼ਿਵ-ਪਾਰਬਤੀ ਦਾ ਜੁੜਵਾਂ ਅਰਧ-ਨਾਰੀਸ਼ਵਰ ਰੂਪ 'ਮਹਾਕਾਲ-ਕਾਲਕਾ' ਇਸ ਗ੍ਰੰਥ ਦੇ ਲਿਖਾਰੀ ਕਵੀਆਂ ਦਾ ਇਸ਼ਟ ਹੈ, ਨਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ।**

**ਰਾਮਕਲੀ ਮਹਲਾ ੫ ॥ ਜਪਿ ਗੋਬਿੰਦੁ ਗੋਪਾਲ ਲਾਲੁ ॥**
**ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾਕਾਲੁ ॥੧॥ ਰਹਾਉ॥**
**ਕੋਟਿ ਜਨਮ ਭ੍ਰਮਿ ਭ੍ਰਮਿ ਭ੍ਰਮਿ ਆਇਓ ॥ ਬਡੈ ਭਾਗਿ ਸਾਧ ਸੰਗਿ ਪਾਇਓ ॥੧॥**
**ਬਿਨੁ ਗੁਰ ਪੂਰੇ ਨਾਹੀ ਉਧਾਰੁ ॥ ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥੨॥**

**ਪਦ ਅਰਥ :-** ਜਪਿ - ਸਿਮਰ ਕੇ ॥ ਲਾਲੁ - ਅਮੋਲਕ ॥ ਤੂ ਜੀਵਹਿ - ਤੂ ਜੀਊਂਦਾ ਰਹੇਂਗਾ , ਤੈਨੂੰ ਆਤਮਕ ਜੀਵਨ ਮਿਲਿਆ ਰਹੇਗਾ ॥ ਮਹਾਕਾਲੁ - ਮੌਤ ਦੇਣ ਵਾਲਾ ਦੇਵਤਾ ॥੧॥ ਰਹਾਉ॥
ਕੋਟਿ - ਕਰੋੜਾਂ ॥ ਭ੍ਰਮਿ ਭ੍ਰਮਿ ਭ੍ਰਮਿ - ਮੁੜ ਮੁੜ ਭਟਕ ਭਟਕ ਕੇ ॥ ਆਇਓ - ਤੂੰ (ਇਸ ਮਨੁਖਾ ਜਨਮ ਵਿਚ) ਆਇਆ ਹੈਂ ॥ ਵਡੈ ਭਾਗਿ - ਵੱਡੀ ਕਿਸਮਤ ਨਾਲ ॥ ਪਾਇਓ - ਮਿਲਿਆ ਹੈ ॥ ਸਾਧ ਸੰਗੁ - ਗੁਰੂ ਦਾ ਸਾਥ ॥ ਉਧਾਰੁ - ਜਨਮ ਮਰਣ ਦੇ ਗੇੜ ਤੋਂ ਛੁਟਕਾਰਾ ॥ ਬਾਬਾ - ਹੇ ਭਾਈ ॥ ਨਾਨਕੁ ਆਖੈ - ਨਾਨਕ ਦਸਦਾ ਹੈ ॥
**ਅਰਥ :-** ਹੇ ਭਾਈ ! ਅਮੋਲਕ ਗੋਪਾਲ ਦਾ ਗੋਬਿੰਦ ਨਾਮ ਜਪ ਕੇ, ਰਾਮ ਦੇ ਨਾਮ ਦਾ ਸਿਮਰਨ ਕਰਕੇ ਤੈਨੂੰ ਆਤਮਕ ਜੀਵਨ ਮਿਲਿਆ ਰਹੇਗਾ ; ਫਿਰ ਤੈਨੂੰ ਭਿਆਨਕ ਆਤਮਕ ਮੌਤ ਦੇਣ ਵਾਲਾ ਦੇਵਤਾ ਮਹਾਕਾਲ ਖਾ ਨਹੀ ਸਕੇਗਾ ॥੧॥ ਰਹਾਉ॥
ਹੇ ਭਾਈ ! ਕਰੋੜਾਂ ਜਨਮਾਂ ਦੀ ਮੁੜ ਮੁੜ ਭਟਕਣਾ ਤੋਂ ਬਾਦ ਹੁਣ ਤੂੰ ਇਸ ਮਨੁਖਾ ਜਨਮ ਵਿਚ ਆਇਆ ਹੈਂ; ਤੇ ਇਥੇ ਵੱਡੀ ਕਿਸਮਤ ਨਾਲ ਤੈਨੂੰ ਗੁਰੂ ਦਾ ਸਾਥ ਮਿਲਿਆ ਹੈ ॥੧॥ ਹੇ ਭਾਈ! ਨਾਨਕ ਤੈਨੂੰ ਇਹ ਵਿਚਾਰ ਦੀ ਗੱਲ ਦਸਦਾ ਹੈ ਕਿ ਪੂਰੇ ਗੁਰੂ ਦੀ ਸਰਨ ਪੈਣ ਤੋਂ ਬਿਨਾ ਜਨਮ ਮਰਣ ਦੇ ਗੇੜ ਤੋਂ ਛੁਟਕਾਰਾ ਨਹੀ ਹੋ ਸਕਦਾ ॥੨॥

**ਵਿਆਖਿਆ :-** ਗੁਰੂ ਗ੍ਰੰਥ ਸਾਹਿਬ ਜੀ ਦੀ ਧੁਰ ਕੀ ਬਾਣੀ ਸਮੁਚੀ ਮਾਨਵ ਜਾਤਿ ਨੂੰ ਮਨੁਖਾ ਜੀਵਨ ਸਾਰਥਕ ਕਰਣ ਦਾ ਮਾਰਗ ਦਸਦੀ ਹੈ । ਨਿਰਾਕਾਰ ਪਰਮਾਤਮਾ (**ੴ ਸਤਿਨਾਮੁ**) ਦਾ ਨਾਮ ਪੂਰੀ ਸ਼ਰਧਾ ਭਾਵਨਾ ਨਾਲ ਜਪਿਆਂ ਹੀ ਮਨੁਖਾ ਜੀਵਨ ਦੀ ਮੰਜ਼ਿਲ **'ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ '**(ਅੰਗ ੧੨), ਮਿਲਦੀ ਹੈ।
ਗੁਰਬਾਣੀ ਵਿਚ ਗੋਬਿੰਦ, ਗੋਪਾਲ, ਰਾਮ ਨਿਰਾਕਾਰ ਪਰਮਾਤਮਾ ਲਈ ਲਿਖੇ ਹਨ। ਯਥਾ ਗੁਰਵਾਕ :-
**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀ ਕੋਈ ॥ (ਅੰਗ ੪੮੫)**
**ਗੋਪਾਲ ਤੇਰਾ ਆਰਤਾ ॥ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥(ਅੰਗ ੬੯੫)**
**ਅਸੁਰ ਸਘਾਰਣ ਰਾਮੁ ਹਮਾਰਾ ॥ ਘਟਿ ਘਟਿ ਰਮਈਆ ਰਾਮੁ ਪਿਆਰਾ ॥ (ਅੰਗ ੧੦੨੮)**
ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ (ਸ਼ਿਵ ਪੁਰਾਣ ਮੁਤਾਬਿਕ ਜਿਸਦਾ ਵਿਨਾਸ਼ਕਾਰੀ ਭਿਆਨਕ ਸਰੂਪ ਮਹਾਕਾਲ ਹੈ) ਅਤੇ ਸ਼ਿਵ ਦੀ ਸ਼ਕਤੀ ਦੇਵੀ ਪਾਰਵਤੀ (ਜਿਸਦਾ ਵਿਨਾਸ਼ਕਾਰੀ ਸਰੂਪ ਮਹਾਕਾਲੀ ਅਥਵਾ ਕਾਲਕਾ, ਦੁਰਗਾ, ਭਵਾਨੀ, ਭਗਉਤੀ ਹੈ।) ਆਦਿਕ ਮੰਨਣ ਵਾਲਿਆਂ ਨੂੰ ਗੁਰਬਾਣੀ ਦਸਦੀ ਹੈ ਕਿ ਨਿਰਾਕਾਰ ਪਰਮਾਤਮਾ ਦੇ ਇਹ ਸੇਵਕ ਹਨ।
**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥ (ਰਾਮਕਲੀ ਮਹਲਾ ੩,ਅਨੰਦੁ, ਅੰ:੯੨੦)**
**ਪੜੋ , ਗਉੜੀ ਸੁਖਮਨੀ ਮਹਲਾ ੫ ॥ਅਸ਼ਟਪਦੀ ੨੧, ਸਲੋਕ ॥ ਸਰਗੁਨ ਨਿਰਗੁਨ ਨਿਰੰਕਾਰ ...**
**ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥ (੨੯੧)**
ਅਰਥਾਤ, ਜਦੋਂ ਪਰਮਾਤਮਾ ਸਿਰਫ਼ ਨਿਰਾਕਾਰ ਸਰੂਪ ਹੀ ਸੀ, ਸਰਗੁਨ (ਸਾਕਾਰ, ਸੰਸਾਰ-ਰਚਨਾ) ਨਹੀ ਸੀ, ਤਦੋਂ ਦਸੋ, ਸ਼ਿਵ(ਮਹਾਕਾਲ) ਅਤੇ ਸ਼ਿਵ ਦੀ ਸ਼ਕਤੀ (ਕਾਲਿਕਾ,ਦੁਰਗਾ) ਕਿਥੇ ਸਨ ? ਭਾਵ, ਹੋਂਦ ਵਿਚ ਹੀ ਨਹੀ ਸਨ।
**ਸਿਵਾ ਸਕਤਿ ਸੰਬਾਦੰ॥ਮਨ ਛੋਡਿ ਛੋਡਿ ਸਗਲ ਭੇਦੰ॥ਸਿਮਰਿ ਸਿਮਰਿ ਗੋਬਿੰਦੰ॥ਭਜੁ ਨਾਮਾ ਤਰਸਿ ਭਵ ਸਿੰਧੰ ॥(ਅੰ:੮੭੩)**
ਅਰਥਾਤ, ਹੇ ਮਨ ! ਸ਼ਿਵ-ਪਾਰਵਤੀ ( ਮਹਾਕਾਲ-ਕਾਲਕਾ) ਦੀਆਂ ਕਥਾ-ਕਹਾਣੀਆਂ ਦੇ ਭੇਦ ਸਮਝਣੇ ਛੱਡ ਦੇ । ਹੇ ਨਾਮਦੇਵ ! ਗੋਬਿੰਦ ਨੂੰ ਸਿਮਰ ਕੇ ਸੰਸਾਰ ਸਾਗਰ ਤੋਂ ਪਾਰ ਹੋ ਜਾ ।
ਜੋ ਮਨੁਖ ਸਰਬ-ਸ਼ਕਤੀਮਾਨ, ਨਿਰਭਉ ਹਸਤੀ (ੴ ਸਤਿਨਾਮੁ ...) ਦਾ ਨਾਮ,ਗੁਰ-ਮੰਤ੍ਰ, ਗੁਰ-ਸ਼ਬਦ ਜਪਦਾ ਹੈ ਉਸਨੂੰ ਮਹਾਕਾਲ ਵਰਗੀ ਛੋਟੀ ਹਸਤੀ ਜਾਂ ਧਰਮਰਾਜ ਜਾਂ ਜਮਦੂਤ ਤੋਂ ਡਰਣ ਦੀ ਲੋੜ ਨਹੀ ; ਯਥਾ ਗੁਰਵਾਕ
**ਅਫਰਿਓ ਜਮੁ ਮਾਰਿਆ ਨ ਜਾਈ ॥ ਗੁਰ ਕੈ ਸਬਦੇ ਨੇੜਿ ਨ ਆਈ ॥**
**ਸਬਦੁ ਸੁਣੇ ਤਾ ਦੂਰਹੁ ਭਾਗੈ ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੈ ॥(ਅੰ: ੧੦੫੪)**
**ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥ (ਅੰ: ੧੪੨੫)**
ਅਰਥਾਤ, ਧਰਮਰਾਜ ਵਰਗੇ ਨਾਮ ਜਪਣ ਵਾਲਿਆਂ ਨੂੰ ਆਖਦੇ ਹਨ , ਸਜਣੋ! ਤੁਹਾਡੇ ਆਉਣ ਨਾਲ ਮੇਰਾ ਭਵਨ ਪਵਿੱਤਰ ਹੋ ਗਿਆ ਹੈ । ਸੋ, ਇਸ ਤਰਾਂ ਰਹਾਉ ਦੀਆਂ ਪੰਕਤੀਆਂ ਵਿਚ ਨਾਮ ਦੀ ਮਹਿਮਾ ਸਮਝਾਈ ਹੈ ।
**ਸਤਿਗੁਰੂ ਜੀ ਅੱਗੇ ਸਮਝਾਂਦੇ ਹਨ ,** ਅਨੇਕਾਂ ਜਨਮਾਂ ਦੀ ਭਟਕਣਾਂ ਤੋਂ ਬਾਦ ਮਨੁਖਾ ਜਨਮ ਮਿਲਿਆ ਹੈ ਸਾਧਸੰਗਤਿ ਵਿਚ ਜਾ ਕੇ ਸਿਮਰਨ-ਸੇਵਾ ਕਰਕੇ ਸਫ਼ਲਾ ਕਰੀਏ ਜੈਸਾ ਕਿ ਭਗਤ ਰਵਿਦਾਸ ਜੀ ਫ਼ੁਰਮਾਂਦੇ ਹਨ **(ਅੰਗ ੬੯੪) :**
**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰੁ ਭਇਓ ਦਰਸਨੁ ਦੇਖੇ ॥**
ਪਰਮਾਤਮਾ ਦੇ ਦਰਸਨ-ਦੀਦਾਰ ( realization ) ਗੁਰੂ ਦੀ ਕਿਰਪਾ ਨਾਲ ਹੁੰਦੇ ਹਨ ਅਤੇ ਸਾਧ (ਗੁਰੂ) ਦੀ ਸੰਗਤਿ ਪਿਛਲੇ ਕੀਤੇ

ਚੰਗੇ ਕਰਮਾਂ ਤੋਂ ਉਪਜੇ ਸੰਸਕਾਰਾਂ ਅਰਥਾਤ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ: **ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥ ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥ (ਅੰਗ ੨੦੪)**
ਨਾਮ-ਰਸ ਵਿਚ ਭਿੱਜੇ ਸੱਚੇ ਸੰਤ-ਗੁਰੂ 'ਪੁਰਖੁ ਬੈਰਾਗੀ' ਨਾਲ ਮਿਲਾਪ ਹੋਇਆਂ ਜਨਮਾਂ-ਜਨਮਾਤਰਾਂ ਦਾ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ ਅਤੇ ਸੁਤੀ ਆਤਮਾ ਗਿਆਨਵਾਨ ਹੋ ਕੇ ਜਾਗ ਜਾਂਦੀ ਹੈ ।
**ਅਖੀਰਲੇ ਅੰਤਰੇ ਵਿਚ ਸਤਿਗੁਰੂ ਜੀ ਚੇਤਾਵਨੀ ਦਿੰਦੇ ਹਨ ਕਿ ਹੇ ਭਾਈ! ਪੂਰੇ ਗੁਰੂ ਦੇ ਚਰਨੀ ਲਗੀਂ।** ਗੁਰਵਾਕ :-
**ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥(ਅੰਗ ੨੯੫)**
**ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ॥ ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥(ਅੰਗ ੧੩੭੭)**
ਗੁਰਬਾਣੀ ਸਾਨੂੰ ਪੂਰੇ ਗੁਰੂ ਅਰਥਾਤ ਸਤਿਗੁਰੂ ਦੀ ਪਹਿਚਾਨ ਵੀ ਦਸਦੀ ਹੈ :
**ਸਤਿਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ॥ ਤਿਸਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥(ਅੰਗ ੨੮੬)**
**ਭੂਲੇ ਮਾਰਗੁ ਜਿਨਹਿ ਬਤਾਇਆ ॥ ਐਸਾ ਗੁਰੁ ਵਡਭਾਗੀ ਪਾਇਆ ॥ (ਅੰਗ ੮੦੩)**
**ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥(ਅੰਗ ੫੨੨)**
ਪ੍ਰਭੂ ਨਾਲ ਅਭੇਦ ਬ੍ਰਹਮਗਿਆਨੀ, ਭੁਲਿਆਂ ਨੂੰ ਸਿੱਧਾ ਰਾਹ ਦਸਕੇ ਸੱਚ ਨਾਲ ਜੋੜਨ ਵਾਲੇ, ਹਰ ਤਰ੍ਹਾਂ ਦੇ ਭਰਮ-ਕਿਲੇ ਤੋੜਨ ਵਾਲੇ, ਆਪ ਮੁਕਤ ਅਤੇ ਸਿਖ ਨੂੰ ਵੀ ਜੀਵਨ-ਮੁਕਤ ਕਰਣ ਵਾਲੇ ਸਤਿਗੁਰੂ ਨਾਲ ਮਿਲਾਪ ਬੜੇ ਚੰਗੇ ਭਾਗਾਂ ਨਾਲ ਹੀ ਹੋ ਸਕਦਾ ਹੈ। ਸ਼ਰੀਰਧਾਰੀ ਕੋਈ ਵਿਰਲਾ ਹੀ ਐਸਾ ਹੋ ਸਕਦਾ ਹੈ। ਭੱਟ ਭਿੱਖਾ ਜੀ ਵੀ ਗੁਰੂ ਭਾਲਦੇ ਜਦੋਂ ਗੁਰੂ ਅਰਜਨ ਸਾਹਿਬ ਜੀ ਦੀ ਸਰਨ ਵਿਚ ਆਏ ਤਾਂ ਆਪਣੀ ਆਪ-ਬੀਤੀ ਇਉਂ ਬਿਆਨ ਕਰਦੇ ਹਨ :
**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥ ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥ ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥ ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥ (ਅੰਗ ੧੩੯੫)**
ਅਜ ਦੇ ਸਮੇ ਅਸੀ ਟੈਲੀਵੀਜ਼ਨ ਤੇ ਨਿਤ ਵੇਖਦੇ ਹਾਂ ਕਿ ਅਖੌਤੀ ਸ਼ਰੀਰਧਾਰੀ ਗੁਰੂ, ਸੰਤ, ਸਾਧ ਆਦਿਕ ਜੋ ਉਪਦੇਸ਼ ਦਿੰਦੇ ਹਨ ਉਸਨੂੰ ਆਪ ਨਹੀ ਕਮਾਉਂਦੇ ; ਉਹਨਾਂ ਦੇ ਡੇਰਿਆਂ ਤੇ ਬਹੁਤ ਕੁਕਰਮ ਵੀ ਹੋ ਰਹੇ ਹਨ। ਅਗਿਆਨੀ ਅਤੇ ਭੁਲੜ ਸਿਖ ਹੀ ਇਹਨਾਂ ਡੇਰਿਆਂ ਤੇ ਜਾਂਦੇ ਹਨ । ਸਿਖ ਕੌਮ ਦੇ ਬੜੇ ਚੰਗੇ ਭਾਗ ਹਨ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਸ਼ਬਦ-ਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਗਏ। ਜਿਸਨੂੰ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ-ਰੂਪ ਹੋ ਕੇ ਬੈਠੇ ੩੫ ਬ੍ਰਹਮਗਿਆਨੀ ਸਚ ਦਾ ਮਾਰਗ ਦ੍ਰਿੜ ਕਰਾ ਦੇਣ ਉਸਨੂੰ ਕਿਸੇ ੩੬ਵੇਂ ਕੋਲ ਜਾਣ ਦੀ ਲੋੜ ਹੀ ਨਹੀ ।
**ਉਪਰੋਕਤ ਵਿਚਾਰਾਧੀਨ ਸ਼ਬਦ ਦਾ ਤਤ-ਉਪਦੇਸ਼ ਇਹ ਹੈ ਕਿ ਜੇ ਮਨੁਖ ਪੂਰੇ ਗੁਰੂ ਦੀ ਸ਼ਰਣ ਵਿਚ ਜਾ ਕੇ ਨਿਰਾਕਾਰ ਪਰਮਾਤਮਾ ੴ ਸਤਿਨਾਮੁ ਵਾਹਿਗੁਰੂ ਦਾ ਜਾਪ ਮਨ ਇਕਾਗਰ ਕਰਕੇ ਕਰੇ ਤਾਂ ਮਹਾਕਾਲ ਵਰਗੇ ਮੌਤ ਦੇ ਦੇਵਤੇ ਤੋਂ ਡਰਣ ਦੀ, ਪੂਜਾ ਕਰਣ ਦੀ ਲੋੜ ਨਹੀ ।**
ਪਰ ਜਿਹੜੇ ਸਿਖ ਮਹਾਕਾਲ ( ਚੌਪਈ : ਹਮਰੀ ਕਰੋ ਹਾਥ ਦੇ ਰਛਾ ॥.........ਵਿਚ ਬਿਆਨ ਕੀਤਾ ਇਸ਼ਟ ਕਾਲ, ਅਸਿਕੇਤ, ਅਸਿਧੁਜ, ਖੜਗਕੇਤ......... ) ਨੂੰ ਵਾਹਿਗੁਰੂ ਸਮਝਦੇ ਹਨ, ਉਹ ਬਹੁਤ ਵੱਡੇ ਭੁੱਲੜ ਹਨ ਕਿਉਂਕਿ ਮਹਾਕਾਲ ਦਾ ਸਿਖ ਬਣਨ ਲਈ ਭੰਗ ਤੇ ਸ਼ਰਾਬ ਪੀਣੀ ਪੈਂਦੀ ਹੈ। ਪੜੋ ਜੀ : ਬਚਿਤ੍ਰ ਨਾਟਕ ਗ੍ਰੰਥ / ਅਖੌਤੀ ਦਸਮ ਗ੍ਰੰਥ ਵਿਚ ਚਰਿਤ੍ਰੋ ਪਾਖਯਾਨ ਨੰ: ੨੬੬ ਦਾ ਆਖਰੀ ਦੋਹਰਾ : **ਇਹ ਛਲ ਸੋ ਮਿਸਰਹ ਛਲਾ ਪਾਹਨ ਦਏ ਬਹਾਇ ॥ਮਹਾਕਾਲ ਕੋ ਸਿਖ ਕਰਿ ਮਦਿਰਾ ਭਾਂਗ ਪਿਵਾਇ॥**
ਅਤੇ ਇਸੇ ਗ੍ਰੰਥ ਵਿਚ, ਜੋ ਕਿ ਕਵੀਆਂ ਦਾ ਲਿਖਿਆ ਗ੍ਰੰਥ ਹੈ, ਇਸ਼ਟ ਦਾ ਸਰੂਪ (ਪੰਨਾ ੭੩) :
**ਸਰਬਕਾਲ (ਮਹਾਕਾਲ) ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ ॥**
(ਨੋਟ : ਪ੍ਰਿਥਮ ਭਗਉਤੀ ਸਿਮਰ ਕੇ...(ਚੰਡੀ ਦੀ ਵਾਰ,ਤੀਜੀ ; ਪੁਰਾਤਨ ਸਿਰਲੇਖ 'ਦੁਰਗਾ ਕੀ ਵਾਰ) ਪੰਕਤੀ ਵਿਚ ਭਗਉਤੀ ਦੇ ਅਰਥ 'ਮਹਾਨ ਕੋਸ਼ ਵਿਚ ਭਾਈ ਕ੍ਹਾਨ ਸਿੰਘ ਨਾਭਾ' ਨੇ ਪ੍ਰਕਰਣ ਅਨੁਸਾਰ ਦੁਰਗਾ ਅਤੇ ਮਹਾਕਾਲ ਲਿਖੇ ਹਨ।)

## ਬਚਿਤ੍ਰ ਨਾਟਕ ਗ੍ਰੰਥ / ਦਸਮ ਗ੍ਰੰਥ ਨੂੰ ਗੁਰੂ-ਰਚਿਤ ਮੰਨਣ ਦੇ ਖ਼ਤਰਨਾਕ ਨਤੀਜੇ :-

**(੧) ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ-ਪੂਜਕ ਆਖ ਕੇ ਬਦਨਾਮ ਕਰਣ ਵਾਲਿਆਂ ਦਾ ਸਾਥ ਦੇਣਾ,**
**(੨) ਗੁਰੂ ਸਾਹਿਬ ਜੀ ਨੂੰ ਅਤੇ ਗੁਰਸਿਖਾਂ ਨੂੰ ਭੰਗ-ਸ਼ਰਾਬ ਪੀਣ ਵਾਲੇ ਮੰਨਣਾ,**
**(੩) ਪਰ-ਇਸਤ੍ਰੀ, ਪਰ-ਪੁਰਸ਼ ਦਾ ਸੰਗ ਕਰਣ ਦੀ ਛੂਟ ਜਾਂ ਖੁੱਲ ਦੇਣੀ ਪਰਵਾਨ ਕਰਨਾ,**
**(੪) ਕੇਸ-ਨਾਸ਼ਕ-ਤੇਲ ਆਦਿਕ ਵਰਤਣ ਦੀ ਛੂਟ ਦੇਣਾ, (ਕੇਸਾਧਾਰੀ ਸਿੱਖੀ ਤੇ ਹਮਲਾ),**
**(੫) ਸੱਚੀ ਬਾਣੀ ਨਾਲੋਂ ਟੁਟ ਕੇ ਕੱਚੀ ਬਾਣੀ ਨਾਲ ਜੁੜ ਕੇ ਆਪਣਾ ਮਨੁਖਾ ਜਨਮ ਵਿਅਰਥ ਗੁਆਉਣਾ,**
**(੬) ਗੁਰਸਿਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਤੋਂ ਬੇਮੁਖ ਕਰਕੇ ਬ੍ਰਾਹਮਣ-ਵਾਦ ਵਿਚ ਉਲਝਾਉਣਾ,**
**(੭) ਦਸ ਗੁਰੂ ਸਾਹਿਬਾਨ ਦੀ ੨੩੯ ਸਾਲ ਦੀ ਘਾਲਣਾ ਅਤੇ ਕੁਰਬਾਨੀਆਂ ਨੂੰ ਵਿਅਰਥ ਸਿਧ ਕਰਣਾ...**
**ਹੇ ਵਾਹਿਗੁਰੂ ਜੀ! ਕਿਰਪਾ ਕਰੋ, ਭੁੱਲੜਾਂ ਨੂੰ ਅਨਮਤੀ-ਗ੍ਰੰਥਾਂ ਦੇ ਭਰਮ-ਜਾਲ ਵਿਚੋਂ ਕੱਢੋ ਜੀ ।**

# ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟ ਜੁ ਬੇਰਿ ॥
# ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥(ਸਲੋਕ ੮੮, ਅੰਗ ੧੩੬੯)

( ਸਾਕਤ = ਸ਼ਾਕਤ-ਮਤੀਆ, ਸ਼ਕਤੀ ਦਾ ਉਪਾਸ਼ਕ , ਦੁਰਗਾ ਪੂਜਕ , ਕਾਲੀ ਦਾ ਭਗਤ । ਸ਼ਾਕਤ ਮਤ = ਜਿਸ ਵਿਚ ਸ਼ਕਤੀ ਹੀ ਸਾਰੇ ਦੇਵੀ ਦੇਵਤਿਆਂ ਤੋਂ ਪ੍ਰਧਾਨ ਹੈ; ਸ਼ਾਕਤ ਲੋਕ ਦਸ ਮਹਾਵਿਦਯਾ ਅਰਥਾਤ ਦਸ ਦੇਵੀਆਂ ਦੀ ਉਪਾਸਨਾ ਕਰਦੇ ਹਨ - ਕਾਲੀ, ਤਾਰਾ, ਖੋੜਸ਼ੀ,ਭੁਵਨੇਸ਼ਵਰੀ,ਭੈਰਵੀ,ਛਿਨ ਮਸਤਕਾ,ਧੁਮਾਵਤੀ,ਵਗਲਾ,ਮਾਤੰਗੀ ਅਤੇ ਕਮਲਾ । ਇਹਨਾਂ ਨੂੰ ਵਾਮ-ਮਾਰਗੀ ਵੀ ਆਖਦੇ ਹਨ ਜੋ **ਸਿਵ-ਸ਼ਕਤੀ** (ਸ਼ਿਵ-ਪਾਰਵਤੀ) ਦੇ ਅਰਧ-ਨਾਰੀਸ਼ਵਰ ਰੂਪ , **ਮਹਾਕਾਲ-ਕਾਲਕਾ** ,ਦੇ ਖੱਬੇ(ਵਾਮ) ਪਾਸੇ (ਦੇਵੀ) ਦੇ ਉਪਾਸਕ ਹਨ ਜੋ ਮਾਸ,ਮਦਿਰਾ,ਮੈਥੁਨ (ਸ਼ਰਮੋ-ਹਯਾ ਪਾਸੇ ਰਖ ਕੇ ਖੁਲੇ-ਆਮ ਮਾਂ-ਪੁਤਰ, ਪਿਉ-ਧੀ, ਭੈਣ-ਭਰਾ ਦੇ ਰਿਸ਼ਤੇ ਭੁੱਲ ਕੇ ਕੀਤਾ ਜਾਂਦਾ ਵਿਭਚਾਰ, ਜਿਵੇਂ ਚੋਲੀ ਪੰਥ), ਮਾਇਆ, ਮੁਦ੍ਰਾ ਪੰਜ ਮਕਾਰ ਧਰਮ ਦੇ ਅੰਗ ਮੰਨਦੇ ਹਨ। **ਬ੍ਰਹਮ-ਗਿਆਨੀ ਸ਼ਿਰੋਮਣੀ-ਭਗਤ ਕਬੀਰ ਸਾਹਿਬ** ਜੀ ਨੇ ਬਾਣੀ ਵਿਚ ਅਨੇਕਾਂ ਥਾਂਈਂ ਸਾਕਤ ( ਸ਼ਾਕਤ-ਮਤੀਏ, ਸ਼ਕਤੀ-ਪੂਜਕ ਅਰਥਾਤ ਦੇਵੀ-ਪੂਜਕ) ਲੋਕਾਂ ਤੋਂ ਬਚ ਕੇ ਰਹਿਣ ਦਾ ਉਪਦੇਸ਼ ਦਿਤਾ ਹੈ। ਕਬੀਰ ਸਾਹਿਬ ਸਮਝਾਂਦੇ ਹਨ ਕਿ ਜਿਵੇਂ ਕੇਲੇ ਦੇ ਨਰਮ ਪੇੜ ਨੂੰ ਬੇਰ ਦੀ ਕੰਡਿਆਲੀ ਝਾੜ ਹਵਾ ਝੁਲਣ ਤੇ ਚੀਰ ਦੇਂਦੀ ਹੈ ਤਿਵੇ ਹੀ ਸ਼ਾਕਤ-ਮਤੀਏ ਦਾ ਸੰਗ ਤਾਂ ਆਤਮਕ-ਮੌਤ ਸਹੇੜਨਾ ਹੈ, ਇਹਨਾਂ ਤੋਂ ਦੂਰ ਹੀ ਰਹੋ ।ਇਹਨਾਂ ਸ਼ਾਕਤ-ਮਤੀਆਂ ਨਾਲੋਂ ਤਾਂ ਸੂਅਰ (**ਕਬੀਰ ਸਾਕਤ ਤੇ ਸੂਕਰ ਭਲਾ..**) ਚੰਗਾ ਹੈ ਜੋ ਕਿ ਗੰਦ ਖਾ ਕੇ ਪਿੰਡ ਦੀ ਸਫ਼ਾਈ ਕਰਦਾ ਹੈ । ਗੁਰਸਿਖ ਨੇ ਸ਼ਾਕਤ-ਮਤੀਏ ਤੋਂ ਉਲਟੀ ਜੀਵਨ-ਜਾਚ ਅਪਨਾਉਣੀ ਹੈ :

**ਉਲਟੀ ਰੇ ਮਨ ਉਲਟੀ ਰੇ ॥ ਸਾਕਤ ਸਿਉ ਕਰਿ ਉਲਟੀ ਰੇ ॥ (ਮਹਲਾ ੫ ,ਅੰਗ ੫੩੫)**

**ਅਜ ਸਿਖ ਕੌਮ ਨੂੰ ਸਭ ਤੋਂ ਵਧ ਖ਼ਤਰਾ** ਸਿੱਖੀ-ਸਰੂਪ ਵਾਲੇ ਸ਼ਾਕਤ-ਮਤੀਆਂ ਤੋਂ ਹੈ ਜੋ ਕਿ ਬਚਿਤ੍ਰ ਨਾਟਕ ਗ੍ਰੰਥ ਨੂੰ ਗੁਰੂ ਗੋਬਿੰਦ ਜੀ ਦੀ ਲਿਖਤ ਦਸ ਕੇ ਗੁਰੂ ਸਾਹਿਬ ਨੂੰ ਦੇਵੀ-ਪੂਜਕ ਸਿਧ ਕਰਨਾ ਚਾਹੁੰਦੇ ਹਨ। **ਗੁਰਸਿਖੋ ! ਖ਼ਬਰਦਾਰ!!** ਇਸ ਗ੍ਰੰਥ ਨੂੰ ਆਪ ਪੜ ਕੇ, ਸਮਝ ਕੇ, ਅੰਨ੍ਹੀ ਸ਼ਰਧਾ ਦੀ ਘੁਮਣ-ਘੇਰੀ ਵਿਚੋਂ ਨਿਕਲ ਕੇ,ਦਸਣਾ ਕਿ ਹੇਠ ਲਿਖੀਆਂ ਗੱਲਾਂ ਠੀਕ ਹਨ ਜਾਂ ਨਹੀਂ ।

**ਇਸ ਗ੍ਰੰਥ ਨੂੰ ਸਮਝਣ ਲਈ ਪਹਿਲੋਂ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਝੋ। ਫਿਰ ਇਹ ਪੁਸਤਕਾਂ ਪੜਨੀਆਂ ਪੈਣਗੀਆਂ (੧) ਮਾਰਕੰਡੇਯ ਪੁਰਾਣ (ਦੇਵੀ ਦੁਰਗਾ,ਸ਼ਿਵਾ, ਚੰਡੀ,ਭਗਉਤੀ, ਕਾਲਕਾ, ਕਾਲ .. ਦੀਆਂ ਕਹਾਣੀਆਂ ; ਚੰਡੀ ਦੀ ਵਾਰ ਦਾ ਆਧਾਰ), (੨) ਸ਼ਿਵ ਪੁਰਾਣ ( ਦੇਵਤਾ ਸ਼ਿਵ,ਮਹਾਕਾਲ.. , ਔਰਤਾਂ ਦੇ ਮਾੜੇ ਚਰਿਤ੍ਰ ਕਥਾਵਾਂ ਦਾ ਆਧਾਰ ਅਤੇ ਸ਼ਿਵ-ਸਹਸਤ੍ਰ-ਨਾਮਾ), (੩) ਸ੍ਰੀਮਦ ਭਾਗਵਤ ਪੁਰਾਣ (ਦੇਵਤਾ ਵਿਸ਼ਨੂੰ ਅਤੇ ਉਸਦੇ ੨੪ ਅਵਤਾਰਾਂ, ਰਾਮ-ਅਵਤਾਰ, ਕ੍ਰਿਸਨ-ਅਵਤਾਰ .. ਦੀਆਂ ਕਹਾਣੀਆਂ), (੪) ਡਾ: ਰਤਨ ਸਿੰਘ ਜੱਗੀ ਦਾ ਪੰਜ ਪੋਥੀਆਂ ਵਿਚ ਕੀਤਾ ਦਸਮ ਗ੍ਰੰਥ ਦਾ ਟੀਕਾ।**

**ਬਚਿਤ੍ਰ ਨਾਟਕ ਗ੍ਰੰਥ ਦੇ ਲਿਖਾਰੀ ਕੌਣ : ਸ਼ਾਕਤ-ਮਤੀਏ ਕਵੀ ਸ਼ਯਾਮ , ਕਵੀ ਰਾਮ , ਕਵੀ ਕਾਲ** ਜਿਨਾਂ ਦੀ ਕਵਿ-ਛਾਪ ਕਈ ਪੰਨਿਆਂ ਤੇ ਸਪਸ਼ਟ ਦਿਸਦੀ ਹੈ (ਕੁਝ ਖਾਸ ਪੰਨੇ ਨੰਬਰ ੧੫੫,੨੧੩,੩੦੪,੩੬੭,੪੦੬,੪੮੭,੪੮੯,੫੧੬,੫੬੦,੬੬੯, ੮੮੪, ੯੮੯,੧੧੨੮,੧੧੩੮,੧੨੪੫,੧੨੯੪,੧੩੫੫ )

ਪੰਨਾ ੧੫੫ ਤੇ ਲਿਖਿਆ **ਸਿਰਲੇਖ ਪਾਤਸ਼ਾਹੀ ੧੦ ਬਹੁਤ ਵੱਡਾ ਧੋਖਾ** ਹੈ ਕਿਉਂਕਿ ਕਵਿ ਸਯਾਮ ਤਖੱਲਸ ਸਾਫ਼ ਲਿਖਿਆ ਹੈ :

**ਪਾਤਸ਼ਾਹੀ ੧੦॥ ਅਥ ਚੌਬੀਸ ਅਵਤਾਰ ॥......ਬਰਨਤ 'ਸਯਾਮ' ਜਥਾ ਮਤ ਭਾਈ ॥**

ਇਸੇ ਤਰ੍ਹਾਂ ਦਾ ਪਾਤਸ਼ਾਹੀ ੧੦ ਲਿਖਿਆ ਧੋਖਾ (Fraud) ਪੰਨਾ ੬੬੯ ਤੇ ਵੀ ਕੀਤਾ ਗਿਆ ਹੈ। ਰਹਿਰਾਸ ਵਿਚ ਪੜੀ ਜਾਂਦੀ ਕਬਿਯੋ ਵਾਚ ਬੇਨਤੀ ਚੌਪਈ ਦਾ ਸਿਰਲੇਖ ਗੁਟਕਿਆਂ ਵਿਚ ਪਾਤਸ਼ਾਹੀ ੧੦ ਕਿਸੇ ਸ਼ਰਾਰਤੀ ਨੇ ਛਾਪ ਦਿੱਤਾ ਹੈ ਪਰ ਬਚਿਤ੍ਰ ਨਾਟਕ ਗ੍ਰੰਥ ਵਿਚ ਇਸ ਚੋਪਈ ਦਾ ਸਿਰਲੇਖ **ਪਾਤਸ਼ਾਹੀ ੧੦** ਨਹੀ । ਗੁਰ-ਮਰਯਾਦਾ ਮਹਲਾ ੧, ਮਹਲਾ ੨,.., ਮਹਲਾ ੯ ਲਿਖਣ ਦੀ ਹੈ ਨ ਕਿ ਪਾਤਸ਼ਾਹੀ ੧,੨..੯ ਲਿਖਣ ਦੀ।**ਪਾਤਸ਼ਾਹੀ ੧੦ ਦਾ ਲੇਬਲ ਲਾ ਕੇ ਸਾਨੂੰ ਮੂਰਖ ਬਣਾਇਆ ਜਾ ਰਿਹਾ ਹੈ।**

**ਬਚਿਤ੍ਰ ਨਾਟਕ ਗ੍ਰੰਥ / ਅਖਉਤੀ ਦਸਮ ਗ੍ਰੰਥ** ਵਿਚ ਬਹੁਤ ਸਾਰੀਆਂ ਰਚਨਾਂਵਾਂ ਸ਼ਾਕਤ-ਮਤੀ ਸਿਧਾਂਤ,ਦੇਵੀ ਦੇਵਤਿਆਂ ਦੀ ਪੂਜਾ, ਸ਼ਰਾਬ ਭੰਗ ਆਦਿਕ ਨਸ਼ੇ ਵਰਤਣ ਦੀ ਖੁੱਲ, ਵਿਭਚਾਰੀ ਅਤੇ ਮਨਮੁਖੀ ਜੀਵਨ ਹੀ ਦ੍ਰਿੜ ਕਰਾਉਂਦੀਆਂ ਹਨ । ਪੜੋ ਜੀ,

(੧) ਜੈ ਜੈ ਹੋਸੀ ਮਹਿਖਾਸੁਰ ਮਰਦਨ ..... ( ਦੇਵੀ ਦੁਰਗਾ, ਜਿਸਨੇ ਮਹਿਖਾਸੁਰ ਦੈਂਤ ਨੂੰ ਮਾਰਿਆ, ਦੀ ਜੈ ਜੈਕਾਰ ਕਰਦੇ ੨੦ ਸਵੈਯੇ, ੨੧੧ ਤੋਂ ੨੩੦ ਤਕ , ਪੰਨਾ ੩੦ ਤੋਂ ੩੩ ਤਕ )

(੨) ਪ੍ਰਿਥਮ ਭਗਉਤੀ ਸਿਮਰ ਕੇ..(ਪਉੜੀ ੧ , ਪੰਨਾ ੧੧੯) ਅਤੇ ਪੰਨਾ ੧੨੭ ਤੇ ਆਖਰੀ ਪਉੜੀ ; ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥ ਵਾਰ ਦੁਰਗਾ / ਚੰਡੀ / ਭਗਉਤੀ ਜੀ ਕੀ ਦੀਆਂ ਸਾਰੀਆਂ ਪਉੜੀਆਂ ਦੇਵੀ-ਦੁਰਗਾ-ਪਾਠ ਹਨ। **(ਮਾਰਕੰਡੇਯ ਪੁਰਾਣ ਵਿਚ ਲਿਖੀ ਦੇਵੀ ਦੁਰਗਾ ਦੀਆਂ ਕਥਾਂਵਾਂ ਤੇ ਆਧਾਰਤ ਦੁਰਗਾ-ਪਾਠ)** ।

**(੩) ਸਰਬਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ ॥ (ਪੰਨਾ ੭੩) ਇਹ ਹੈ ਇਸ਼ਟ ਦਾ ਸਰੂਪ ।**
ਸਰਬਕਾਲ ਨੂੰ ਹੀ ਮਹਾਕਾਲ (ਜਿਸਦੀ ਸੰਗਿਨੀ ਦੇਵੀ ਕਾਲਕਾ,ਭਵਾਨੀ,ਦੁਰਗਾ,ਕਾਲੀ,ਮਹਾਕਾਲੀ ਹੈ) ਲਿਖਿਆ ਗਿਆ ਹੈ।

(੪) ਮੈ ਨ ਗਨੇਸ਼ਹਿ ਪ੍ਰਿਥਮ ਮਨਾਊ ॥ ਕਿਸ਼ਨ ਬਿਸ਼ਨ ਕਬਹੂੰ ਨ ਧਿਆਊ ॥ ਕਾਨ ਸੁਨੇ ਪਹਿਚਾਨ ਨ ਤਿਨ ਸੋ॥ਲਿਵ ਲਾਗੀ ਮੋਰੀ ਪਗ ਇਨ ਸੋ ॥ ਮਹਾਕਾਲ ਰਖਵਾਰ ਹਮਾਰੋ॥ ਮਹਾਲੋਹ ਹਮ ਕਿੰਕਰ ਥਾਰੋ॥(ਛੰਦ ੪੩੪-੪੩੫) (ਪੰਨਾ ੩੦੯)

**(੫) ਕੇਵਲ 'ਕਾਲ' ਈ ਕਰਤਾਰ ॥**(ਪੰਨਾ ੭੧੧), **ਅਰਥਾਤ ੧ੳ ਕਰਤਾਰ ਨਹੀ,** ਕਾਲ ਜੋ ਕਿ ਕੰਨਾਂ ਵਿਚੋਂ ਮੈਲ ਕਢ ਕੇ ਸ੍ਰਿਸ਼ਟੀ ਰਚਦਾ ਦਸਿਆ ਗਿਆ ਹੈ,ਕਰਤਾਰ ਹੈ, ਕਿਵੇਂ ਮੰਨੀਏ? ਅਤੇ ਇਸੇ ਕਾਲ (ਕਿਤੇ ਮਹਾਕਾਲ,ਆਖਰੀ ਤ੍ਰਿਯਾ ਚਰਿਤ੍ਰ ਪੰਨਾ ੧੩੮੭) ਅੱਗੇ ਚੋਪਈ ' ਹਮਰੀ ਹਾਥ ਦੇ ਰੱਛਾ॥.....' ਉਚਾਰ ਕੇ ਬੇਨਤੀ ਕਵਿ ਸ਼ਯਾਮ ਨੇ ਕੀਤੀ ਹੈ । ਗੁਰਸਿਖ ਦੀ ਬੇਨਤੀ /ਅਰਦਾਸ ਕੇਵਲ ਗੁਰੂ-ਪਰਮਾਤਮਾ ਅੱਗੇ ਹੀ ਹੋਣੀ ਚਾਹੀਦੀ ਹੈ ਨਾ ਕਿ ਮਹਾਕਾਲ-ਕਾਲਕਾ ਅੱਗੇ ।

**(੬) ਮੁੰਡ ਕੀ ਮਾਲ ਦਿਸਾਨ ਕੇ ਬਾਮ ਕਰਿਓ ਗਲ ਮੈ ਅਸਿ ਭਾਰੋ ॥ ਬਾਮ ਕਰਿਯੋ ਗਲ ਮੈ ਅਸਿ ਭਾਰੋ॥ ਲੋਚਨ ਲਾਲ ਕਰਾਲ ਦਿਪੈ ਦੋਊ ਭਾਲ ਬਿਰਾਜਤ ਹੈ ਅਨਿਯਾਰੋ ॥ ਛੂਟੇ ਹੈਂ ਬਾਲ ਮਹਾ ਬਿਕਰਾਲ ਬਿਸਾਲ ਲਸੈ ਰਦ ਪੰਤਿ ਉਜਯਾਰੋ॥ ਛਾਡਤ ਜਵਾਲ ਲਏ ਕਰ ਬਯਾਲ ਸੁ 'ਕਾਲ' ਸਦਾ ਪ੍ਰਤਿਪਾਲ ਤਿਹਾਰੋ ॥ (ਪੰਨਾ ੮੧੦ ਤੇ ਕਾਲ ਦਾ ਸ਼ਰੀਰਧਾਰੀ ਭਿਆਨਕ ਰੂਪ ) ਅਰਥਾਤ** ਗਲੇ ਵਿਚ ਖੋਪੜੀਆਂ ਦੀ ਮਾਲਾ, ਸਰੀਰ ਨੰਗਾ, ਖੱਬੇ ਪਾਸੇ ਭਾਰੀ ਤਲਵਾਰ, ਲਾਲ ਡਰਾਉਣੀਆਂ ਅੱਖਾਂ ਜਿਵੇਂ ਮੱਥੇ ਤੇ ਅੰਗਾਰੇ, ਡਰਾਉਣੇ ਬਿਖਰੇ ਵਾਲ, ਭਿਆਨਕ ਦੰਦ, ਮੂੰਹ ਵਿਚੋਂ ਨਿਕਲਦੀਆਂ ਅੱਗ ਦੀਆਂ ਲਪਟਾਂ; ਐਸਾ ਕਾਲ ਦਾ ਸਰੂਪ, ਜੋ ਕਿ ਤੁਹਾਡਾ (ਵਾਮ-ਮਾਰਗੀਆਂ ਦਾ ਜਾਂ ਗੁਰਸਿਖਾਂ ਦਾ ?) ਪਾਲਣਹਾਰ ਹੈ ।

**(੭) ਅਉਰ ਸਕਾਲ ਸਭੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ ॥**(ਕੀ ਸ਼ਰੀਰਧਾਰੀ ਕਾਲ ਹੀ ਅਕਾਲ ਪੁਰਖੁ ਹੈ ?)

**(੮) ਮਹਾਕਾਲ ਕੋ ਸਿਖਯ ਕਰਿ ਮਦਿਰਾ ਭਾਂਗ ਪਿਵਾਇ ॥** (ਪੰਨਾ ੧੨੧੦ ) ਜਿਸ ਮਹਾਕਾਲ ਦਾ ਸਿਖ ਬਣ ਕੇ ਭੰਗ ਸ਼ਰਾਬ ਪੀਣੀ ਪਵੇ, ਉਸ ਮਹਾਕਾਲ ਨੂੰ ਵਾਹਿਗੁਰੂ ਮੰਨਣਾ ਗੁਰਸਿਖ ਦੀ ਮਹਾ-ਮੂਰਖਤਾ ਹੀ ਹੈ ।

**ਕੁਝ ਸਿਖ-ਵਿਰੋਧੀ ਲਿਖਾਰੀ** ਬਚਿਤ੍ਰ ਨਾਟਕ ਗ੍ਰੰਥ / ਅਖਉਤੀ ਦਸਮ ਗ੍ਰੰਥ ਦੀ ਓਟ ਲੈਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਦੇਵੀ-ਪੂਜਕ ਸਿਧ ਕਰ ਰਹੇ ਹਨ । ਡਾ: ਰਤਨ ਸਿੰਘ ਜੱਗੀ ਨੇ ਅਖਉਤੀ ਦਸਮ ਗ੍ਰੰਥ ਦਾ ਟੀਕਾ (ਅਰਥ) ਪੰਜ ਪੋਥੀਆਂ ਵਿਚ ਕੀਤਾ ਹੈ ; ਪਹਿਲੀ ਪੋਥੀ ਵਿਚ ਲਿਖੀ ਭੂਮਿਕਾ ਸਿਧ ਕਰਦੀ ਹੈ ਕਿ ਇਹ ਕਿਹਾ ਜਾਂਦਾ ਦਸਮ ਗ੍ਰੰਥ ਅਪ੍ਰਮਾਣੀਕ ਗ੍ਰੰਥ ਹੈ । ਇਹ ਗੁਰੂ ਪਰਵਾਨਤ ਗ੍ਰੰਥ ਨਹੀ ਹੈ । ਇਸ ਗ੍ਰੰਥ ਨੂੰ ਕਿਸੇ ਸੋਧਕ ਕਮੇਟੀ ਨੇ ਸੋਧ ਕੇ ਮੋਜੂਦਾ ਰੂਪ ਦਿਤਾ ਹੈ । ਭਲਾ ਦਸੋ, ਗੁਰਬਾਣੀ ਨੂੰ ਕੋਈ ਸਿਖ ਜਾਂ ਕੋਈ ਕਮੇਟੀ ਸੋਧ ਸਕਦੀ ਹੈ ? ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਇਕ ਵੀ ਅੱਖਰ ਬਦਲਿਆ ਜਾਂ ਸੋਧਿਆ ਨਹੀ ਜਾ ਸਕਦਾ ; ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਅਰਜਨ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਪ੍ਰਮਾਣਿਕਤਾ ਪ੍ਰਾਪਤ ਹੈ। ਪਰ ਅਖਉਤੀ ਦਸਮ ਗ੍ਰੰਥ ਨੂੰ ਦਸਮ ਨਾਨਕ ਦੀ ਨਿਗਰਾਨੀ ਹੇਠ ਸੰਪਾਦਨ ਨਹੀ ਕੀਤਾ ਗਿਆ ਅਤੇ ਇਸਨੂੰ ਦਸਮ ਗੁਰੂ ਗ੍ਰੰਥ ਸਾਹਿਬ ਮੰਨਣਾ ਵਡੀ ਘਾਤਕ ਭੁਲ ਹੈ । ਗੁਰਬਾਣੀ ਨੂੰ ਸੋਧਣ ਦੀ ਲੋੜ ਹੀ ਨਹੀ ਅਤੇ ਸੋਧਣ ਦਾ ਹਕ ਕੇਵਲ ਗੁਰੂ ਸਾਹਿਬ ਦਾ ਹੀ ਸੀ । ਕਿਸੇ ਸਿਖ ਜਾਂ ਕਿਸੇ ਕਮੇਟੀ ਦੀ ਸੋਧੀ ਹੋਈ ਰਚਨਾ ਗੁਰਬਾਣੀ ਨਹੀ ਹੋ ਸਕਦੀ।

**ਅਭੁਲ ਗੁਰੂ ਜੀ ਦੀ ਬਾਣੀ ਨੂੰ ਭੁਲਣਹਾਰ ਮਨੁਖ ਕਿਵੇਂ ਸੋਧ ਸਕਦੈ ? ਅਖਉਤੀ ਦਸਮ ਗ੍ਰੰਥ ਨੂੰ ਪ੍ਰਚਾਰਣ ਵਾਲੇ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ ਪੈਦਾ ਕਰ ਰਹੇ ਹਨ ।** ਇਉਂ ਕਹੀਏ ਕਿ ਗੁਰੂ ਗ੍ਰੰਥ ਸਾਹਿਬ ਜੀ ਤੇ ਸਿੱਧਾ ਹਮਲਾ ਹੈ।ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਤੋੜ ਕੇ ਦਸਮ ਗ੍ਰੰਥ ਨਾਲ ਜੋੜਨ ਵਾਲੇ ਚਾਹੁੰਦੇ ਹਨ ਕਿ ਸਿਖਾਂ ਨੂੰ ਬ੍ਰਾਹਮਣ-ਵਾਦੀ ਗ੍ਰੰਥਾਂ ਨਾਲ ਜੋੜ ਕੇ ਸਿਖਾਂ ਨੂੰ ਧੁਰੇ ਤੋਂ ਦੂਰ ਕਰ ਦਿੱਤਾ ਜਾਵੇ । ਗੁਰੂ ਸਾਹਿਬ ਦੀ ਇਹ ਚੇਤਾਵਨੀ ਯਾਦ ਰਖੀਏ :

**ਦੁਇ ਪੁੜ ਚਕੀ ਜੋੜਿ ਕੈ ਪੀਸਣ ਆਏ ਬਹਿਠੁ ॥ ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥ (ਅੰਗ ੧੪੨)**

ਚੱਕੀ ਦੀ ਮਿਸਾਲ ਦੇ ਕੇ ਸਤਿਗੁਰੁ ਜੀ ਸਮਝਾ ਰਹੇ ਹਨ ਕਿ ਜਿਹੜੇ ਦਾਣੇ ਚੱਕੀ ਦੇ ਧੁਰੇ (ਕਿੱਲੀ) ਦੇ ਨੇੜੇ ਰਹੇ,ਉਹ ਦਾਣੇ ਬਚ ਗਏ ਪਰ ਜਿਹੜੇ ਦਾਣੇ ਧੁਰੇ ਤੋਂ ਦੂਰ ਚਲੇ ਗਏ, ਉਹ ਰਗੜੇ ਗਏ । ਠੀਕ ਇਸੇ ਤਰ੍ਹਾਂ ਜਿਹੜੇ ਸਿਖ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਹੋਕੇ ਕਿਸੇ ਹੋਰ ਗ੍ਰੰਥ ਜਾਂ ਦੇਹਧਾਰੀ ਗੁਰੂ ਜਾਂ ਸ਼ਾਕਤ-ਮਤੀਏ ਨਾਲ ਜੁੜਨਗੇ ਉਹਨਾਂ ਦੀ ਆਤਮਕ ਮੌਤ ਨਿਸ਼ਚਿਤ ਹੈ।

**ਸਿੱਖ ਕੋਮ ਦਾ ਬਚਾਅ ਵੀ ਤਾਂ ਹੀ ਮੁਮਕਿਨ ਹੈ ਜੇ ਸਿਖ ਕੌਮ ਸਾਰੇ ਕੱਚੀ ਬਾਣੀ ਵਾਲੇ ਗ੍ਰੰਥ ਤਿਆਗ ਕੇ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਬਾਣੀ ਨਾਲ ਜੁੜ ਜਾਵੇ ।** ਸਿਖ ਮੱਥਾ ਗੁਰੂ ਗ੍ਰੰਥ ਸਾਹਿਬ ਜੀ ਨੂੰ ਟੇਕੇ ਪਰ ਬਾਣੀ ਹੋਰ ਕਿਸੇ ਗ੍ਰੰਥ ਦੀ ਪੜ੍ਹੀ ਜਾਵੇ ਤਾਂ ਉਹ ਸਿਖ ਧੋਖਾ ਕਿਸ ਨੂੰ ਦੇ ਰਿਹਾ ਹੈ ? ਯਕੀਨਨ ਆਪਣੇ ਆਪ ਨੂੰ ਕਿਉਕਿ ਉਹ ਅਨੰਦੁ ਬਾਣੀ ਦੀ ਪਉੜੀ :

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥** ਬਗੈਰ ਸਮਝੇ ਹੀ ਪੜੀ ਜਾ ਰਿਹਾ ਹੈ । ਚੇਤੇ ਰਖੀਏ ਇਹ ਗੁਰਵਾਕ,

**ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥ (ਅੰਗ ੪੮੪),** ਲੋਕਾਂ ਨੂੰ ਸ਼ਾਇਦ ਥੋੜੀ ਦੇਰ ਲਈ ਮੂਰਖ ਬਣਾਇਆ ਜਾ ਸਕਦਾ ਹੈ ਪਰ ਪਰਮਾਤਮਾ ਅਤੇ ਗੁਰੂ ਨੂੰ ਮੂਰਖ ਕਿਵੇਂ ਬਣਾ ਸਕਦੇ ਹਾਂ ? **ਕੋਈ ਸਿਖ ਗੁਰੂ ਤੋਂ ਵਧ ਸਿਆਣਾ ਨਹੀਂ ਹੋ ਸਕਦਾ।** ਗੁਰਸਿਖ ਸਾਕਤ-ਮਤੀਆਂ ਵਾਂਙ ਸ਼ਿਵ (ਮਹਾਕਾਲ) ਅਤੇ ਸ਼ਿਵ ਦੀ ਸੰਗਿਨੀ ਸ਼ਕਤੀ ( ਦੁਰਗਾ, ਭਵਾਨੀ, ਕਾਲ, ਕਾਲਕਾ..) ਦਾ ਉਪਾਸ਼ਕ ਨਹੀ ਹੋ ਸਕਦਾ । ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੁਰਮਾਨ ਹਨ :

**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥( ਗੁਰੂ ਗ੍ਰੰਥ ਸਾਹਿਬ, ਅੰਗ ੯੨੦)**

ਅਰਥਾਤ, ਸ਼ਿਵ ਅਤੇ ਸ਼ਕਤਿ ੧ੴ ਨੇ ਪੈਦਾ ਕੀਤੇ ਹਨ ਅਤੇ ਉਹਨਾਂ ਤੇ ੧ੴ ਦਾ ਹੀ ਹੁਕਮ ਚਲਦਾ ਹੈ ।

**ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥ (ਅੰਗ ੨੯੧ )**

ਅਰਥਾਤ, ਜਦੋਂ ੧ੴ ਦਾ ਕੇਵਲ ਨਿਰਗੁਨ (Formless) ਸਰੂਪ ਹੀ ਸੀ ( ਜੋ ਕਿ ਹੁਣ ਵੀ ਹੈ ਅਤੇ ਅਗੇ ਵੀ ਰਹੇਗਾ ) ਅਤੇ ਸੰਸਾਰ ਦੀ ਰਚਨਾ (ਸਰਗੁਨ ਸਰੂਪ) ਨਹੀ ਸੀ ਤਾਂ ਦਸੋ, ਸ਼ਿਵ ਅਤੇ ਸ਼ਕਤੀ ਕਿਸ ਥਾਂ ਸਨ ? ਭਾਵ, ਨਹੀ ਸਨ । ਇਸ ਨੂੰ ਵਿਸਤਾਰ ਨਾਲ ਸਮਝਣ ਲਈ ਮਾਰੂ ਸੋਲਹੇ ਦਾ ਸਬਦ : **ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ... ਬ੍ਰਹਮਾ ਬਿਸਨ ਮਹੇਸ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥ (ਅੰਗ ੧੦੩੫)** ਧਿਆਨ ਨਾਲ ਵੀਚਾਰਨਾ ਚਾਹੀਦਾ ਹੈ ।

**ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥ ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥(੮੭੩)**

ਹੇ ਮਨ ! ਸ਼ਿਵ ਦੀਆਂ ਸ਼ਿਵ ਪੁਰਾਣ ਵਿਚ ਲਿਖੀਆਂ ਅਤੇ ਸ਼ਕਤੀ (ਦੁਰਗਾ) ਦੀਆਂ ਮਾਰਕੰਡੇਯ ਪੁਰਾਣ ਵਿਚ ਲਿਖੀਆਂ ਕਥਾ / ਵਾਰਤਾ ਦੇ ਭੇਦ ਸਮਝਣੇ ਛਡ ਦੇ।ਹੇ ਨਾਮਦੇਵ! ੧ੴ ਦਾ ਨਾਮ ਜਪ ਜਪ ਕੇ ਸੰਸਾਰ-ਸਾਗਰ ਪਾਰ ਕਰਣ ਦਾ ਉੱਦਮ ਕਰ।

ਪਰ ਜੇ ਕੋਈ ਸਿਖ ਅਖਵਾਏ ,ਪਰ ਗੁਰੂ ਦੀ ਬਾਣੀ / ਗੁਰ-ਉਪਦੇਸ਼ ਨ ਮੰਨੇ,ਤਾਂ ਕੁਝ ਪ੍ਰਾਪਤੀ ਨ ਹੋਣ ਤੇ ਦੋਸ਼ ਸਿਖ ਦਾ ਹੀ ਹੈ :

**ਕਬੀਰ ਸਾਚਾ ਸਤਿਗੁਰੂ ਕਿਆ ਕਰੇ ਜਉ ਸਿਖਾ ਮਹਿ ਚੂਕ॥ਅੰਧੇ ਏਕ ਨ ਲਗਈ ਜਿਉ ਬਾਂਸ ਬਜਾਈਐ ਫੂਕ ॥(ਅੰਗ ੧੩੭੨)**

**ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ॥ ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ॥(ਅੰ: ੬੭੩)**

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਆਖ਼ਰੀ ਹੁਕਮ ਮੁਤਾਬਕ ਸਾਡੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ।
ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੁਰਮਾਨ ਹਨ (ਰਾਮਕਲੀ ਮਹਲਾ ੩, ਅਨੰਦੁ)
ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥(ਪਉੜੀ ੨੩,ਅੰਗ ੯੨੦)
ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਿੰਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ ... (ਪਉੜੀ ੨੪,ਅੰਗ ੯੨੦)
ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥ (ਪਉੜੀ ੩੭,ਅੰਗ ੯੨੨)
**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥.. (ਪਉੜੀ ੪੦,ਅੰਗ ੯੨੨)**

ਇਹ ਗੁਰ-ਫ਼ੁਰਮਾਨ ਸਾਨੂੰ ਚੇਤਾ ਕਰਾਉਂਦੇ ਹਨ ਕਿ ਕੀਰਤਨੀਏ ਨੇ ਸੱਚੀ ਬਾਣੀ , ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਗਾਇਨ ਕਰਨੀ ਹੈ ਤੇ ਸਿਖ-ਸੰਗਤ ਨੇ ਕੇਵਲ ਸਚੀ ਬਾਣੀ ਹੀ ਸੁਣਨੀ ਹੈ ਨਹੀ ਤਾਂ ਸੁਣਾਉਣ ਵਾਲਾ ਵੀ ਕੱਚਾ ਸਿਖ ਅਤੇ ਸੁਣਨ ਵਾਲੇ ਵੀ ਕੱਚੇ ਸਿਖ ਹੋਣਗੇ । ਗੁਰਬਾਣੀ ਹੀ ਸਭ ਬਾਣੀਆਂ, ਕਵਿਤਾਂਵਾਂ ਨਾਲੋਂ ਸ੍ਰੇਸ਼ਟ ਹੈ । ਕੀਰਤਨ ਦਾ ਮਕਸਦ ੧ੴ ਦੀ ਉਸਤਤਿ ਅਤੇ ਗੁਰਬਾਣੀ ਰਾਹੀਂ ਗੁਰਮਤਿ ਸਿਧਾਂਤ ਦ੍ਰਿੜ ਕਰਾਉਣਾ ਹੈ । ਅਜ ਕਈ ਪੋਥੀਆਂ ਵਿਚ ਜੋ ਦਸਮ ਗ੍ਰੰਥ, ਸਰਬਲੋਹ ਗ੍ਰੰਥ, ਰਹਿਤਨਾਮੇ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਦੀਆਂ ਰਚਨਾਂਵਾਂ ਦਰਜ ਹਨ, ਉਨ੍ਹਾਂ ਦਾ ਕੀਰਤਨ ਕਰਨਾ ਉਪਰ ਲਿਖੇ ਗੁਰੂ-ਫ਼ੁਰਮਾਨਾਂ ਤੋਂ ਬੇਮੁਖ ਹੋਣਾ ਹੈ । ਐਸੇ ਕੀਰਤਨੀਏ ‘ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥’ ਵਾਲੀ ਅਨੰਦੁ-ਬਾਣੀ ਦੀ ਪਉੜੀ ਪੜ੍ਹ ਕੇ ਸਮਝ ਸਕਦੇ ਹਨ ਕਿ ਸਤਿਗੁਰ ਜੀ ਉਨ੍ਹਾਂ ਨੂੰ ਕੀ ਸਜ਼ਾ ਦੇਣਗੇ । ਕੱਚੀ ਤੇ ਸੱਚੀ ਬਾਣੀ ਦਾ ਨਿਰਣਾ ਸਿਰਫ਼ ਗੁਰੂ ਸਾਹਿਬ ਹੀ ਕਰ ਸਕਦੇ ਹਨ , ਕੋਈ ਸਿਖ ਜਾਂ ਪੰਥਕ ਇਕੱਠ ਨਹੀ । ਕੀ ਕੋਈ ਸਿਖ, ਗ੍ਰੰਥੀ ਜਾਂ ਜਥੇਦਾਰ ਗੁਰੂ ਨਾਲੋਂ ਵੱਡਾ ਹੋ ਸਕਦਾ ਹੈ ?
ਚੰਗਾ ਹੋਵੇ ਜੇਕਰ ਕੀਰਤਨੀਏ ਸਬਦ ਗਾਇਨ ਕਰਨ ਤੋਂ ਪਹਿਲਾਂ ਸੰਖੇਪ ਵਿਚ ਸਬਦ ਦੇ ਅਰਥ / ਸਿਧਾਂਤ ਸਮਝਾ ਕੇ ਫਿਰ ਕੀਰਤਨ ਕਰਣ । ਤਾਂ ਸੁਣਨ ਵਾਲੀ ਸੰਗਤ ਦੀ ਸੁਰਤਿ ਸਬਦ ਵਿਚ ਸਹਜੇ ਹੀ ਜੁੜ ਜਾਵੇਗੀ ਅਤੇ ਕੀਰਤਨ ਦਾ ਅਸਲ ਅਨੰਦ ਮਾਣਿਆ ਜਾ ਸਕੇਗਾ ਅਤੇ ਸਭ ਦੂਖ, ਰੋਗ, ਸੰਤਾਪ ਉਤਰ ਜਾਣਗੇ।

ਜਿਹੜਾ ਕੀਰਤਨ ਸਿਖ-ਸੰਗਤਾਂ ਨੂੰ ਗੁਰਸਿਖੀ ਦੇ ਮੂਲ-ਮੰਤਰ “ ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ” ਵਿਚ ਦਰਸਾਏ ਨਿਰੰਕਾਰ ਨਾਲ ਨਹੀ ਜੋੜਦਾ, ਐਸਾ ਕੀਰਤਨ ਕਰਨਾ ਅਤੇ ਸੁਣਨਾ ਬੇਕਾਰ ਹੈ । ਮਿਸਾਲ ਵਜੋਂ, ਹੇਠ ਲਿਖੀਆਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਦੀਆਂ ਰਚਨਾਵਾਂ ਦੀ ਕੀਰਤਨ ਕਰਨਾ ਤੇ ਸੁਣਨਾ ਮਨੁਖਾ ਜੀਵਨ ਦਾ ਅਨਮੋਲ ਸਮਾਂ ਬਰਬਾਦ ਕਰਨਾ ਹੈ :-
(੧) ਦੇਹਿ ਸ਼ਿਵਾ (ਸ਼ਿਵ ਦੀ ਪਤਨੀ ਦੁਰਗਾ) ਬਰ ਮੋਹੇ ਇਹੈ ......... (ਦੇਵੀ ਦੁਰਗਾ ਤੋਂ ਵਰ ਮੰਗਣਾ) ।
ਇਸ ਦੀ ਥਾਂਵੇਂ ਸਬਦ “ਗਗਨ ਦਮਾਮਾ ਬਾਜਿਓ ਪਰਿਓ ਨੀਸਾਨੇ ਘਾਉ ॥...” ਪੜ੍ਹਨਾ ਚਾਹੀਦਾ ਹੈ ।
(੨) ਹੇ ਰਵਿ ਹੇ ਸਸਿ ਹੇ ਕਰੁਣਾਨਿਧਿ...... ॥ ਸੰਤ ਸਹਾਇ ਸਦਾ ਜਗਮਾਇ (ਦੇਵੀ ਦੁਰਗਾ) ਕ੍ਰਿਪਾ ਕਰਿ ਸਯਾਮ ਇਹੈ ਬਰ ਦੀਜੈ ॥ (ਸਯਾਮ = ਦੇਵੀ-ਪੂਜਕ ਕਵੀ ਸਯਾਮ, ਅਖੌਤੀ ਦਸਮ ਗ੍ਰੰਥ ਦਾ ਲਿਖਾਰੀ)
(੩) ਯਾਤੇ ਪ੍ਰਸੰਨ ਭਏ ਹੈ ਮਹਾ ਮੁਨਿ ਦੇਵਨ ਕੇ ਤਪ ਮਹਿ...॥ ਸੰਖਨ ਕੀ ਧੁਨਿ ਘੰਟਨ ਕੀ.. (ਦੇਵਤੇ ਇੰਦਰ ਦੀ ਆਰਤੀ ਗੁਰੂ ਨਾਨਕ ਦੇ ਦਰਬਾਰ ਵਿਚ ਕਰਕੇ, ਗੁਰੂ ਦੀ ਨਿਰਾਦਰੀ ਕਰਕੇ, ਗੁਰੂ-ਨਿੰਦਕ ਨ ਬਣੋ ।
(੪) ਐਸੇ ਚੰਡ ਪ੍ਰਤਾਪ ਤੇ ......॥ (ਚੰਡੀ, ਦੁਰਗਾ ਦੇਵੀ ਦੀ ਸੋਭਾ ਗਾਉਣੀ ਗੁਰੂ ਦੀ ਨਿਰਾਦਰੀ ਕਰਨਾ ਹੈ)..
ਜਿਨ੍ਹਾਂ ਸਬਦਾਂ ਦਾ ਅਰਥ / ਪਿਛੋਕੜ ਨਾ ਸਮਝ ਆਵੇ, ਗਾਉਣ ਨਾਲ ਕਦੇ ਅਨੰਦ ਨਹੀ ਆ ਸਕਦਾ ।
**ਜੇ ਕੀਰਤਨੀਏ ਆਪਣਾ ਤੇ ਸੰਗਤਾਂ ਦਾ ਮਨੁਖਾ ਜੀਵਨ ਸਫ਼ਲਾ ਕਰਨਾ ਚਾਹੁੰਦੇ ਹਨ ਤਾਂ ਸੱਚੀ ਬਾਣੀ, ਬਾਣੀ ਦੇ ਭੰਡਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਹੀ ਕੀਰਤਨ ਕਰਣ ।**

# ਗੁਰਸਿਖ ਦੀ ਪਛਾਣ

ਹਰ ਸਿਖ,ਔਰਤ ਜਾਂ ਮਰਦ, ਲਈ ਹੇਠ ਲਿਖੇ ਗੁਰੂ-ਹੁਕਮ ਚੇਤੇ ਰਖਕੇ ਕਮਾਉਣੇ ਜ਼ਰੂਰੀ ਹਨ :

(੧) ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਗੁਰੂ ਮੰਨਦਾ ਹੋਵੇ । ਪੂਰਨ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੀ ਧੁਰ ਕੀ ਬਾਣੀ ਦਾ ਸਹਜ ਪਾਠ ,ਵੀਚਾਰ ਕੇ, ਧਿਆਨ ਨਾਲ ਨਿਤ ਕਰੇ ।ਇਸ ਤਰ੍ਹਾਂ ਗੁਰਬਾਣੀ ਰਾਹੀਂ ਸਾਰੇ ਸ਼ੰਕੇ, ਭਰਮ ਵਗੈਰਾ ਦੂਰ ਹੋ ਜਾਣਗੇ।

(੨) ਕਿਸੇ ਹੋਰ ਗ੍ਰੰਥ ਜਾਂ ਕਿਸੇ ਦੇਹਧਾਰੀ ਨੂੰ ਗੁਰੂ ਨ ਮੰਨਦਾ ਹੋਵੇ।

(੩) ੴ ਅਰਥਾਤ ਨਿਰਾਕਾਰ ਪਰਮਾਤਮਾ ਦੇ ਇਲਾਵਾ ਕਿਸੇ ਦੇਵੀ ਦੇਵਤਾ ਨੂੰ ਨ ਮੰਨਦਾ ਹੋਵੇ

(੪) ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਪੰਜ ਕਕਾਰ ਧਾਰਣ ਕਰਕੇ ਗੁਰਮਤਿ ਤੇ ਚਲਣਾ ।

(੫) ਚੰਗੇ-ਮੰਦੇ ਦਿਹਾੜੇ, ਸੂਤਕ ਪਾਤਕ ਵਗੈਰਾ ਦਾ ਭਰਮ ਨ ਕਰੇ ।

(੬) ਸਿਖ ਰਹਤ ਮਰਯਾਦਾ ਵਿਚ ਲਿਖੀਆਂ ਕੁਰਹਤਾਂ ਨ ਕਰੇ ।

(੭) ਜਾਤ-ਪਾਤ,ਊਚ-ਨੀਚ,ਅਮੀਰ-ਗਰੀਬ ਦਾ ਵਿਤਕਰਾ ਨ ਮੰਨੇ ।

(੮) ਗੁਰੂ-ਹੁਕਮ ਮੁਤਾਬਕ ਨਿਤਨੇਮ-ਬਾਣੀਆਂ ਦਾ ਪਾਠ ਧਿਆਨ ਨਾਲ ਵੀਚਾਰ ਕੇ ਕਰੇ ।

(੯) ਨਿਮਾਣਾ ਹੋ ਕੇ ਗੁਰਦਵਾਰੇ ਜਾਵੇ; ਗੁਰਬਾਣੀ ਕੀਰਤਨ ਅਤੇ ਗੁਰਬਾਣੀ ਦੀ ਕਥਾ-ਵੀਚਾਰ ਧਿਆਨ ਨਾਲ ਸੁਣ ਕੇ ਕਮਾਵੇ।ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਸਿਰਫ਼ ਗੁਰਪੁਰਬ ਹੀ ਮਨਾਵੇ।

(੧੦) ਕੇਸ ਨ ਕਟਦਾ ਹੋਵੇ ਨ ਹੀ ਰੰਗਦਾ ਹੋਵੇ ।

(੧੧) ਤਮਾਕੂ , ਜ਼ਰਦਾ, ਪਾਨ ਮਸਾਲਾ, ਭੰਗ, ਅਫ਼ੀਮ, ਸ਼ਰਾਬ ਜਾਂ ਹੋਰ ਕਿਸੇ ਤਰ੍ਹਾਂ ਦੇ ਨਸ਼ੀਲੇ ਪਦਾਰਥ ਦਾ ਸੇਵਨ ਨ ਕਰਦਾ ਹੋਵੇ (ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦੁ ਛੂਛੈ ਭਾਉ ਧਰੇ)।

(੧੨)'ਕਿਰਤ ਕਰਣੀ,ਨਾਮ ਜਪਣਾ ਤੇ ਵੰਡ ਛਕਣਾ' ਅਸੂਲ ਚੇਤੇ ਰਖੇ ਅਤੇ ਕਮਾਵੇ ।

(੧੩) ਸਿਖ ਲੜਕੀ ਦਾ ਵਿਆਹ ਸਿਖ ਲੜਕੇ ਨਾਲ ਹੀ ਹੋਣਾ ਚਾਹੀਦਾ ਹੈ, ਦੋਵੇਂ ਅੰਮ੍ਰਿਤਧਾਰੀ ਹੋਣ, ਨਹੀਂ ਤਾਂ ਔਲਾਦ ਅਧਰਮੀ ਜਾਂ ਨਾਸਤਕ ਹੋ ਸਕਦੀ ਹੈ ।

(੧੪) ਅਨੰਦ ਕਾਰਜ ਸਿਖ ਰਹਤ ਮਰਯਾਦਾ ਅਨੁਸਾਰ ਹੋਵੇ,ਲਾਂਵਾਂ ਦੇ ਅਰਥ ਸਮਝਾਏ ਜਾਣ ।

(੧੫) ਕਿਸੇ ਸੰਬੰਧੀ ਜਾਂ ਮਿਤਰ ਦੇ ਚਲਾਣੇ ਉਪਰੰਤ ਰੋਣਾ ਪਿਟਣਾ ਨਹੀ ਚਾਹੀਦਾ ਗੁਰਬਾਣੀ ਦਾ ਪਾਠ ਜਾਂ ਕੀਰਤਨ ਹੋਵੇ ।ਸਸਕਾਰ ਤੋਂ ਬਾਦ ਪੂਰਾ ਅੰਗੀਠਾ ਸਮੇਟ ਕੇ ਕਿਸੇ ਨੇੜੇ ਵਗਦੇ ਦਰਿਆ ਵਿਚ ਜਲ ਪਰਵਾਹ ਕੀਤਾ ਜਾਵੇ ਜਾਂ ਜ਼ਮੀਨ ਵਿਚ ਦਬ ਦਿੱਤਾ ਜਾਵੇ; ਕੋਈ ਭਰਮ ਨਹੀ ਕਰਣਾ। ਗੁਰਦਵਾਰੇ ਕੀਤੀ ਗਈ ਅੰਤਿਮ ਅਰਦਾਸ ਤੋਂ ਬਾਦ ਕੋਈ ਰਸਮ ਨਹੀ ਕਰਣੀ ਚਾਹੀਦੀ । ਵਰ੍ਹੀਣਾ (ਜੋ ਕਿ ਬ੍ਰਾਹਮਣੀ ਸ਼ਰਾਧ ਕਰਮ ਦੀ ਨਕਲ ਹੈ) ਕਰਣਾ ਮਨਮਤ ਹੈ ।ਐਸੇ ਹਰ ਮੌਕੇ ਤੇ 'ਰਾਮਕਲੀ ਸਦੁ'( ਅੰਕ ੯੨੩ ) ਬਾਣੀ ਦੀ ਵੀਚਾਰ / ਕਥਾ ਜ਼ਰੂਰ ਹੋਣੀ ਚਾਹੀਦੀ ਹੈ ।

(੧੬) ਗੁਰਬਾਣੀ-ਉਪਦੇਸ਼ਾਂ ਦੇ ਉਲਟ ਕੋਈ ਵੀ ਕਰਮ ਨਹੀ ਕਰਣਾ ਚਾਹੀਦਾ।

(੧੭) ਮਾਤਾ-ਪਿਤਾ ਬੱਚਿਆਂ ਨੂੰ ਗੁਰਮੁਖੀ (ਪੰਜਾਬੀ) ਬੋਲਨੀ, ਪੜ੍ਹਨੀ ਅਤੇ ਲਿਖਣੀ ਜ਼ਰੂਰ ਸਿਖਾਉਣ । ਗੁਰਬਾਣੀ,ਗੁਰ-ਇਤਿਹਾਸ,ਸ਼ਹੀਦਾਂ ਦੀਆਂ ਸਾਖੀਆਂ ਦ੍ਰਿੜ ਕਰਾਉਣ ।

(੧੮) ਦਸ ਸਾਲ ਦੀ ਉਮਰ ਤਕ ਸਿਖ ਲੜਕੇ ਆਪ ਦਸਤਾਰ ਸਜਾ ਕੇ ਸਕੂਲ ਜਾਣ ।

(੧੯) ਹਰ ਸਿਖ ਬੱਚੇ ਨੂੰ ੧੫ ਸਾਲ ਦੀ ਉਮਰ ਤਕ ਅੰਮ੍ਰਿਤ ਛਕਣ ਲਈ ਤਿਆਰ ਕੀਤਾ ਜਾਵੇ

(੨੦) ਸਭ ਧਰਮਾਂ ਦੇ ਲੋਕਾਂ ਦਾ ਸਤਕਾਰ ਕੀਤਾ ਜਾਵੇ ।ਦ੍ਰਿੜ ਵਿਸ਼ਵਾਸ ਆਪਣੇ ਧਰਮ (ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਆਧਾਰਿਤ) ਵਿਚ ਹੀ ਕੀਤਾ ਜਾਵੇ ।

**ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ ॥**
**ਓਇ ਭੁਲਾਏ ਕਿਸੈ ਦੇ ਨ ਭੁਲਨੀ ਸਚੁ ਜਾਣਨਿ ਸੋਈ ॥(ਗੁਰੂ ਗ੍ਰੰਥ ਸਾਹਿਬ, ਅੰਗ ੪੨੫)**

# ਸ਼ਹਿਬਾਜ਼ ਖਾਲਸਾ/ਅਖੰਡ ਕੀਰਤਨੀ ਵਲੋਂ ਪ੍ਰਚਾਰਤ ਅਖੌਤੀ ਦਸਮ ਗ੍ਰੰਥ ਵਿਚ ਦਰਜ 'ਚੰਡੀ ਚਰਿਤ੍ਰ' ਬਾਰੇ ਲਿਖੇ ਆਪਾ-ਵਿਰੋਧੀ ਭੁਲੇਖਾ-ਪਾਊ ਲੇਖਾਂ ਦੀ ਪੜਚੋਲ

**(Review of Self-contradictory & confusing articles, pages 1 to 33, on Chandi Chritras)**

**ਪਹਿਲਾ ਲੇਖ (ਪੰਨਾ ੧) :- ਡਾ: ਹਿਰਦੇਜੀਤ ਸਿੰਘ ਜੀ ਭੋਗਲ ਦਾ ਲੇਖ "ਚੰਡੀ ਚਰਿਤ੍ਰ : ਇਕ ਵਿਸ਼ਲੇਸ਼ਣ"**
**ਇਸ ਲੇਖ ਵਿਚ ਲੇਖਕ ਨੇ ਮੰਨਿਆ ਹੈ ਕਿ**

(ੳ) ਇਸ ਮਿਥਿਕ ਬਿਰਤਾਂਤ ਦੀ ਚੋਣ ਨਿਰੋਲ ਸਾਹਿਤਕ ਕਾਰਨਾਂ ਤੋਂ ਕੀਤੀ ਗਈ ਹੈ।**(ਅਰਥਾਤ, ਸਾਹਿਤ ਹੈ ਗੁਰਬਾਣੀ ਨਹੀ)**
(ਅ) ਚੰਡੀ ਚਰਿਤ੍ਰ ਮਾਰਕੰਡੇਯ ਪੁਰਾਣ ਦਾ ਸੁਤੰਤਰ ਅਨੁਵਾਦ ਹੈ। **(ਸੁਤੰਤਰ ?, ਨਹੀ, ਹੂ-ਬ-ਹੂ ਨਕਲ । ਕੀ ਗੁਰੂ ਗੋਬਿੰਦ ਸਿੰਘ ਜੀ ਭੁਲ ਗਏ ਸਨ ਕਿ"ਪੰਡਿਤ ਮੁਲਾਂ ਜੋ ਲਿਖਿ ਦੀਆ॥ਛਾਡਿ ਚਲੇ ਹਮ ਕਛੂ ਨ ਲੀਆ॥ "ਗੁਰੂ ਗ੍ਰੰਥ ਸਾਹਿਬ,ਅੰ:੧੧੫੯**
(ੲ) ਬੀਰ ਰਸੀ ਕਥਾ ਬਿਆਨ ਕਰਕੇ ਦੇਸ਼ਵਾਸੀਆਂ ਨੂੰ ਦੇਸ਼ ਦੀ ਰਖਿਆ ਲਈ ਧਰਮ ਯੁੱਧ ਕਰਨ ਦੀ ਪ੍ਰੇਰਨਾ ਦਿੱਤੀ।**(ਜੇ ਇਸ ਕਥਾ ਨਾਲ ਬੀਰਤਾ ਆ ਸਕਦੀ ਤਾਂ ਹਿੰਦੁਸਤਾਨ ੧੦੦੦ ਸਾਲ ਗੁਲਾਮ ਨ ਰਹਿੰਦਾ । ਛੇਂਵੇਂ ਨਾਨਕ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਵੀ ਧਰਮ ਯੁੱਧ ਲੜੇ ਅਤੇ ਜਿੱਤੇ ਪਰ ਚੰਡੀ ਦੀਆਂ ਵਾਰਾਂ ਸੁਣਾ ਕੇ ਨਹੀ। ਲੇਖਕ ਗੁਰ-ਇਤਿਹਾਸ ਤੋਂ ਅਣਜਾਣ ਲਗਦਾ ਹੈ।)**
(ਸ)...... ਗੁਰਮਤਿ ਦਰਸ਼ਨ ਦੇ ਅੰਤਰਗਤ ਹੀ ਇਸ ਪੋਰਾਣਕ ਮਿਥ ਨਾਲ ਜੁੜੇ ਵੇਰਵਿਆਂ ਨੂੰ ਤਰਾਸ਼ਿਆ ਤੇ ਸੰਵਾਰਿਆ ਹੈ। (ਗੁਰਮਤਿ ਦਰਸ਼ਨ ? ਵਾਰ ਸ੍ਰੀ ਭਗਉਤੀ ਜੀ ਕੀ ,ਜਿਸਦਾ ਪੂਰਬਲਾ ਸਿਰਲੇਖ **ਵਾਰ ਦੁਰਗਾ ਕੀ** ਹੈ, ਦੀ ਪਉੜੀ ੪੧ ਵਿਚ ਲਿਖਿਆ ਹੈ "ਚੰਡੀ ਦਾ ਮੱਥਾ ਫੋੜ ਕੇ, ਬਾਪ ਦੇ ਬਿਨਾ, ਕਾਲਕਾ ਨਿਕਲੀ" ਜਦਕਿ ਗੁਰਮਤਿ-ਸਿਧਾਂਤ ਹੈ "ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ॥ ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ ॥ (ਗੁਰੂ ਗ੍ਰੰਥ ਸਾਹਿਬ, ਅੰਗ ੯੭੩)" ਦੇ ਵਿਗਿਆਨਕ ਅਤੇ **ਗੁਰਮਤਿ ਦਰਸ਼ਨ / ਸਿਧਾਂਤ ਦੇ ਉਲਟ ਲਿਖਤ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਕਿਵੇਂ ?)**
(ਹ)......ਹਰ ਕਿਸਮ ਦਾ ਡਰ ਮਿਟਾਣ ਵਾਲੀ ਚੰਡੀ ਦੇਵੀ ਦਾ ਚਰਿਤਰ ਆਪਣੀਆ ਰਚਨਾਵਾਂ ਦਾ ਆਧਾਰ ਬਣਾਇਆ ਹੈ । **(ਗੁਰਮਤਿ ਸਿਧਾਂਤ "ਨਿਰਭਉ ਜਪੈ ਸਗਲ ਭਉ ਮਿਟੈ ॥(ਅੰਗ ੨੯੩)" ਕਿਥੇ ਗਿਆ ? ਸ਼ਾਇਦ ਹਿਰਦੇਜੀਤ ਸਿੰਘ ਜੀ ਨੇ "ਨਿਰਭਉ ਨਿਰੰਕਾਰੁ" ਨੂੰ ਨਹੀ ਜਪਿਆ, ਇਹ ਲੇਖਕ "ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ॥(ਅੰਗ ੧੧੩੮)" ਵਾਲੀ ਬਿਰਤੀ ਦਾ ਧਾਰਨੀ ਲਗਦਾ ਹੈ । ਐਸੀਆਂ ਹੋਰ ਅਗਿਆਨਤਾ ਭਰੀਆਂ, ਗੁਰੂ-ਨਿੰਦਕ ਪੰਕਤੀਆਂ ਹਿਰਦੇਜੀਤ ਸਿੰਘ ਜੀ ਲਿਖ ਰਹੇ ਹਨ। ਵਾਹਿਗੁਰੂ ਜੀ ! ਸੁਮਤਿ ਬਖ਼ਸ਼ੋ ਜੀ ਇਸ ਗੁਰੂ-ਨਿੰਦਕ ਨੂੰ ।)**

**ਦੂਜਾ ਲੇਖ (ਪੰਨਾ ੯) :- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਲਿਖਿਆ ਲੇਖ :"ਭਗਉਤੀ ਸੰਬੰਧੀ ਮਹਾਂ ਅਗਿਆਨਤਾ ਭਰਿਆ ਭੁਲੇਖਾ"।** ਇਸ ਲੇਖ ਦੀਆਂ ਕੁਝ ਪੰਕਤੀਆਂ ਅਤੇ ਪੜਚੋਲ ਹੇਠ ਲਿਖਤ ਹਨ:-
(ੳ) ........ਨਾਮ ਰੂਪੀ ਖੰਡਾ ਹੀ ਸੱਚੀ ਭਗਉਤੀ ਹੈ । ਨਾਮ ਦਾ ਸਿਮਰਨ ਹੀ ਭਗਉਤੀ ਦਾ ਸਿਮਰਨ ਹੈ ।
(ਭਾਈ ਰਣਧੀਰ ਸਿੰਘ ਜੀ ਨੇ ਲੇਖ ਦੇ ਸ਼ੁਰੂ ਵਿਚ ਬਿਨਾ ਕਿਸੇ ਠੋਸ ਦਲੀਲ, ਢੁਕਵੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਲਿਖੇ ਬਿਨਾ ਆਪਣਾ ਫ਼ੈਸਲਾ ਦੇ ਦਿੱਤਾ ਹੈ !? ਮਹਾਨ ਕੋਸ਼ ਵਿਚ ਲਿਖੇ ਭਗਉਤੀ ਪਦ ਦੇ ਅਰਥ ਇਸ ਲੇਖ ਵਿਚ ਕਿਤੇ ਨਹੀ ਲਿਖੇ। ਜ਼ਾਹਿਰ ਹੈ ਕਿ ਲੇਖਕ ਸਚ ਲਿਖਣਾ ਨਹੀ ਚਾਹੰਦਾ ਜਾਂ ਉਸਨੂੰ ਸਚ ਦਾ ਗਿਆਨ ਹੀ ਨਹੀ ।)
(ਅ) ......ਅੱਗੇ ਲਿਖੇ ਪ੍ਰਮਾਣ "ਨਾਮ ਕੇ ਧਾਰੇ ਸਗਲੇ ਜੰਤ ॥" ਗਉੜੀ ਸੁਖਮਨੀ ਮ:੫ ਦੀ ਬਾਣੀ ਵਿਚ "ਨਾਮ" ੧ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥, ਅਰਥਾਤ ਮੂਲ-ਮੰਤਰ ਵਿਚ ਦਰਸਾਏ ਅਕਾਲ-ਪੁਰਖੁ ਲਈ ਲਿਖਿਆ ਹੈ, ਨਾ ਕਿ ਦੁਰਗਾ,ਚੰਡੀ ਜਾਂ ਭਗਉਤੀ ਲਈ । ਭਾਈ ਰਣਧੀਰ ਸਿੰਘ ਜੀ ਨੇ ਅਖੌਤੀ ਦਸਮ ਗ੍ਰੰਥ ਦਾ ਤੁਕ-ਤਤਕਰਾ ਲਿਖਦਿਆਂ ਬਹੁਤ ਸਮਾ ਜ਼ਾਇਆ ਕੀਤਾ ਹੈ ਪਰ **ਇਕ ਵੀ ਪੰਨੇ ਤੇ ਸੰਪੂਰਣ ਮੂਲ-ਮੰਤਰ ਨਹੀ ਲੱਭਾ, ਕਿਉਂ** ? ਕਿਉਂਕਿ ਬਚਿਤ੍ਰ ਨਾਟਕ ਗ੍ਰੰਥ / ਦਸਮ ਗ੍ਰੰਥ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਨਹੀ ।
(ੲ)......... "ਖੰਡਾ ਪ੍ਰਿਥਮੈ ਸਾਜਿ ਕੈ ......॥ ਕਿਨੀ ਤੇਰਾ ਅੰਤ ਨ ਪਾਇਆ ॥੨॥ ਚੰਡੀ ਦੀ ਵਾਰ, ਪਾ:੧੦
**ਪੜਚੋਲ :-**ਜਾਪਦਾ ਹੈ ਭਾਈ ਰਣਧੀਰ ਸਿੰਘ ਜੀ ਨੇ ਬਚਿਤ੍ਰ ਨਾਟਕ ਗ੍ਰੰਥ ਦੇ ਪੰਨੇ ਨੰ: ੧੫੫ ਅਤੇ ੬੬੯ ਧਿਆਨ ਨਾਲ ਅਤੇ ਵੀਚਾਰ ਕੇ ਨਹੀ ਪੜੇ । ਇਹਨਾਂ ਪੰਨਿਆਂ ਤੇ ਪਾ:੧੦ ਦੇ ਰੂਪ ਵਿਚ "ਕਵਿ ਸਯਾਮ" ਵਰਗਾ ਪੋਰਾਣਕ ਗ੍ਰੰਥਾਂ, ਮਾਰਕੰਡੇਯ ਪੁਰਾਣ, ਸਿਵ ਪੁਰਾਣ, ਸ੍ਰੀਮਦ ਭਾਗਵਤ ਪੁਰਾਣ ਦੀ ਨਕਲ ਮਾਰ ਕੇ ਘਟੀਆ ਛੰਦਾ-ਬੰਦੀ ਲਿਖਣ ਵਾਲਾ ਅਨੇਕਾਂ ਗ਼ਲਤੀਆਂ ਕਰਣ ਵਾਲਾ, "ਚੂਕ ਹੋਇ ਕਬਿ ਲੇਹੁ ਸੁਧਾਰੀ ॥" ਲਿਖਣ ਵਾਲਾ ਭੁਲਣਹਾਰ ਕਵੀ ਹੀ ਪ੍ਰਗਟ ਹੁੰਦਾ ਹੈ। ਖੰਡਾ ਪ੍ਰਿਥਮੇ ਸਾਜਿ ਕੈ.. ਦੇ ਅਰਥ ਖਿਚ-ਧੂਹ ਕੇ "ਆਪੀਨੈ੍ ਆਪੁ ਸਾਜਿਓ ਆਪੀਨੈ ਰਚਿਓ ਨਾਓ ॥(ਵਾਰ ਆਸਾ, ਅੰਗ ੪੬੩)" ਕੀਤੇ ਹਨ । ਜ਼ਰਾ ਵਾਰ ਆਸਾ ਦੀ ਪੰਕਤੀ ਵੀਚਾਰੀਏ : ਪ੍ਰਿਥਮੇ ਅਕਾਲ ਪੁਰਖ ਨੇ ਆਪਣੀ ਸਾਜਨਾ ਕੀਤੀ ਤੇ ਆਪ ਹੀ ਨਾਮ ਦੀ ਰਚਨਾ ਕੀਤੀ । ਜ਼ਾਹਿਰ ਹੈ ਕਿ ਨਾਮ-ਰੂਪੀ-ਖੰਡਾ ਪ੍ਰਿਥਮੇ-ਸਾਜਿਆ ਮੰਨਣਾ ਇਉਂ ਗਲਤ ਹੋਵੇਗਾ ਜਿਵੇਂ ਕਿਸੇ ਬੱਚੇ ਦਾ ਨਾਂ ਉਸਦੇ ਜੰਮਣ ਤੋਂ ਪਹਿਲਾਂ ਹੀ ਰਖ ਦਿੱਤਾ ਜਾਵੇ । ਮੂਲ ਮੰਤਰ ਵਿਚ ਵੀ ੧ੴ ਪਹਿਲੋਂ ਲਿਖਿਆ ਅਤੇ ਉਸਦਾ ਨਾਮ "ਸਤਿਨਾਮੁ"

ਬਾਦ ਵਿਚ । ਤਾਂ ਤੇ ਭਾਈ ਰਣਧੀਰ ਸਿੰਘ ਜੀ ਦੀ ਸਾਰੀ ਵਿਆਖਿਆ ਗ਼ਲਤ ਸਿਧ ਹੋ ਗਈ । ਐਸੀ ਖਿਚ-ਧੂਹ ਵਾਲੀ ਵਿਆਖਿਆ ਭਾਈ ਰਣਧੀਰ ਸਿੰਘ ਜੀ ਨੇ ..ਤਉ ਕਿਉ ਮੁਰਗੀ ਮਾਰੈ ॥(ਅੰਗ ੧੩੫੦) ਸਬਦ ਦੀ ਕਰਕੇ ਮਾਸ ਦੇ ਮਸਲੇ ਤੇ ਉਲਝਾ ਦਿੱਤਾ ।ਫਿਰ "ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ ॥ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ ॥ ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ ॥੫੨॥(ਅੰਗ ੧੪੧੯), ਦੇ ਆਧਾਰ ਤੇ ਲਿਖੀ "ਸੱਚੀਆਂ ਦਾੜ੍ਹੀਆਂ" ਪੁਸਤਿਕਾ ਵਿਚ ਖੁੱਲੀ-ਦਾੜ੍ਹੀ ਬੰਨ੍ਹੀ-ਦਾੜ੍ਹੀ ਦਾ ਮਸਲਾ ਖੜਾ ਕੀਤਾ, ਜਦਕਿ ਇਸ ਸਬਦ ਦੀ ਗੁਰਮਤਿ-ਵਿਆਖਿਆ ਹੈ,

**ਸੇਈ ਸੁੰਦਰ ਸੋਹਣੇ ॥ਸਾਧਸੰਗਿ ਜਿਨ ਬੈਹਣੇ ॥(ਅੰਗ ੧੩੨)**

(ਸ) ਭਾਈ ਰਣਧੀਰ ਸਿੰਘ ਜੀ ਨੇ ਇਸ ਲੇਖ ਵਿਚ ਵਰਤੀ ਸ਼ਬਦਾਵਲੀ ਪੰਚ-ਖੰਡੀਆ , ਪਰਪੰਚ-ਖੰਡੀ, ਨਾਮ ਦੀ ਜੋਤਿ-ਖੜਗੇਸ਼ੀ-ਕਲਾ, ਸੁਰਬੀਰਤਾ ਮਈ ਭਗਉਤੀ (ਕਲਾ), ਨਾਮ ਖੜਗੇਸੀ ਭਗਉਤੀ (ਕਲਾ) ਕਿਹੜੇ ਕੋਸ਼ ਵਿਚੋਂ ਲਈ ਹੈ ? ਗੁਰੂ ਗ੍ਰੰਥ ਸਾਹਿਬ ਵਿਚ ਤਾਂ ਹੈ ਨਹੀ । ਆਪ ਜੀ ਦੀਆਂ ਲਿਖਤਾਂ ਵਿਚ "ਹਉਮੈ ਕੀ ਢੀਠਾਈ" ਦੀ ਬੜੀ ਗਹਰੀ ਛਾਪ ਹੈ ।
(ਹ) ਭਗਉਤੀ ਦੇ ਅਰਥ ਅਗਲੇ ਲੇਖਾਂ ਦੀ ਪੜਚੋਲ ਪੜ੍ਹ ਕੇ ਹੀ ਸਪਸ਼ਟ ਹੋਣਗੇ; ਇਥੇ ਭਾਈ ਜੀ ਖੁਦ ਭੰਬਲ ਭੂਸੇ ਪਏ ਹਨ ।

## ਤੀਜਾ ਲੇਖ (ਪੰਨਾ ੧੨) :- ਭਾਈ ਕ੍ਹਾਨ ਸਿੰਘ ਜੀ ਨਾਭਾ ਦੀ ਪੁਸਤਕ 'ਹਮ ਹਿੰਦੂ ਨਹੀ' ਵਿਚੋਂ :

ਪ੍ਰਿਥਮ ਭਗੌਤੀ ਸਿਮਰ ਕੈ ... ਲੇਖ ਵਿਚ ਸੁਖਮਨੀ ਸਾਹਿਬ ਦੀ ਪਦੀ "ਭਗਉਤੀ ਭਗਵੰਤ ਭਗਤ ਕਾ ਰੰਗ ॥..." ਭਗੌਤੀ ਅਤੇ ਭਗਵਤੀ ਪੁਲਿੰਗ ਹਨ ਜਾਂ ਇਸਤ੍ਰੀ-ਲਿੰਗ , ਵਾਧੂ ਤੇ ਬੇਲੋੜਾ ਪ੍ਰਸੰਗ ਲਿਖਿਆ ਹੈ ।ਇਥੇ ਪਦੀ ਦੇ ਅਰਥ ਵੀ ਨਹੀ ਸਮਝਾਏ । ਇਸ ਲੇਖ ਵਿਚੋਂ ਕੋਈ ਨਿਰਣਾਯਕ ਤੱਥ ਪ੍ਰਗਟ ਨਹੀ ਹੁੰਦਾ । ਭਗਉਤੀ ਦੇ ਅਰਥ ਮਹਾਨ ਕੋਸ਼ ਵਿਚ ਕ੍ਹਾਨ ਸਿੰਘ ਜੀ ਨੇ ਪ੍ਰਕਰਣ ਅਨੁਸਾਰ ਜੋ ਲਿਖੇ ਹਨ, ਇਥੇ ਨਹੀ ਲਿਖੇ ਪਰ ਅੱਗੇ ਸਤਵੇਂ ਲੇਖ ਵਿਚ ਪਾਠਕ ਧਿਆਨ ਨਾਲ ਪੜ੍ਹਨ ।

## ਚੌਥਾ ਲੇਖ (ਪੰਨਾ ੧੪) :- ਭਾਈ ਰਣਧੀਰ ਸਿੰਘ ਜੀ ਦਾ ਲੇਖ 'ਭਗਉਤੀ ਪਦ ਦਾ ਤੱਤ ਗੁਰਮਤਿ ਨਿਰਣਾ'

**(ੳ)**...'ਸ੍ਰੀ ਦਸਮੇਸ਼ ਜੀ ਨੇ ਅਕਾਲ ਪੁਰਖ ਜੀ ਨੂੰ ਅਨੇਕਾਂ ਖੰਡੇ-ਖੜਗੇਸ਼ੀ, ਤੇਜ ਪ੍ਰਤਾਪੀ, ਤੇਜੱਸਵੀ ਨਾਵਾਂ ਨਾਲ ਸੰਕੇਤ (?) ਕੀਤਾ ਹੈ। ਜੈਸਾ ਕਿ ;- ਅਸਿਧੁਜ ਜੀ, ਸ੍ਰੀ ਕਾਲ ਜੀ, ਖੜਗਕੇਤ ਜੀ, ਅਸਿਪਾਨ ਜੀ, ਖੜਗੇਸ਼ ਜੀ, ਮਹਾਂਕਾਲ ਜੀ ਆਦਿਕ..'
**ਪੜਚੋਲ :** ਪਰ ਅਕਾਲਪੁਰਖ ਦੇ ਇਹ ਨਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਨੌਵੇਂ ਨਾਨਕ ਤਕ ਕਿਸੇ ਗੁਰੂ-ਹਸਤੀ ਨੇ ਨਹੀ ਲਿਖੇ । ਰਾਮਕਲੀ ਮਹਲਾ ੫, ਅੰਗ ੮੮੫ ਤੇ ਅੰਕਤ ਹੈ: **ਰਾਮ ਨਾਮੁ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾਕਾਲੁ ॥**, ਅਰਥਾਤ "ਘਟਿ ਘਟਿ ਰਮਈਆ ਰਾਮੁ ਪਿਆਰਾ॥(ਮ:੧,ਅੰਗ ੧੦੨੮)" ਦੇ ਟਾਕਰੇ ਮਹਾਕਾਲ ਆਤਮਕ-ਵਿਨਾਸ਼ ਕਰਣ ਵਾਲੀ ਸ਼ੈਤਾਨੀ ਹਸਤੀ ਹੈ। ਭਾਈ ਰਣਧੀਰ ਸਿੰਘ ਜੀ ਨੇ ਅਖੋਤੀ ਦਸਮ ਗ੍ਰੰਥ ਦਾ ਪੰਨਾ **੧੨੧੦** ਪੜ੍ਹ ਕੇ ਵੀਚਾਰਿਆ ਨਹੀ ; ਲਿਖਿਆ ਹੈ **"ਮਹਾਕਾਲ ਕੋ ਸਿਖਯ ਕਰ ਮਦਿਰਾ ਭਾਂਗ ਪਿਵਾਇ॥" ਅਰਥਾਤ, ਮਹਾਕਾਲ ਦਾ ਸਿਖ ਭੰਗ ਤੇ ਸ਼ਰਾਬ ਪਿਲਾ ਕੇ ਬਣਾਇਆ** ਗਿਆ । ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਕਾਲ ਪੁਰਖ ਦਾ ਨਾਮ ਜਪਣ ਵਾਲਿਆਂ ਨੂੰ ਨਸ਼ੇ ਵਰਤਣੋਂ ਵਰਜਦੀ ਹੈ । ਪਰ ਇਹ **ਕੈਸਾ ਮਹਾਕਾਲ-ਰੂਪੀ-ਅਕਾਲਪੁਰਖ ਹੈ ਜਿਸਦਾ ਸਿਖ ਨਸ਼ੀਲੇ ਪਦਾਰਥ ਛਕਾ ਕੇ ਬਣਾਇਆ ਜਾਂਦਾ ਹੈ** । ਉਪਰ ਦੂਜੇ ਲੇਖ ਦੇ ਪੈਰਾ (ੲ) ਵਿਚ ਸਪਸ਼ਟ ਕੀਤਾ ਹੈ ਕਿ ਸਿਰਲੇਖ ਪਾਤਸ਼ਾਹੀ ੧੦ ਲਿਖ ਕੇ ਭੋਲੇ-ਭਾਲੇ ਸ਼ਰਧਾਲੂ ਗੁਰਸਿਖਾਂ ਨਾਲ ਧੋਖਾ-ਧੜੀ ਕੀਤੀ ਗਈ ਹੈ ; ਦਸਮੇਸ਼ ਜੀ ਦੀ ਰਚਨਾ ਨਹੀ ।
ਕਹੇ-ਜਾਂਦੇ ਦਸਮ ਗ੍ਰੰਥ ਵਿਚ ਦਰਜ ਆਖਰੀ ਚਰਿਤ੍ਰੋ-ਪਾਖਯਾਨ ਦਾ ਅੰਸ਼, **ਚੌਪਈ "ਹਮਰੀ ਕਰੋ ਹਾਥ ਦੈ ਰਛਾ"** ਦੀ ਪੜਚੋਲ ਸਿਧ ਕਰਦੀ ਹੈ ਕਿ ਮਹਾਕਾਲ, ਅਸਿਧੁਜ, ਕਾਲ ਜੀ, ਅਸਿਪਾਨ, ਖੜਗਕੇਤ.. **ਸ਼ਰੀਰਧਾਰੀ** ਹੈ ਕਿਉਂਕਿ ਮਹਾਕਾਲ ਰਥ ਤੇ ਚੜ ਕੇ ਤੀਰ ਕਮਾਨ ਚਲਾਉਂਦਾ ਹੋਇਆ ਜੰਗ ਲੜਦਾ ਹੈ, ਪਸੀਨਾ ਪੂੰਝ ਕੇ ਧਰਤੀ ਤੇ ਸੁਟਦਾ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਦਾ ਅਤੇ ਗੁਰਸਿਖਾਂ ਦਾ ਇਸ਼ਟ ਸ਼ਰੀਰਧਾਰੀ ਹੋ ਸਕਦਾ ਹੈ ? "ਮਨਿ ਅੰਧਾ ਨਾਉ ਸੁਜਾਣ ॥" ਵਾਲੀ ਬਿਰਤੀ ਹੈ ਭਾਈ ਰਣਧੀਰ ਸਿੰਘ ਜੀ ਦੀ ਅਤੇ ਇਹਨਾਂ ਦੀਆਂ ਲਿਖਤਾਂ ਨੂੰ ਬਿਨਾ ਵੀਚਾਰੇ ਸਚ ਮੰਨਣ ਵਾਲਿਆਂ ਦੀ ਬਿਰਤੀ ਹੈ, "ਝੂਠਾ ਜੋ ਨ ਬੀਚਾਰੈ ॥"
**(ਅ)**......ਦੁਰਗਾ ਨੂੰ ਮਹਿਜ ਇਕ ਤ੍ਰੀਮਤ ਮਤ ਖਿਆਲ ਕਰੋ, ਦੇਵੀ ਮਤ ਖਿਆਲ ਕਰੋ ......
**ਪੜਚੋਲ :** ਡਾ: ਹਿਰਦੇਜੀਤ ਸਿੰਘ ਜੀ ਉਪਰ ਲਿਖੇ ਪਹਿਲੇ ਲੇਖ ਵਿਚ ਮੰਨ ਰਹੇ ਹਨ ਕਿ ਚੰਡੀ ਦੀਆ ਵਾਰਾਂ ਮਾਰਕੰਡੇਯ ਪੁਰਾਣ ਦਾ ਅਨੁਵਾਦ ਹਨ ਤਾਂ ਦੁਰਗਾ ਨੂੰ ਮਾਰਕੰਡੇਯ ਪੁਰਾਣ ਵਾਲੀ ਦੇਵੀ ਦੁਰਗਾ, ਚੰਡੀ, ਭਗਉਤੀ, ਕਾਲਕਾ, ਕਾਲ, ਮਹਾਕਾਲੀ ਆਦਿਕ ਕਿਵੇਂ ਨ ਖਿਆਲ ਕਰੀਏ ? **ਇਹ ਆਪਾ-ਵਿਰੋਧੀ ਲਿਖਤਾਂ ਇਹਨਾਂ ਲਿਖਾਰੀਆਂ ਨੂੰ ਭਰਮਾਂ ਵਿਚ ਫਸੇ ਮਤਿ-ਹੀਣ ਸਿਧ ਕਰਦੀਆਂ ਹਨ** ।
**(ੲ) "ਮਹਾਕਾਲ ਕਾਲਕਾ ਅਰਾਧੀ ॥"** ਦੇ ਅਰਥ ਮਹਾਕਾਲ ਵੀ ਅਕਾਲ-ਪੁਰਖ ਅਤੇ ਕਾਲਕਾ ਵੀ ਅਕਾਲ-ਪੁਰਖ ਭਾਈ ਰਣਧੀਰ ਸਿੰਘ ਜੀ ਨੇ ਬਿਲਕੁਲ ਗ਼ਲਤ ਕੀਤੇ ਹਨ ਕਿਉਂਕਿ ਕ੍ਰਿਯਾ **'ਅਰਾਧੀ' ਇਸਤ੍ਰੀ-ਲਿੰਗ ਵਾਚਕ ਹੈ । ਸਹੀ ਅਰਥ ਹਨ, ਮਹਾਕਾਲ ਦੀ ਪਤਨੀ ਕਾਲਕਾ ਦੇਵੀ ਅਰਾਧੀ** । ਕਿਸਨੇ ਦੇਵੀ ਕਾਲਕਾ ਅਰਾਧੀ ਤੇ ਕਦੋਂ ਅਰਾਧੀ ? ਭਾਈ ਰਣਧੀਰ ਸਿੰਘ ਜੀ ਨੇ ਵੀਚਾਰਿਆ ਹੀ ਨਹੀ । **ਬਚਿਤ੍ਰ ਨਾਟਕ ਗ੍ਰੰਥ ਦੇ ਪੰਨਾ ੭੩ ਉਤੇ ਲਿਖਿਆ ਇਸ਼ਟ ਦਾ ਸਰੂਪ "ਸਰਬਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ ॥"** ਜੋ ਕਿ ਭਾਈ ਰਣਧੀਰ ਸਿੰਘ ਜੀ ਨੇ ਕਿਸੇ ਲੇਖ ਵਿਚ ਲਿਖਿਆ ਹੀ ਨਹੀ , ਵੀਚਾਰਦੇ ਕਿਵੇਂ ? ਗ੍ਰੰਥ ਵਿਚ **ਕਾਲਕਾ ਦਾ ਪਤੀ ਸਰਬਕਾਲ ਉਰਫ਼ ਮਹਾਕਾਲ ਲਿਖਿਆ ਹੈ ਅਤੇ ਮਹਾਕਾਲ ਦਾ ਸਿਖ ਭੰਗ-ਸ਼ਰਾਬ ਪੀਂਦਾਹੈ।ਇਸ ਤਰ੍ਹਾਂ ਸਿਧ ਹੁੰਦਾ ਹੈ ਕਿ ਮਹਾਕਾਲ ੧ੴ ਅਕਾਲ-ਪੁਰਖ ਨਹੀ।ਜੇ ਕੋਈ "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥**

(ਮਾਝ ਮ: ੫, ੧੦੩)"ਗੁਰਸ਼ਬਦ ਵਿਚ ਤੂੰ ਦਾ ਅਰਥ ਮਹਾਕਾਲ ਜਾਂ ਕਾਲਕਾ ਆਖੇ ਤਾਂ ਉਸ ਵਰਗਾ ਅਗਿਆਨੀ ਕੋਈ ਨਹੀ। ਹਜ਼ਾਰਾਂ ਸਾਲ ਪਹਿਲੋਂ ਹੋ ਚੁਕੇ ਕਿਸੇ ਤਪਸਵੀ ਦੀ ਮਨਘੜਤ ਕਥਾ, **ਕਬਿ ਸਯਾਮ ਦੀ ਲਿਖੀ** "ਅਬ ਮੈ ਅਪਨੀ ਕਥਾ ਬਖਾਨੋ ॥ ... ਮਹਾਕਾਲ ਕਾਲਕਾ ਅਰਾਧੀ ॥..." ਵਿਚ ਲਿਖੇ ਮੈ ਅੱਖਰ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਕਿਵੇਂ ਜੋੜ ਸਕਦੇ ਹਾਂ ਜਦਕਿ **ਪੰਨਾ ੧੫੫ (ਬਰਨਤ ਸਯਾਮ ਜਥਾ ਮਤ ਭਾਈ॥)** ਅਤੇ ੬੬੯ ਪੰਨਿਆਂ ਤੇ **ਪਾ:੧੦ ਸਪਸ਼ਟ ਤੌਰ ਤੇ ਕਬਿ ਸਯਾਮ ਬਣੀ ਬੈਠਾ ਹੈ**

**(ਸ)** ਸ਼ਿਵਾ , ਜਗਮਾਇ ਦੇ ਅਰਥ ਵੀ ਭਾਈ ਰਣਧੀਰ ਸਿੰਘ ਜੀ ਨੇ ਗ਼ਲਤ ਕੀਤੇ ਹਨ ਕਿਉਂਕਿ ਉਹਨਾਂ ਨੇ ਬਚਿਤ੍ਰ ਨਾਟਕ ਗ੍ਰੰਥ ਦੀਆਂ ਹੇਠ ਲਿਖੀਆਂ ਪੰਕਤੀਆਂ ਦਾ ਮੂਲ ਤੇ ਪਿਛੋਕੜ (ਇਸ਼ਟ,ਦਸਮ ਸਕੰਧ,ਕ੍ਰਿਸਨਾਵਤਾਰ)ਧਿਆਨ ਨਾਲ ਵੀਚਾਰਿਆ ਨਹੀ।

**#ਦੇਵੀ ਜੂ ਕੀ ਉਸਤਤ ਕਥਨੰ ॥(ਪੰਨਾ ੩੦੯)..ਤੁਹੀ ਸੁੰਭ ਨੈਸੁੰਭ ਹੰਤੀ ਭਵਾਨੀ ॥..**ਸਿਵਾ ਸੀਤਲਾ ਮੰਗਲਾ ਤੋਤਲਾ ਹੈ ॥੪੨੬॥ ...॥ਚੌਪਈ॥ ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥...॥ **ਲਿਵ ਲਾਗੀ ਮੋਰੀ ਪਗ ਇਨ ਸੋ** ॥੪੩੪॥ **ਮਹਾਕਾਲ** ਰਖਵਾਰ ਹਮਾਰੋ ॥ **ਮਹਾਲੋਹ** ਮੈ ਕਿੰਕਰ ਥਾਰੋ ॥ ਅਪਨਾ ਜਾਨ ਕਰੋ ਰਖਵਾਰ ॥ਬਾਹ ਗਹੇ ਕੀ ਲਾਜ ਬਿਚਾਰ ॥੪੩੫॥... ਪ੍ਰਥਮ ਧਰੋ **ਭਗਵਤ (ਦੇਵੀ)** ਕੋ ਧਯਾਨਾ ॥ ਬਹੁਰ ਕਰੋ ਕਬਿਤਾ ਬਿਧਿ ਨਾਨਾ ॥ ਕਿਸਨ ਜਥਾ ਮਤ ਚਰਿਤ੍ਰ ਉਚਾਰੋ ॥ **ਚੂਕ ਹੋਇ ਕਬਿ ਲੇਹੁ ਸੁਧਾਰੋ** ॥੪੪੦॥ ਅਰਥਾਤ, ਸ਼ਿਵ-ਸ਼ਿਵਾ(ਪਾਰਵਤੀ) ਦੇ ਅਰਧ-ਨਾਰੀਸਵਰ ਸਰੂਪ (ਸੱਜਾ = ਮਹਾਕਾਲ , ਖੱਬਾ ਅਰਥਾਤ ਵਾਮ = ਕਾਲਕਾ) ਦਾ ਧਿਆਨ ਕਰਦਿਆਂ **ਭੁਲਣਹਾਰ ਵਾਮ-ਮਾਰਗੀ ਕਬਿ ਸਯਾਮ** ਆਪਣੇ ਇਸ਼ਟ ਲਈ **ਦੇਵੀ ਦੁਰਗਾ, ਭਵਾਨੀ ਸ਼ਿਵਾ, ਸੀਤਲਾ, ਮਹਾਕਾਲ, ਮਹਾਲੋਹ, ਭਗਵਤੀ ਨਾਂ ਲਿਖਦਾ ਹੈ ਜੋ ਕਿ ਅਕਾਲਪੁਰਖ ਲਖਾਇਕ ਨਹੀ ਹਨ ।**

# ਹੇ ਰਵਿ ਹੇ ਸਸਿ ਹੇ ਕਰੁਨਾ ਨਿਧਿ ਮੇਰੀ..॥..ਸੰਤ ਸਹਾਇ ਸਦਾ **ਜਗਮਾਇ** ਕ੍ਰਿਪਾ ਕਰ **ਸਯਾਮ** ਇਹੈ ਬਰੁ ਦੀਜੈ ॥ਪੰ:੪੯੫

**# ਅਉਰ ਕਹੈ ਕਬਿ ਸਯਾਮ 'ਸ਼ਿਵਾ' ਸੁ 'ਜਗਮਾਇ' ਸਹੀ ਠਹਰਾਈ ॥੨੦੬੧॥(ਪੰਨਾ ੫੧੫)**

ਸਪਸ਼ਟ ਹੈ ਕਿ ਭਗਉਤੀ, ਭਗਵਤੀ, ਚੰਡੀ ,ਸ਼ਿਵਾ, ਸੀਤਲਾ, ਜਗਮਾਇ (ਜਗਦੰਬਾ, ਜਗਤਮਾਤਾ), ਕਾਲਕਾ, ਕਾਲ ਆਦਿਕ ਇਕੋ ਦੇਵੀ ਦੇ ਨਾਮ ਹਨ ਜੈਸਾ ਕਿ ਮਾਰਕੰਡੇਯ ਪੁਰਾਣ ਵਿਚ ਲਿਖਿਆ ਹੈ ਅਤੇ ਸਯਾਮ ਕਵਿ ਨੇ ਅਨੁਵਾਦ ਕੀਤਾ ਹੈ ।

**ਪੰਜਵਾਂ ਲੇਖ (ਪੰਨਾ ੨੦) :- ਮਹਾਕਾਲ ਕਾਲਕਾ ਅਰਾਧੀ ; ਲਿਖਤ ਭਾਈ ਕ੍ਹਾਨ ਸਿੰਘ ਜੀ ਨਾਭਾ :-**

ਇਸ ਪਰਥਾਂਇ ਉਪਰ ਚੌਥੇ ਲੇਖ ਦੇ (ੲ) ਪੈਰੇ ਵਿਚ ਵਿਚਾਰ ਕਰ ਚੁਕੇ ਹਾਂ। ਗੁਰੂ ਗੋਬਿੰਦ ਸਿੰਘ ਜੀ ਨੇ ੩੩ ਸਾਲ (ਈ:੧੬੭੫ -੧੭੦੮, ਨਾਨਕਸ਼ਾਹੀ ੨੦੬-੨੩੯) ਗੁਰਗੱਦੀ ਤੇ ਬਿਰਾਜਮਾਨ ਰਹੇ ; ਇਸ ਦੌਰਾਨ ਕਦੇ ਹੇਮਕੁੰਟ ਪਰਬਤ ਤੇ ਗਏ ਹੀ ਨਹੀਂ "ਅਬ ਮੈ (?) ਅਪਨੀ ਕਥਾ ਬਖਾਨੋ ॥... ਹੇਮਕੁੰਟ ਪਰਬਤ ਹੈ ਜਹਾ ॥...ਤਹ ਹਮ (?) ਅਧਿਕ ਤਪਸਯਾ ਸਾਧੀ॥ ਮਹਾਕਾਲ ਕਾਲਕਾ ਅਰਾਧੀ ॥.."(ਬਚਿਤ੍ਰ ਨਾਟਕ ਗ੍ਰੰਥ) ਵਿਚ ਮੈ ਅਤੇ ਹਮ ਅੱਖਰ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਨ ਵਾਲੇ ਗੁਰੂ-ਨਿੰਦਕ ਹੀ ਹਨ ਕਿਉਂਕਿ ਗੁਰੂ ਸਾਹਿਬ ਜੀ ਨੇ ਕਦੇ ਕੋਈ ਦੇਵੀ-ਦੇਵਤਾ ਨਹੀ ਪੂਜਿਆ। ਇਹ ਗ੍ਰੰਥ ਦੇਵੀ-ਪੂਜਕਾਂ ਦੀ ਰਚਨਾ ਹੈ।

**ਛੇਵਾਂ ਲੇਖ ( ਪੰਨਾ ੨੩ ) :- ਭਗੌਤੀ ਕੀ ਵਾਰ (ਲਿਖਤ ਭਾਈ ਕ੍ਹਾਨ ਸਿੰਘ ਜੀ ਨਾਭਾ ) ਭਾਵ, ਦੇਵੀ ਕੀ ਵਾਰ, ਪੌੜੀ ਛੰਦਾਂ ਵਿਚ ਰਚੀ ਹੋਈ ਯੁਧ-ਕਥਾ । ਦੇਵੀ ਦੇ ਯੁੱਧ ਦੀ ਕਥਾ ।**

(ੳ)ਭਾਈ ਕਾਨ੍ਹ ਸਿੰਘ ਲਿਖਦੇ ਹਨ ...ਕਈ ਅਗਿਆਨੀ "ਇਤਿ ਸ੍ਰੀ ਮਾਰਕੰਡੇਯ ਪੁਰਾਣੇ"... "ਸਤਿ ਸੈ ਕੀ ਕਥਾ ਯਹਿ ਪੂਰੀ ਭਈ ਹੈ ॥" ... "ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥" ਆਦਿਕ ਪੜ੍ਹ ਕੇ ਭੀ ਦੇਵੀ ਦੀ ਕਥਾ ਨੂੰ ਗੁਰੂ ਸਾਹਿਬ ਵਲੋਂ ਸਮਝਦੇ ਹਨ ।**(ਅਰਥਾਤ, ਇਸ ਵਾਰ ਨੂੰ ਗੁਰੂ ਸਾਹਿਬ ਦੀ ਰਚਿਤ ਸਮਝਣ ਵਾਲੇ ਅਗਿਆਨੀ ਹਨ ,ਬਿਲਕੁਲ ਠੀਕ ਹੈ ਜੀ ।)**

(ਅ) ...ਚੰਡੀ ਚਰਿਤ੍ਰ ਅਤੇ ਵਾਰ ਵਿਚ, " ਜਾਹਿ ਨਮਿਤ ਪੜੈ ਸੁਨਹੈ ਨਰ ਸੋ ਨਿਸਚੈ ਕਰਿ ਤਾਰਿ ਦਈ ਹੈ ॥ ਅਤੇ "ਫੇਰ ਨ ਜੂਨੀ ਆਇਆ ਜਿਨ ਇਹ ਗਾਇਆ ॥" ਆਦਿਕ ਪਾਠ ਦੇਖ ਕੇ ਅਗਯਾਨੀ ਆਖਿਆ ਕਰਦੇ ਹਨ ਕਿ ਗੁਰੂ ਸਾਹਿਬ ਨੇ "ਦੁਰਗਾ ਪਾਠ" ਦਾ ਅਜਿਹਾ ਮਹਾਤਮ ਦਸਿਆ ਹੈ । **ਪਰ ਓਹ ਇਹ ਨਹੀ ਜਾਣਦੇ ਕਿ ਇਹ ਮੂਲ ਦਾ ਉਲੱਥਾ ਹੈ, ਗੁਰੂ ਸਾਹਿਬਾਂ ਵਲੋਂ ਨਹੀ ਹੈ । ( ਬਿਲਕੁਲ ਠੀਕ ਹੈ ਜੀ , ਮੂਲ ਦਾ ਉਲੱਥਾ ਹੀ ਹੈ ਅਤੇ ਗੁਰੂ-ਰਚਿਤ ਨਹੀ ।)**

(ੲ) ਭਾਈ ਕ੍ਹਾਨ ਸਿੰਘ ਜੀ ਅੱਗੇ ਲਿਖਦੇ ਹਨ - ਕਦੇ ਇਹ ਹੋ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਇਸ ਬਚਨ ਦੇ ਵਿਰੁਧ

**ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥(ਅੰਗ ੮੭੪)**

ਗੁਰੂ ਸਾਹਿਬ ਦੇਵੀ ਦੇ ਮਹਾਤਮ ਵਿਚ ਇਹ ਲਿਖਦੇ ਕਿ -

ਫੇਰ ਨ ਜੂਨੀ ਆਇਆ ਜਿਨ ਇਹ ਗਾਇਆ ॥੫੫॥ (ਅਰਥਾਤ ਗੁਰੂ ਸਾਹਿਬ ਐਸਾ ਕਦੇ ਨਹੀ ਲਿਖ ਸਕਦੇ)

**ਜੋ ਦੇਵੀ ਮੁਕਤੀ ਦੇਣੋ ਆਪ ਅਸਮਰਥ ਹੈ, ਉਸਦੀ ਕਥਾ ਕਿਸ ਤਰ੍ਹਾਂ ਮੁਕਤੀ ਦੇ ਸਕਦੀ ਹੈ ?**

**ਸ਼ਹਿਬਾਜ਼ ਖ਼ਾਲਸਾ ਜੀ ! ਅਖੰਡ ਕੀਰਤਨੀਓ ! ਹੁਣ ਕਰ ਲਉ ਆਪਣਾ ਭਰਮ ਦੂਰ । ਭਗੌਤੀ / ਦੇਵੀ ਦੁਰਗਾ ਕੀ ਵਾਰ ਗੁਰੂ ਰਚਿਤ ਨਹੀ । ਚੰਡੀ ਦੀ ਵਾਰ (ਅਤੇ ਅਕਾਲ ਉਸਤਤਿ ਕਹੀ ਜਾਂਦੀ ਰਚਨਾ) ਦਾ ਪਾਠ ਕਰਣ ਵਾਲੇ ਵਾਹਿਗੁਰੂ ਦਾ ਨਾਮ ਜਪਣ ਦੀ ਥਾਂ ਉਸਦੀ ਨੌਕਰਾਣੀ ਦੁਰਗਾ ਦਾ ਨਾਮ ਜਪਦੇ ਹਨ :-**

**ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ ਪੋਖਰ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥ (ਅੰਗ ੨੨੯)**

**ਸ਼ਹਿਬਾਜ਼ ਖ਼ਾਲਸਾ (ਬ੍ਰਾਹਮਣ ਮਤੀਆਂ) ਨੇ ਜ਼ਫਰਨਾਮਹ ਬਾਰੇ ਵੀ ਬਹੁਤ ਭੁਲੇਖਾ-ਪਾਊ ਲਿਖਤ ਲਿਖੀ ਹੈ ।**

**ਸਤਵਾਂ ਲੇਖ ( ਪੰਨਾ ੨੫ ) :- ਪ੍ਰਿਥਮ ਭਗਉਤੀ ਸਿਮਰ ਕੈ ... (ਲਿਖਤ ਡਾ: ਜਸਵੰਤ ਸਿੰਘ ਨੇਕੀ ) :**
ਉਪਰ ਛੇਂਵੇਂ ਲੇਖ ਵਿਚ "ਭਗੌਤੀ ਕੀ ਵਾਰ" ਦਾ ਨਿਰਣਾ ਭਾਈ ਕ੍ਹਾਨ ਸਿੰਘ ਜੀ ਨੇ ਕਰ ਦਿੱਤਾ ਹੈ। ਸ਼ਾਇਦ ਡਾ: ਨੇਕੀ ਨੇ ਅਤੇ ਹੋਰ ਕਈ ਲਿਖਾਰੀਆਂ ਨੇ **ਭਗਉਤੀ ਪਦ ਦੇ ਹੇਠ ਲਿਖੇ ਅਰਥ ਮਹਾਨ ਕੋਸ਼ (ਭਾਈ ਕ੍ਹਾਨ ਸਿੰਘ)** ਵਿਚੋਂ ਨਹੀ ਪੜ੍ਹੇ :
**ਭਗਉਤੀ : ੧. ਭਗਵਤ ਭਕਤ, ਕਰਤਾਰ ਦਾ ਉਪਾਸਕ. "ਸੋ ਭਗਉਤੀ ਜੁੋ ਭਗਵੰਤੈ ਜਾਣੈ ॥ ਗੁਰਪਰਸਾਦੀ ਆਪੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥ ਜੀਵਤੁ ਮਰੈ ਹਰਿਨਾਮੁ ਵਖਾਣੈ ॥ ਐਸਾ ਭਗਉਤੀ ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ॥" (ਮ :੩, ਵਾਰ ਸਿਰੀ ਰਾਗ,ਅੰਗ ੮੮); ਸਾਧਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥(ਸੁਖਮਨੀ ,ਮ:੫,ਅੰਗ ੨੭੪)॥ ੨. ਭਗਵਤ ਦੀ , "ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥(ਪ੍ਰਭਾਤੀ ਅ:ਮ:੫), ਪਰਮੇਸ਼ਵਰ ਦੇ ਭੇਖ ਦੀ ਮੁਦ੍ਰਾ ਹੈ ਪਰ ਮਨ ਮਾਇਆ ਮੋਹਿਆ . ੩. ਭਗਵਤੀ , ਦੁਰਗਾ ਦੇਵੀ "ਵਾਰ ਸ੍ਰੀ ਭਗਉਤੀ ਜੀ ਕੀ" (ਚੰਡੀ ੩). ੪.ਖੜਗ, ਸ੍ਰੀ ਸਾਹਿਬ , ਤਲਵਾਰ "ਲਈ ਭਗਉਤੀ ਦੁਰਗਸਾਹ"(ਚੰਡੀ ੩) "ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥ" (ਸਨਾਮਾ), "ਨਾਉ ਭਗਉਤੀ ਲੋਹ ਘੜਾਇਆ (ਭਾਗੁ) ੫. ਮਹਾਕਾਲ "ਪ੍ਰਿਥਮ ਭਗਉਤੀ ਸਿਮਰ ਕੈ"(ਚੰਡੀ ੩). ੬.ਇਕ ਛੰਦ, ਕਈ ਥਾਂਈ ਸ੍ਰੀ ਭਗਵਤੀ ਭੀ ਇਸ ਛੰਦ ਦਾ ਨਾਮ ਹੈ।**
**ਸਪਸ਼ਟ ਹੈ ਕਿ ਵਾਰ ਸ੍ਰੀ ਭਗਉਤੀ ਜੀ / ਵਾਰ ਦੁਰਗਾ ਕੀ (ਚੰਡੀ ੩)** ਵਿਚ ਲਿਖੀ ਅਰਦਾਸ ਮਹਾਕਾਲ (ਜਿਸਦਾ ਸਿਖ ਬਣਨ ਲਈ ਭੰਗ-ਸ਼ਰਾਬ ਪੀਣੀ ਪੈਂਦੀ ਹੈ) ਅਤੇ ਦੁਰਗਾ ਦੇਵੀ (ਜੋ ਮੁਕਤੀ ਨਹੀ ਦੇ ਸਕਦੀ) ਅੱਗੇ ਕੀਤੀ ਜਾ ਰਹੀ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ " ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰੁ ॥(ਅੰਗ ੫੧੯) ਦੇ ਉਲਟ ਹੈ।

